INTERNATIONAL MAGAZINE
RNI No. 61816/95

Postal Regd. No. CHD/0081/2024-26

Date of Publishing : 22.07.2026
Page No. from 1 to 60
Date of posting
Last Date of Every Month
Posted by MBU

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਗਸਤ 2026



## ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ
## ਮਾਤ ਲੋਕ ਯਾਤਰਾ
## (5 ਅਗਸਤ 1905 ਤੋਂ 26 ਅਗਸਤ 1975)

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

# ਲੰਗਰ ਚਲੈ ਗੁਰ ਸ਼ਬਦਿ ਹਰਿ ਤੋਟਿ ਨ ਆਵੀ ਖਟੀਐ॥

## - ਗੁਰਸ਼ਬਦ ਲੰਗਰ 'ਆਤਮ ਮਾਰਗ' -



ਸੰਸਾਰ ਸੁ ਪ੍ਰਸਿੱਧ ਅਸਥਾਨ ਧੰਨ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਚਰਨ ਛੋਹ ਪ੍ਰਾਪਤ ਅਸਥਾਨ ਸ੍ਰੀ ਨਾਢਾ ਸਾਹਿਬ ਵਿਖੇ ਗੁਰਸ਼ਬਦ ਲੰਗਰ ਆਤਮ ਮਾਰਗ ਦੇ ਸਟਾਲ ਸਜਾਏ ਗਏ। ਜਿਸ ਵਿੱਚ 120 ਆਤਮ ਮਾਰਗ ਦੇ ਨਵੇਂ ਮੈਂਬਰ ਬਣੇ। 10000 ਆਤਮ ਮਾਰਗ ਮੈਗਜੀਨ ਸੰਗਤਾਂ ਵਿੱਚ ਫਰੀ ਵਰਤਾਇਆ ਗਿਆ। ਇਸ ਮੌਕੇ ਐਸ.ਜੀ.ਪੀ.ਸੀ. ਮੈਂਬਰ ਹਰਿਆਣਾ ਭਾਈ ਸਵਰਨ ਸਿੰਘ ਜੀ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਬਿੱਲਾ ਕਾਰ ਸੇਵਾ ਦਿੱਲੀ ਵਾਲਿਆਂ ਆਤਮ ਮਾਰਗ ਸੇਵਦਾਰਾਂ ਨੂੰ ਸਿਰੋਪਿਆਂ ਨਾਲ ਨਿਵਾਜਿਆ ਗਿਆ।



ਰਤਵਾੜਾ ਸਾਹਿਬ 17-18 ਜੂਨ ਦੇ ਸਮਾਗਮ ਸਮੇਂ 'ਆਤਮ ਮਾਰਗ' ਗੁਰਸ਼ਬਦ ਲੰਗਰ ਦ੍ਰਿਸ਼। ਜਿਸ ਵਿੱਚ 2100 ਨਵੇਂ ਮੈਂਬਰ ਅਤੇ ਆਤਮ ਮਾਰਗ ਦੀ ਰਿਨੀਊਵਲ ਹੋਈ।






ਮਿਤੀ 12.07.2026 ਨੂੰ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਪਾ: ਅੱਠਵੀਂ ਜਿਲ੍ਹਾ ਅੰਬਾਲਾ (ਹਰਿਆਣਾ) ਵਿਖੇ ਰਤਵਾੜਾ ਸਾਹਿਬ ਸੇਵਾਦਾਰਾਂ ਵੱਲੋਂ ਗੁਰਸ਼ਬਦ ਲੰਗਰ ਆਤਮ ਮਾਰਗ ਦੇ ਸਟਾਲ ਸਜਾਏ ਗਏ ਇਸ ਸਮੇਂ ਤੇ 211 ਨਵੇਂ ਆਤਮ ਮਾਰਗ ਦੇ ਮੈਂਬਰ ਬਣੇ ਅਤੇ 12000 ਆਤਮ ਮਾਰਗ ਮੈਗਜੀਨ ਸੰਗਤਾਂ ਵਿੱਚ ਫਰੀ ਵਰਤਾਇਆ ਗਿਆ। ਇਸ ਮੌਕੇ ਤੇ ਐਸ.ਜੀ.ਪੀ.ਸੀ. ਮੈਂਬਰ ਭਾਈ ਰੁਪਿੰਦਰ ਸਿੰਘ ਜੀ, ਮੈਨੇਜਰ ਭਾਈ ਕੁਲਦੀਪ ਸਿੰਘ ਜੀ ਅਤੇ ਭਾਈ ਹਰਨੇਕ ਸਿੰਘ ਜੀ ਪਹੁੰਚੇ ਅਤੇ ਆਉਣ ਵਾਲੇ ਸਮੇਂ ਲਈ ਆਤਮ ਮਾਰਗ ਸਟਾਲ ਲਗਾਉਣ ਦੀ ਪ੍ਰੇਰਨਾ ਕੀਤੀ।



ਮਿਤੀ 28 ਜੂਨ 2026 ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਸ਼ਬਦ ਲੰਗਰ 'ਆਤਮ ਮਾਰਗ' ਦੇ ਸਟਾਲ ਰਤਵਾੜਾ ਸਾਹਿਬ ਨਿਸ਼ਕਾਮ ਸੇਵਾਦਾਰਾਂ ਵੱਲੋਂ ਸਜਾਏ ਗਏ। ਜਿਸ 150 ਆਤਮ ਮਾਰਗ ਦੇ ਨਵੇਂ ਮੈਂਬਰ ਬਣੇ ਅਤੇ 15000 ਆਤਮ ਮਾਰਗ ਮੈਗਜੀਨ ਸੰਗਤਾਂ ਵਿੱਚ ਫਰੀ ਵੰਡਿਆ ਗਿਆ। ਇਸ ਮੌਕੇ ਤੇ ਸ੍ਰੀ ਮਾਨ ਸੰਤ ਬਾਬਾ ਸਤਨਾਮ ਸਿੰਘ ਜੀ ਮੁੱਖ ਸੇਵਾਦਾਰ ਕਿਲ੍ਹਾ ਅਨੰਦ ਗੜ੍ਹ ਅਤੇ ਮੈਨੇਜਰ ਸਮੂੰਹ ਸਟਾਫ ਤਖਤ ਸ੍ਰੀ ਕੇਸਗੜ੍ਹ ਸਾਹਿਬ ਗੁਰਸ਼ਬਦ ਲੰਗਰ ਆਤਮ ਮਾਰਗ ਸਟਾਲ ਤਸਵੀਰ ਵਿੱਚ ਦਿਖਾਈ ਦੇ ਰਹੇ ਹਨ।



ਅਕਾਲ ਤਖਤ ਸ੍ਰੀ ਹਰੀਮੰਦਰ ਸਾਹਿਬ (ਅੰਮ੍ਰਿਤਸਰ ਸਾਹਿਬ) ਵਿਖੇ ਮਿਤੀ 5.07.2026 ਨੂੰ ਗੁਰਸ਼ਬਦ ਲੰਗਰ 'ਆਤਮ ਮਾਰਗ ਸਟਾਲ ਸਜਾਏ ਗਏ। ਜਿਸ ਵਿੱਚ 110 ਨਵੀਂ ਮੈਂਬਰ ਬਣੇ 20000 ਆਤਮ ਮਾਰਗ ਸੰਗਤਾਂ ਵਿੱਚ ਫਰੀ ਵੰਡਿਆ ਗਿਆ।



ਆਸਟ੍ਰੇਲੀਆ ਰੂਹਾਨੀ ਪ੍ਰਚਾਰ ਫੇਰੀ 2026 ਸਮੇਂ ਗੁਰਦੁਆਰਾ ਸਾਹਿਬਾਨਾਂ ਸੰਤ ਬਾਬਾ ਹਰਪਾਲ ਸਿੰਘ ਜੀ ਦੇ ਕੀਰਤਨ ਸਮੇਂ - ਬੀਬੀ ਅਰਸ਼ਪ੍ਰੀਤ ਕੌਰ ਅਤੇ ਭਾਈ ਫਤਹਿ ਸਿੰਘ ਜੀ ਵੱਲੋਂ ਆਤਮ ਮਾਰਗ ਗੁਰਸ਼ਬਦ ਲੰਗਰ ਦੇ ਸਟਾਲ ਸਜਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਸੈਂਕੜੇ ਮੈਂਬਰ ਆਤਮ ਮਾਰਗ ਦੇ ਬਣ ਰਹੇ ਹਨ।

# ਆਤਮ ਮਾਰਗ

ਸਾਲ-ਬੱਤੀਵਾਂ, ਮਹੀਨਾ-ਅਗਸਤ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ. (ਡਾ.) ਸੁਖਵਿੰਦਰ ਸਿੰਘ ਜੀ


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 94172-14391, 94172-14379, 84378-12900

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-
For Atam Marg Email : atammarg1@yahoo.co.in,
Website & Live video -
https:gurdwaraisherprakashratwarasahib.com
www.ratwarasahib.org, www.ratwarasahib.com
www.vgrmct.org
Apps: RATWARASAHIB TV, (for both apple & andriod)
(Availeble 24 Hours)

Live Programme & Cable Tv Network
98728-14385, 94172-14385, 98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**94172-14378, 94172-14384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ — 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) — 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ — 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) — 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: — 95922-12900
6. ਬੀ.ਐਡ. ਕਾਲਜ (ਪ੍ਰਿੰਸੀਪਲ) — 78888-40565
7. ਨਰਸਿੰਗ ਸਕੂਲ (ਪ੍ਰਿੰਸੀਪਲ) — 79862-35675
8. ਬਿਰਧ ਆਸ਼ਰਮ — 98157-28220

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900
98889-10777, 96461-01996, 94172-14381

# ਤੱਤਕਰਾ


1. ਸੰਪਾਦਕੀ 5
ਭਾਈ (ਡਾ.) ਸੁਖਵਿੰਦਰ ਸਿੰਘ

2. ਬਾਰਹ ਮਾਹਾ 7
ਭਾਈ (ਡਾ.) ਸੁਖਵਿੰਦਰ ਸਿੰਘ

3. ਚਉਥੈ ਪਹਰਿ ਸਬਾਹ ਕੈ..............॥ 10
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

4. ਮੰਞ ਪਿਆਰਾ ਗੁਰੂ ਨੂੰ.......। 15
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

5. ਗੁਰਬਾਣੀ ਅਨੁਸਾਰ ਸੰਤ ਕੌਣ ਹੈ? 29
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

6. ਨੂਰਾਨੀ ਜੀਵਨ-ਸਤਿਕਾਰਯੋਗ (ਬੀਜੀ) ਮਾਤਾ ਰਣਜੀਤ ਕੌਰ ਜੀ 34
ਸੰਤ ਬਾਬਾ ਲਖਬੀਰ ਸਿੰਘ ਜੀ

7. ਸਰਬ ਰੋਗ ਕਾ ਅਉਖਦੁ ਨਾਮੁ ॥ 39
ਸੰਤ ਬਾਬਾ ਹਰਪਾਲ ਸਿੰਘ ਜੀ

8. ਪਰਾ ਅਤੇ ਅਪਰਾ ਵਿਦਿਆ ਦੇ ਸੁਮੇਲ ਦਾ ਕੇਂਦਰ-ਰਤਵਾੜਾ ਸਾਹਿਬ 42
ਭਾਈ (ਡਾ.) ਸੁਖਵਿੰਦਰ ਸਿੰਘ

9. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਵਿਧੀ 45
ਡਾ. ਸਰੂਪ ਸਿੰਘ ਅਲੱਗ

10. ਕੋਹਲੂ ਦਾ ਬੈਲ 48
ਪ੍ਰੋ. ਗੁਰਦੇਵ ਸਿੰਘ

11. ਈਸ਼੍ਵਰ ਅਮੋਲਕ ਲਾਲ 52
ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

12. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

13. ਭਾਰਤ ਸੰਗਤ ਗਤੀਵਿਧੀਆਂ 59

14. ਅਮਰੀਕਾ ਸੰਗਤ ਗਤੀਵਿਧੀਆਂ 89

15. ਕੈਨੇਡਾ ਸੰਗਤ ਗਤੀਵਿਧੀਆਂ 94.

16. ਆਸਟ੍ਰੇਲੀਆ ਸੰਗਤ ਗਤੀਵਿਧੀਆਂ 98.

# ਸੰਪਾਦਕੀ
# ਹੁਕਮੇ ਆਵੈ ਹੁਕਮੇ ਜਾਇ ॥
# ਆਗੈ ਪਾਛੈ ਹੁਕਮਿ ਸਮਾਇ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਗੁਰਮਤਿ ਦੇ ਗਹਿਰ ਗੰਭੀਰ ਸਿਧਾਂਤਾਂ ਵਿਚ ਤਿੰਨ ਸਿਧਾਂਤ ਇਹੋ ਜਿਹੇ ਹਨ ਜਿਨ੍ਹਾਂ ਨਾਲ ਜਗਿਆਸੂ ਦਾ ਵਾਹ ਤਮਾਮ ਜ਼ਿੰਦਗੀ ਬਣਿਆ ਰਹਿੰਦਾ ਹੈ। ਇਹ ਤਿੰਨ ਸਿਧਾਂਤ ਹਨ - ਹੁਕਮ, ਭਾਣਾ ਤੇ ਰਜ਼ਾ। ਇਨ੍ਹਾਂ ਤਿੰਨਾਂ ਸ਼ਬਦਾਂ ਦਾ ਉਚਾਰਨ ਭਾਵੇਂ ਵੱਖੋ-ਵੱਖਰਾ ਹੈ, ਪਰ ਬੋਲਣ ਵਿਚ ਇਹ ਇਕੋ ਹੀ ਅਰਥ ਨੂੰ ਰੂਪਮਾਨ ਕਰਨ ਲਈ ਵਰਤੇ ਜਾਦੇ ਹਨ। ਇੱਕੋ ਅਰਥ ਨੂੰ ਭਾਵੇਂ ਇਹ ਮੋਟੇ ਤੌਰ 'ਤੇ ਪ੍ਰਗਟਾਉਂਦੇ ਨਜ਼ਰ ਆਉਂਦੇ ਹਨ ਪਰ ਗੁਰਮਤਿ ਦੇ ਦਾਇਰੇ ਵਿਚ ਵਿਚਾਰਨ ਨਾਲ ਇਹ ਸੂਖਸ਼ਮ ਅਰਥ ਭੇਦ ਰਖਦੇ ਹਨ। ਗੁਰਮਤਿ ਦੇ ਸਿਧਾਂਤ ਵਿਚੋਂ 'ਹੁਕਮਿ' ਦਾ ਸਿਧਾਂਤ ਸਮੁੱਚੇ ਗੁਰਮਤਿ ਦੇ ਫਲਸਫੇ ਦੀ ਨੀਂਹ ਹੈ। ਬਾਕੀ ਸਾਰੀ ਅਧਿਆਤਮਿਕਤਾ, ਇਸ ਸਿਧਾਂਤ ਦੇ ਉਤੇ ਖੜ੍ਹੀ ਹੈ। ਇਸ ਦਾ ਪ੍ਰਮਾਣ 'ਜਪੁਜੀ' ਸਾਹਿਬ ਦੇ ਆਰੰਭ ਵਿਚ ਹੀ ਮਿਲ ਜਾਂਦਾ ਹੈ ਕਿ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*ਅੰਗ - ੧*

ਆਉ! ਆਪਾਂ ਸਭ ਤੋਂ ਪਹਿਲਾਂ 'ਹੁਕਮਿ' ਦੀ ਵਿਚਾਰ ਨੂੰ ਅੱਗੇ ਤੋਰਦੇ ਹਾਂ। ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਪ੍ਰਮੇਸ਼ਰ ਆਪ ਹਨ -

*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ*
*ਸਰਬ ਜੀਆ ਕਾ ਦਾਤਾ ਰੇ ॥* *ਅੰਗ - ੬੧੨*

ਉਸ ਦੇ ਹੁਕਮ ਵਿਚ ਹੀ ਸਭ ਕੁਝ ਚੱਲ ਰਿਹਾ ਹੈ। ਭਾਵ ***'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥'*** ਆਮ ਕਹਾਵਤ ਹੈ ਕਿ ਉਸ ਦੇ ਹੁਕਮ ਤੋਂ ਬਗੈਰ ਪੱਤਾ ਵੀ ਨਹੀਂ ਹਿਲਦਾ। ਇਹ ਵੱਡਾ ਹੁਕਮ ਵਿਸ਼ਾਲਤਾ ਵਿਚ ਵਾਪਰ ਰਿਹਾ ਹੈ। ਜੇਕਰ ਇਸ ਅਬੁੱਝ ਬੁਝਾਰਤ ਨੂੰ ਬੁੱਝ ਲਿਆ ਜਾਵੇ ਕਿ ਉਸ ਦੇ ਹੁਕਮ ਤੋਂ ਬਿਨਾਂ ਵੱਡੇ ਤੋਂ ਵੱਡਾ ਤੁਫ਼ਾਨ, ਛੋਟੇ ਤੋਂ ਛੋਟੇ ਪੱਤੇ ਨੂੰ ਵੀ ਨਹੀਂ ਉਡਾ ਸਕਦਾ। ਜੇਕਰ ਇਹ ਸੱਚ ਪ੍ਰਵਾਨ ਕਰ ਲਿਆ ਜਾਵੇ ਤਾਂ ਜੀਵਨ ਹੋਰ ਦਾ ਹੋਰ ਹੋ ਜਾਂਦਾ ਹੈ। ਅਸੀਂ ਸਾਰੇ ਉਸ ਕਰਤਾ ਪੁਰਖ ਦੀ ਔਲਾਦ ਹਾਂ। ਉਸ ਦੇ ਹੁਕਮ ਅਨੁਸਾਰ ਹੀ ਸੰਸਾਰ ਵਿਚ ਸਾਡਾ ਆਉਣਾ ਹੋਇਆ ਹੈ ਤੇ ਜਾਣਾ ਵੀ ਉਸ ਦੇ ਹੁਕਮ ਅਨੁਸਾਰ ਹੀ ਹੈ।

*ਹੁਕਮੇ ਆਵੈ ਹੁਕਮੇ ਜਾਇ ॥*
*ਆਗੈ ਪਾਛੈ ਹੁਕਮਿ ਸਮਾਇ ॥* *ਅੰਗ - ੧੫੧*

ਉਸੇ ਹੁਕਮ ਵਿਚ ਤਮਾਮ ਜੀਵਾਂ ਦੀ ਪ੍ਰਤਿਪਾਲਣਾ ਹੋ ਰਹੀ ਹੈ। ਇਸ ਹੱਕ/ਹੁਕਮ ਦੀ ਪਾਲਣਾ ਕਰਨੀ ਹੀ ਅਸਲੀ ਧਰਮ ਹੈ। ਜੋ ਕੁਝ ਵੀ ਸਾਨੂੰ ਪ੍ਰਾਪਤ ਹੋਇਆ, ਇਹ ਵੀ ਉਸ ਦਾਤਾਰ ਦੀ ਦਾਤ ਹੈ। ਬਹੁਤਾਤ ਇਸ ਬਖਸ਼ਿਸ਼ ਨੂੰ ਨਾ ਸਮਝਦੇ ਹੋਏ ਦਾਤਾਰ ਨੂੰ ਭੁੱਲ ਜਾਂਦੇ ਹਨ।

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥* *ਅੰਗ - ੬੭੬*

ਪਰ ਜਗਿਆਸੂ ਜਨਾਂ, ਰੱਬ ਦੇ ਪਿਆਰਿਆਂ ਦਾ ਵਰਤਾਰਾ ਹੋਰ ਹੈ। ਉਹ ਦਾਤ ਪਾ ਕਰਕੇ, ਜਿਵੇਂ ਟਾਹਣੀ ਨੂੰ ਫਲ ਲਗਦਾ ਹੈ, ਹੇਠਾਂ ਨੂੰ ਝੁਕਦੀ ਹੈ, ਉਹ ਸ਼ੁਕਰਾਨੇ ਵਿਚ ਜੁੜਦੇ ਹਨ ਤੇ ਸੰਤੋਖ ਧਾਰਨ ਕਰਦੇ ਹਨ। ਹਰ ਦਾਤ ਨੂੰ ਉਸ ਦਾ ਵਰਦਾਨ ਮੰਨਦੇ ਹੋਏ ਖਿੜੇ ਮੱਥੇ ਪ੍ਰਵਾਨ ਕਰਦੇ ਹਨ। ਲੋੜ ਹੈ ਉਸ ਦੇ 'ਹੁਕਮਿ' ਦੇ ਅਨੁਸਾਰੀ ਬਣਨਾ। ਇਸੇ ਵਿਚ ਸਾਡਾ ਜੀਵਾਂ ਦਾ ਭਲਾ ਹੈ - ***'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ '*** ਇਸੇ ਹੁਕਮ ਵਿਚ ਦੁਖ ਆਵੇ, ਸੁਖ ਆਵੇ ਅਤੇ ਦੋਨਾਂ ਨੂੰ ਇਕ ਸਮਾਨ ਖਿੜੇ ਮੱਥੇ ਪ੍ਰਵਾਨ ਕਰਨਾ ਜਗਿਆਸੂ ਦਾ ਮੁੱਢਲਾ ਫਰਜ਼ ਹੈ -

*ਹੁਕਮੇ ਦੁਖੁ ਸੁਖੁ ਸਮ ਕਰਿ ਸਹੈ ॥* *ਅੰਗ - ੯੬੨*

ਅਸਲ ਵਿਚ ਪ੍ਰਮੇਸ਼ਰ ਦੇ ਹੁਕਮ ਦੀ ਆਗਿਆ ਪਾਲਣਾ, ਮਨੁੱਖ ਆਪਣੀ ਸੁਤੰਤਰਤਾ ਵਿਚ ਦਖਲ ਅੰਦਾਜ਼ੀ ਸਮਝਦਾ ਹੈ ਪਰ ਇਸ ਤੋਂ ਵੱਡਾ ਸੰਜਮ ਹੋਰ ਕੋਈ ਹੋ ਹੀ ਨਹੀਂ ਸਕਦਾ। ਆਗਿਆ ਪਾਲਨ ਦੀ ਬੁਨਿਆਦ ਪ੍ਰਸਪਰ ਪਿਆਰ ਤੇ ਸਤਿਕਾਰ ਉਪਰ ਉਸਰਦੀ ਹੈ।

ਜਦੋਂ ਇਹ ਜੀਵ ਆਪਣੇ ਆਪ ਨੂੰ ਉਸ ਵੱਡੇ ਦੀ ਆਗਿਆ ਦੇ ਸਪੁਰਦ ਕਰ ਦੇਂਦਾ ਹੈ ਜੋ ਨਿਰਭਉ ਤੇ ਨਿਰਵੈਰ ਹੈ ਤਾਂ ਉਹ ਵੀ ਨਿਰਭੈਤਾ ਤੇ ਨਿਰਵੈਰਤਾ ਦਾ ਧਾਰਨੀ ਹੋਣ ਲਗਦਾ ਹੈ। ***'ਨਿਰਭਉ ਜਪੈ ਸਗਲ ਭਉ ਮਿਟੈ ॥ (ਅੰਗ-੨੯੩)*** ਨਿਰਭੈਤਾ

## ਸੰਪਾਦਕੀ

ਤੇ ਨਿਰਵੈਰਤਾ ਤੋਂ ਵੱਡੀ ਹੋਰ ਕੋਈ ਸੁਤੰਤਰਤਾ ਨਹੀਂ ਹੋ ਸਕਦੀ। ਵੱਡੀ ਸਚਾਈ ਇਹ ਹੈ ਕਿ ਪ੍ਰਭੂ ਦੀ ਆਗਿਆ ਦੇ ਅਨੁਸਾਰੀ ਹੋਣਾ, ਬ੍ਰਹਿਮੰਡੀ ਸੁਤੰਤਰਤਾ ਦਾ ਭਾਗੀ ਹੋਣਾ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥* ਅੰਗ - ੨੭੫

ਉਹ ਜੀਵਨ ਮੁਕਤੀ ਦੇ ਧਾਰਨੀ ਹੋ ਜਾਂਦੇ ਹਨ। ਐਸੇ ਹਨ ਸੰਤ ਜਨ, ਸਾਧੂ, ਰੱਬੀ ਰੂਹਾਂ ਜਿਨ੍ਹਾਂ ਨੇ ਆਤਮਾ ਨੂੰ ਸ਼ਾਖਸ਼ਾਤ ਕਰ ਲਿਆ, ਪੂਰਨ ਬ੍ਰਹਮ ਗਿਆਨੀ ਤੱਤ ਬੇਤੇ ਮਹਾਂਪੁਰਸ਼, ਰੱਬ ਰੂਪ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਜਿਨ੍ਹਾਂ 'ਤੇ ਉਪਰੋਕਤ ਤੇ ਹੇਠਲੀਆਂ ਬਾਣੀ ਦੀਆਂ ਤੁਕਾਂ 100% ਢੁਕਦੀਆਂ ਹਨ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥* ਅੰਗ- ੨੭੩

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥* ਅੰਗ - ੨੯੬

*ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ*
*ਮਿਲਿਆ ਕੇਲ ਕੇਲਾਲੀ ॥* ਅੰਗ - ੬੬੭

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* ਅੰਗ - ੩੯੭

ਇਹ ਹਨ ਰੱਬ ਰੂਪ ਜਿਨ੍ਹਾਂ ਨੇ ਉਸ ਬ੍ਰਹਿਮੰਡੀ ਹੁਕਮ ਨੂੰ ਪਛਾਣ ਕੇ 'ਸਚਿਆਰ' ਪਦਵੀ ਪ੍ਰਾਪਤ ਕੀਤੀ। ਅੱਜ ਉਨ੍ਹਾਂ ਦੀ ਯਾਦ ਸਾਨੂੰ ਤਮਾਮ ਜੀਵਾਂ ਨੂੰ ਸਚਿਆਰਤਾ ਹਾਸਲ ਕਰਨ ਦੀ ਪ੍ਰੇਰਨਾ, ਉਤਸ਼ਾਹ ਤੇ ਰੱਬੀ ਰਹਿਮਤਾਂ ਦੀ ਬਾਰਿਸ਼ ਕਰ ਰਹੀ ਹੈ। ਉਨ੍ਹਾਂ ਦਾ ਆਗਮਨ 5 ਅਗਸਤ 1905 ਨੂੰ ਆਲੋਵਾਲ (ਪਟਿਆਲਾ) ਦੀ ਪਾਵਨ ਧਰਤੀ 'ਤੇ ਹੋਇਆ। ਅੱਧੀ ਸਦੀ ਤੋਂ ਵੱਧ, ਅਣਗਿਣਤ ਟੁੱਟੀਆਂ ਰੂਹਾਂ ਨੂੰ ਨਾਮ ਬਾਣੀ ਨਾਲ ਜੋੜਦੇ ਹੋਏ 26 ਅਗਸਤ 1975 ਨੂੰ ਪੰਜ ਭੂਤਕ ਸਰੀਰ ਨੂੰ ਉਹਲੇ ਕਰ ਗਏ। ਉਨ੍ਹਾਂ ਦੇ ਆਗਮਨ ਸਬੰਧੀ ਤੇ ਸਾਲਾਨਾ ਯਾਦ ਵਿਚ ਆਲੋਵਾਲ ਤੇ ਰਾੜਾ ਸਾਹਿਬ ਵਿਖੇ ਗੁਰਮਤਿ ਸਮਾਗਮ ਦੇ ਰੂਪ ਵਿਚ ਇਹ ਦਿਹਾੜੇ ਮਨਾਏ ਜਾਂਦੇ ਹਨ। ਵੱਡੀ ਤਦਾਦ ਵਿਚ ਸੰਗਤਾਂ ਪਿਆਰੇ ਦੇ ਪਿਆਰ ਵਿਚ ਜੁੜ ਕੇ, ਸੇਵਾ ਸਿਮਰਨ ਦੇ ਲਾਹੇ ਪ੍ਰਾਪਤ ਕਰਦੀਆਂ ਹਨ।

ਇਥੇ ਇਹ ਵੀ ਜ਼ਿਕਰ-ਏ-ਯੋਗ ਹੈ ਕਿ ਰਤਵਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਵੀ 8 ਅਗਸਤ ਨੂੰ ਵਿਸ਼ੇਸ਼ ਗੁਰਮਤਿ ਸਮਾਗਮ ਹੋ ਰਹੇ ਹਨ। ਇਹ ਸਮਾਗਮ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ, ਮਾਤਾ ਰਣਜੀਤ ਕੌਰ ਜੀ ਦੇ ਜਨਮ ਦਿਵਸ ਸਬੰਧੀ ਹੋਣਗੇ। ਸਾਰੀਆਂ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿਚ ਪਹੁੰਚਣ ਲਈ ਟਰੱਸਟ ਰਤਵਾੜਾ ਸਾਹਿਬ ਵਲੋਂ ਬੇਨਤੀ ਕੀਤੀ ਜਾਂਦੀ ਹੈ ਜੀ। 'ਹੁਕਮਿ' ਦੀ ਵਿਚਾਰ ਤੋਂ ਬਾਅਦ ਭਾਣੇ ਤੇ ਰਜ਼ਾ ਦੀ ਵਿਚਾਰ ਗੁਰੂ ਕ੍ਰਿਪਾ ਸਦਕਾ ਅਗਲੇ ਅੰਕਾਂ ਵਿਚ ਕੀਤੀ ਜਾਵੇਗੀ ਜੀ। ਗੁਰੂ ਕਿਰਪਾ ਕਰੇ ਸਭਨਾਂ ਨੂੰ ਆਪਣੇ ਦਰ ਘਰ ਦੀ ਸੋਝੀ ਬਖਸ਼ ਕੇ ਨਿਹਾਲ ਕਰਨ। ਇਹ ਅਰਦਾਸ ਸਭਨਾਂ ਦੀ ਪੂਰੀ ਹੋਵੇ ਕਿ -

*ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥*
ਅੰਗ - ੧੫੭

ਭੁੱਲਾਂ ਚੁਕਾਂ ਦੀ ਖਿਮਾ॥

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਭਾਦੁਇ
# ਸੰਗਰਾਂਦ - ਅਗਸਤ 17 (ਦਿਨ ਸੋਮਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥**
**ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥**
**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥**
**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥**
**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥**
**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥**
**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥**
**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥**

**ਅੰਗ-** ੧੩੪

ਜੇਠ-ਹਾੜ ਦੀ ਤਪਸ਼ ਤੋਂ ਬਾਅਦ ਸਾਵਣ ਦੀ ਬਰਸਾਤ ਨੇ ਵਾਤਾਵਰਣ ਵਿਚ ਸੀਤਲਤਾ ਪੈਦਾ ਕੀਤੀ। ਕਿਉਂਕਿ ਜੀਵ ਦੇ ਅੰਦਰ ਰਮੀ ਹੋਈ ਕਠੋਰਤਾ ਰੂਪੀ ਤਪਸ਼ ਨੇ ਸਾੜ ਪਾਇਆ ਹੋਇਆ ਸੀ -

*ਜੀਉ ਤਪਤੁ ਹੈ ਬਾਰੋ ਬਾਰ ॥* *ਅੰਗ- ੬੬੧*

ਇਹ ਜੀਵ ਵਾਰ-ਵਾਰ ਤਪ ਰਿਹਾ ਹੈ। ਜਨਮਾਂ-ਜਨਮਾਂ ਤੋਂ ਤਪ ਰਿਹਾ ਹੈ। ਸਾਵਣ ਦੇ ਨਾਮ ਰੂਪੀ ਰਸ ਦੀ ਬਰਸਾਤ ਨੇ ਸੀਤਲਤਾ ਪ੍ਰਦਾਨ ਕੀਤੀ -

*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥*
*ਅੰਗ- ੧੩੪*

ਉਹ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਅੰਮ੍ਰਿਤ ਰਸ ਦੀ ਪ੍ਰਾਪਤੀ ਹੋਈ ਹੈ। '***ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥***' (***ਅੰਗ***-੧੩੪)

ਭਾਦੁਇ ਦੇ ਮਹੀਨੇ ਦਾ ਰੂਪਕ ਖਿੱਚ ਕੇ ਸੱਚੇ ਪਾਤਸ਼ਾਹ, ਜੀਵ ਦੀ ਅੰਦਰਲੀ ਰੂਹਾਨੀ ਅਵਸਥਾ ਬਾਰੇ ਫੁਰਮਾਨ ਕਰਦੇ ਹਨ। ਹੁਣ ਭਰਮ ਭੁਲੇਖਿਆਂ ਦੇ ਰਸਤੇ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਭਰਮ ਦਾ ਅਰਥ ਹੈ 'ਭੁਲੇਖਾ' ਭਾਵ ਅਸਲੀਅਤ ਤੋਂ ਭਟਕ ਜਾਣਾ। ਚੀਜ਼ ਦੀ ਅਸਲੀਅਤ ਕੁਝ ਹੋਰ ਹੋਵੇ ਪਰ ਭਾਸ ਕੁਝ ਹੋਰ ਜਾਵੇ। ਪ੍ਰਮਾਣ ਹੈ ਕਿ ਹਨ੍ਹੇਰੇ ਵਿਚ ਪਈ ਰੱਸੀ ਵੀ ਸੱਪ ਨਜ਼ਰ ਆਈ। ਇਹ ਸੰਸਾਰ ਰੂਪੀ ਖਿੜਿਆ ਬਾਗ ਪ੍ਰਮੇਸ਼ਰ ਦਾ ਆਪਣਾ ਮੰਡਲ ਸੀ ਪਰ ਦਵੈਸ਼ ਭਾਵ ਵਿਚ ਆ ਕੇ ਕੁਝ ਹੋਰ ਦਿਖਾਈ ਦੇਣ ਲੱਗਾ। '**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ**' (***ਅੰਗ***-੯੨੨) ਦੇ ਰਾਹ 'ਤੇ ਚਲਦਾ-ਚਲਦਾ ਜਗਿਆਸੂ ਰਸਤਾ ਭਟਕ ਜਾਵੇ ਤਾਂ ਕਿਤੇ ਹੋਰ ਦਾ ਹੋਰ ਪਹੁੰਚ ਜਾਂਦਾ ਹੈ। ਭਰਮ, ਭੁਲੇਖੇ ਵਿਚ ਪੈ ਕੇ ਦੂਜੇ, ਦਵੈਸ਼ ਨਾਲ ਚਿਤ ਲਾ ਲਿਆ-

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ- ੫੬੦*

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅੰਗ - ੬੫੭*

ਹਉਮੈ ਤੇ ਨਾਮ ਦੀ ਵਿਰੋਧਤਾ ਹੈ। ਤਪਸ਼ ਤੇ ਸੀਤਲਤਾ ਵੀ ਵਿਰੋਧਾਭਾਸ ਹਨ। ਹਉਮੈ ਵੀ ਘੱਟ ਸ਼ਕਤੀ ਨਹੀਂ ਰਖਦੀ -

*ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥*

*ਤਉ ਭੀ ਹਉਮੈ ਮੈਲੁ ਨ ਜਾਵੈ ॥* *ਅੰਗ- ੨੬੫*

ਇਹ ਤਾਂ ਸਿਰਫ ਨਾਮ ਰਾਹੀਂ ਖਤਮ ਹੁੰਦੀ ਹੈ।

*ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ।*

*ਭਾਈ ਗੁਰਦਾਸ ਜੀ*

ਇਕ ਪ੍ਰਮੇਸ਼ਰ ਦੀ ਹੋਂਦ ਦਾ ਅਹਿਸਾਸ ਨਾ ਕਰਦੇ ਹੋਏ ਦਵੈਸ਼ ਭਾਵ 'ਚ ਬਿਰਤੀ ਨੂੰ ਟਿਕਾਈ ਰੱਖਣਾ, ਇਹ 'ਦੂਜੈ ਲਗਾ ਹੇਤੁ' ਹੈ।

ਇਹ ਦੂਜਾ ਭਾਵ, ਸਰੀਰ ਨੂੰ ਸ਼ਿੰਗਾਰਿਆਂ ਨਹੀਂ ਮਿਟਦਾ। ਹਉਮੈ ਦਾ ਸਬੰਧ ਤਨ ਨਾਲ ਨਹੀਂ 'ਮਨ' ਨਾਲ ਹੈ। ਤਨ ਦੇ ਸ਼ਿੰਗਾਰਿਆਂ, ਸਾਫ ਕੀਤਿਆਂ, ਮਨ ਸਾਫ ਨਹੀਂ ਹੁੰਦਾ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥* *ਅੰਗ- ੫੫੮*

ਭਾਵ -

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥*

*ਅੰਗ - ੭੮੯*

ਬਾਹਰ ਦੀ ਕਿਰਿਆ ਹੋਰ ਹੋਵੇ ਤੇ ਅੰਦਰ ਕੁਝ ਹੋਰ ਚਲਦਾ ਹੋਵੇ, ਇਹ ਵਾਹਿਗੁਰੂ ਨੂੰ ਨਹੀਂ ਭਾਉਂਦਾ।

*ਮੁਖਹੁ ਹਰਿ ਹਰਿ ਸਭੁ ਕੋ ਕਰੈ*
*ਵਿਰਲੈ ਹਿਰਦੈ ਵਸਾਇਆ॥*
*ਨਾਨਕ ਜਿਨ ਕੈ ਹਿਰਦੈ ਵਸਿਆ*
*ਮੋਖ ਮੁਕਤਿ ਤਿਨ੍ ਪਾਇਆ ॥* *ਅੰਗ- ੫੬੫*

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥*

*ਅੰਗ- ੪੮੮*

ਦਿਖਾਵਾ ਪ੍ਰਵਾਨ ਨਹੀਂ -

*ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸਿ ਕੀਨ।*
*ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ।*

*ਪਾਤਿਸ਼ਾਹੀ ੧੦*

ਜੇਠ-ਹਾੜ ਦੀ ਤਪਸ਼ ਨਾਲੋਂ ਭਾਦੁਇ ਦਾ ਦੁਇ ਭਾਵ ਵਾਲਾ ਜੀਵਨ ਹੋਰ ਖਤਰਨਾਕ ਹੈ। 'ਧਰਮ ਦਾ ਵੀ ਭਰਮ ਪਾਲਿਆ ਜਾਂਦਾ ਹੈ -

*ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥*
*ਲੋਗਨ ਰਾਮੁ ਖਿਲਉਨਾ ਜਾਨਾਂ ॥* *ਅੰਗ- ੧੧੫੮*

ਸੱਜਣ ਠੱਗ ਅਤੇ ਭੂਮੀਆ ਚੋਰ ਇਤਿਆਦਿਕ ਧਰਮ ਦਾ ਭਰਮ ਪਾਲ ਰਹੇ ਸਨ। ਸਮਰੱਥ ਸਤਿਗੁਰੂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਹੋਈ ਅਸਲੀ ਭਾਈ ਸੱਜਣ ਤੇ ਭਾਈ ਭੂਮੀਆ ਬਣ ਗਏ।

*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥*

*ਅੰਗ- ੧੪੩*

ਭਰਮ 'ਚ ਪਏ ਦੀ ਇਹ ਅਵਸਥਾ ਹੈ -

*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥* *ਅੰਗ- ੬੫੭*

ਜੋ ਦਿਸਦਾ ਹੈ ਉਹ ਸਤਿ ਨਹੀਂ, ਜੋ ਸਤਿ ਹੈ ਉਹ ਦਿਸਦਾ ਨਹੀਂ। ਸਾਡੀ (ਜੀਵ ਦੀ) ਅਵਸਥਾ ਇਸ ਤਰ੍ਹਾਂ ਹੈ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ-੬੫੭*

ਭਰਮ ਵਿਚ ਪਏ ਦੀ ਜ਼ਿੰਦਗੀ ਲੰਘ ਗਈ, ਹੁਣ ਉਹ ਸਮਾਂ ਆ ਗਿਆ -

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*

*ਅੰਗ- ੬੩੧*

*ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥*

*ਅੰਗ- ੧੨*

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥

ਜਦੋਂ ਜੀਵ ਉਡਾਰੀ ਮਾਰ ਗਿਆ ਫਿਰ ਇਹ ਸਰੀਰ ਕਿਸੇ ਕੰਮ ਦਾ ਨਹੀਂ।

*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ*
*ਸਦਾ ਰਹਤ ਸੰਗ ਲਾਗੀ ॥ ॥*
*ਜਬ ਹੀ ਹੰਸ ਤਜੀ ਇਹ ਕਾਂਇਆ*
*ਪ੍ਰੇਤ ਪ੍ਰੇਤ ਕਰਿ ਭਾਗੀ ॥* *ਅੰਗ- ੬੩੪*

ਫਿਰ ਤਾਂ 'ਕਾਢਹੁ-ਕਾਢਹੁ ਹੋਈ' ਵਾਲਾ ਸਮਾਂ ਆ ਜਾਂਦਾ ਹੈ।

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥

ਰੂਹ ਨੂੰ ਲੈਣ ਵਾਸਤੇ ਧਰਮ ਰਾਜ ਦੇ ਭੇਜੇ ਜਮਦੂਤ ਆਏ, ਉਹ ਹੁਣ ਦਸ ਕੇ ਨਹੀਂ ਆਉਂਦੇ-

*ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ*
*ਓਨੀ ਤਕੜੇ ਪਾਏ ਹਾਥ ॥ ਅੰਗ - ੭੮*

ਭਾਵ -

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ*
*ਤਿਨ੍ਹਿ ਲੀਆ ਅੰਚਲਿ ਲਾਇ ॥ ਅੰਗ- ੧੩੫੮*

ਤਨ ਨੇ ਸਾਥ ਛੱਡ ਦਿਤਾ -

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥

ਤਨ ਤੇ ਤਨ ਨਾਲ ਸਬੰਧ ਰੱਖਣ ਵਾਲੇ ਸਾਰੇ ਛੱਡ ਗਏ। ਕੇਵਲ ਇਕ ਨਾਮ ਸੀ ਜਿਸ ਨੇ ਸਹਾਇਤਾ ਕਰਨੀ ਸੀ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ- ੨੬੪*

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥

ਹੁਣ ਉਸ ਸਮੇਂ ਨੂੰ ਦੇਖ ਕੇ ਜੀਵ ਹੱਥ ਮਲਦਾ ਹੈ। ਤਨ ਕੰਬਦਾ ਹੈ, ਰੰਗ ਫਿੱਕਾ ਪੈ ਜਾਂਦਾ ਹੈ -

*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥*
*ਅੰਗ- ੧੩੭੭*

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*
*ਅੰਗ- ੧੪੨੮*

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਸਰੀਰ ਜੀਵ ਦੇ ਕੀਤੇ ਕਰਮਾਂ ਦਾ ਖੇਤ ਹੈ ਜੋ ਕੁਝ ਵੀ ਮਨੁੱਖ ਬੀਜਦਾ ਹੈ, ਉਹੀ ਵੱਢਦਾ ਹੈ।

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ- ੪੩੩*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ- ੧੩੭੯*

ਕਿੱਕਰਾਂ ਦੇ ਬੀਜ ਬੋਅ ਕੇ ਮਿੱਠੀਆਂ ਦਾਖਾਂ ਪ੍ਰਾਪਤ ਨਹੀਂ ਹੁੰਦੀਆਂ। ਪਾਪਾਂ ਦੀ ਕਮਾਈ ਨੂੰ ਪੁੰਨਾਂ ਦਾ ਫਲ ਨਹੀਂ ਲਗਦਾ।

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥

ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਗੁਰੂ ਦੇ ਚਰਨਾਂ ਰੂਪੀ ਨਾਮ ਦੇ ਜਹਾਜ਼ ਵਿਚ ਸਵਾਰੀ ਕਰ ਕੇ ਪਾਰ ਉਤਾਰਾ ਹੋ ਸਕਦਾ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ- ੭੪੭*

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ ॥ ਅੰਗ- ੧੩੦੯*

ਸੇ ਭਾਦੁਇ ਨਰਕਿ ਨ ਪਾਈਅਹਿ
ਗੁਰੁ ਰਖਣ ਵਾਲਾ ਹੇਤੁ॥

ਗੁਰੂ ਜੀ ਇਥੇ ਵੀ, ਉਥੇ ਵੀ, ਲੋਕ ਵਿਚ ਵੀ ਤੇ ਪਰਲੋਕ ਵਿਚ ਵੀ ਸਹਾਈ ਹੁੰਦੇ ਹਨ। ਭਾਵ -

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*
*ਅੰਗ- ੭੨੯*

*ਏਹੁ ਭਉਜਲੁ ਜਗਤੁ ਸੰਸਾਰੁ ਹੈ*
*ਗੁਰੁ ਬੋਹਿਥੁ ਨਾਮਿ ਤਰਾਇ ॥ ਅੰਗ- ੧੪੨੪*

ਸਮਰੱਥ ਗੁਰੂ ਦੀ ਸ਼ਰਣ ਵਾਲਾ, ਨਰਕਾਂ ਨੂੰ ਨਹੀਂ ਜਾਂਦਾ।

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ - ੫੧੭*

*ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥*
*ਹਮ ਕਾਹੂ ਕੀ ਕਾਨਿ ਨ ਕਢਤੇ ਅਪਨੇ ਗੁਰ ਪਰਸਾਦੇ ॥*
*ਅੰਗ- ੯੬੯*

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ ॥ ਅੰਗ- ੬੧੪*

ਸਮਰੱਥ ਸਤਿਗੁਰੂ, ਲੋਕ ਤੇ ਪ੍ਰਲੋਕ ਵਿਚ, ਜੀਵ ਦੀ ਰਾਖੀ ਕਰਦੇ ਹਨ।

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## (ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਬਖਸ਼ੇ ਹੁਕਮਨਾਮੇ ਦੀ ਰੋਸ਼ਨੀ ਵਿਚ, ਮਹਾਂਪੁਰਸ਼ਾਂ ਵਲੋਂ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

ਅੰਮ੍ਰਿਤ ਵੇਲਾ, ਟਿਕੀ ਹੋਈ ਰਾਤ, ਅਸਮਾਨ ਦੇ ਡਲ੍ਹਕਦੇ ਤਾਰੇ, ਠੰਢੀ ਹਵਾ, ਅਜਿਹਾ ਵਾਤਾਵਰਣ ਪ੍ਰਦਾਨ ਕਰ ਰਹੀ ਹੈ ਕਿ ਗੁਰੂ ਦਾ ਸ਼ਬਦ ਰੂਪਮਾਨ ਹੋ ਰਿਹਾ ਲਗਦਾ ਹੈ -

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥*
*ਚਰਣ ਕਮਲ ਧਿਆਨੁ ਹਿਰਦੈ*
*ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ*
*ਕਲਮਲਾ ਦੁਖ ਜਾਰੇ ॥*
*ਬਿਨਵੰਤਿ ਨਾਨਕ ਸਦਾ ਜਾਗਹਿ*
*ਹਰਿ ਦਾਸ ਸੰਤ ਪਿਆਰੇ ॥* *ਅੰਗ - ੪੫੯*

ਕਿੰਨਾ ਪਿਆਰ ਹੈ ਪ੍ਰਭੂ ਦੇ ਪਿਆਰਿਆਂ ਦੇ ਹਿਰਦੇ ਵਿਚ, ਸਾਰਾ ਸ਼ਹਿਰ ਨੀਂਦ ਦੇ ਭਾਰੀ ਜੁੱਲੜ ਹੇਠ ਪਿਆ ਬੇਸ਼ੁਧ ਹੋਇਆ ਘਰਾੜੇ ਮਾਰ ਰਿਹਾ ਹੈ, ਪਰ ਗੁਰਮੁਖ ਪਿਆਰਿਆਂ ਵਾਸਤੇ ਅੰਮ੍ਰਿਤ ਵੇਲਾ ਹੋ ਆਇਆ ਹੈ ਅਤੇ ਦੂਰ-ਦੁਰਾਡੇ ਤੋਂ ਉਠ-ਉਠ ਕੇ ਆਪਣੇ ਵਾਹਨਾਂ ਰਾਹੀਂ ਠੀਕ ਦੋ ਵਜੇ ਕਿੱਡੇ ਪਿਆਰ ਨਾਲ ਪਹੁੰਚ ਕੇ ਸਸ਼ੋਭਿਤ ਹੋ ਰਹੇ ਹਨ। ਬਹੁਤ ਹੀ ਹੈਰਾਨ ਹੋਈਦਾ ਹੈ ਕਿ ਕਲਜੁਗ ਦਾ ਘੋਰ ਅੰਧਕਾਰ ਦਾ ਸਮਾਂ ਹੋਵੇ, ਨੀਂਦ ਦੀ ਬੇਹੋਸ਼ੀ ਨੂੰ ਤਿਆਗ ਕੇ ਮਨ ਬੁੱਧੀ ਦਾ ਇਸ਼ਨਾਨ ਕਰਾਉਣ ਲਈ ਕਿਸ ਤਰ੍ਹਾਂ ਆ ਕੇ ਬੀਬੀਆਂ, ਭਾਈ ਅਤੇ ਬੱਚੇ ਇਕ ਚਿੱਤ ਹੋਏ ਬੈਠੇ ਹਨ। ਐਉਂ ਲਗਦਾ ਹੈ ਜਿਵੇਂ ਸਾਧੂਆਂ ਦੀ ਮੰਡਲੀ, ਕਿਸੇ ਪਿਛਲੇ ਜੁਗਾਂ ਨਾਲ ਸਬੰਧ ਰੱਖਣ ਵਾਲੀ, ਇਸ ਕਲਜੁਗ ਵਿਚ ਉਤਰ ਆਈ ਅਤੇ ਸਤਿਸੰਗ ਦਾ ਮਾਹੌਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਵਲੋਂ ਬਣਾਇਆ ਹੋਇਆ ਪ੍ਰਾਪਤ ਹੋ ਗਿਆ। ਆਸਾ ਜੀ ਦੀ ਵਾਰ ਦਾ ਕੀਰਤਨ, ਜੋਟੀਆਂ ਨਾਲ ਪੜ੍ਹਨ ਵਾਲੇ ਸ਼ਬਦ, ਵਾਜੇ ਦੀ ਸੁਰੀਲੀ ਸੁਰ ਸੁਰਤ ਨੂੰ ਮੱਲੋ-ਮੱਲੀ ਅੰਦਰ ਨੂੰ ਖਿਚਦੀ ਚਲੀ ਜਾ ਰਹੀ ਹੈ। ਸਮਾਂ ਪੂਰੇ ਤਿੰਨ ਘੰਟੇ ਹੋਣ ਲੱਗਿਆ ਸੀ ਪਰ ਅੰਦਰ ਇਕ ਫੁਰਨਾ ਜਾਗਦਾ ਸੀ ਕਿ ਸਮਾਂ ਖੜ੍ਹੋ ਜਾਵੇ ਅਤੇ ਸ੍ਰੀ ਆਸਾ ਜੀ ਦੀ ਵਾਰ ਹੋਰ ਲੰਮੇਰੀ ਹੋ ਜਾਵੇ, ਭੋਗ ਨਾ ਪਵੇ ਕਿਉਂਕਿ ਕੀਰਤਨ ਰਸ ਨੂੰ ਕਲਜੁੱਗ ਵਿਚ ਪ੍ਰਧਾਨਗੀ ਹੈ। ਸਿਮਰਨ ਕਰਦੇ ਹਾਂ, ਇਸ ਵਿਚ ਮਨ ਨੂੰ ਰੋਕਣ ਲਈ ਕਾਫੀ ਜਦੋ-ਜਹਿਦ ਕਰਨੀ ਪੈਂਦੀ ਹੈ। ਪਾਠ ਕਰਦੇ ਹਾਂ ਮਨ ਦੀਆਂ ਛਾਲਾਂ ਰੋਕਣੀਆਂ ਪੈਂਦੀਆਂ ਹਨ ਪਰ ਕੀਰਤਨ ਇਕ ਅਜਿਹਾ ਸਾਧਨ ਹੈ ਕਿ ਮੱਲੋ-ਮੱਲੀ, ਜ਼ੋਰੋ-ਜ਼ੋਰੀ ਮਨ ਅੰਦਰ ਨੂੰ ਧੂਹਿਆ (ਖਿੱਚਿਆ) ਜਾਂਦਾ ਹੈ ਅਤੇ ਉਸ ਨੂੰ ਕੋਈ ਸੁੱਖ ਪ੍ਰਾਪਤ ਹੁੰਦਾ ਹੈ, ਜਿਥੇ ਜਾ ਕੇ ਉਹ ਟਿਕ ਜਾਇਆ ਕਰਦਾ ਹੈ ਅਤੇ ਉਸ ਅਨੰਦ ਵਿਚ ਆਇਆ ਹੋਇਆ ਸੰਸਾਰ ਨੂੰ ਭੁੱਲ ਜਾਂਦਾ ਹੈ। ਸਾਧਸੰਗਤ ਜੀ! ਇਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਮਹਾਨ ਕ੍ਰਿਪਾ ਹੈ ਕਿ ਅਸਾਨੂੰ ਕੀਰਤਨ ਮੰਡਲ, ਭਿੰਨੀ ਰੈਣ ਤੇ ਲਗਾਤਾਰ ਨਿੱਝਰ ਵਰਸਦੀ ਸੁਆਂਤੀ ਬੂੰਦ, ਜੀਵਨ ਨੂੰ ਇਕ ਅਕਹਿ ਰਸ ਪ੍ਰਾਪਤ ਕਰਾ ਰਹੀ ਹੈ। ਫੁਰਮਾਨ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* *ਅੰਗ - ੧੦੭੬*

ਇਸ ਦਾ ਮਾਣ ਨਹੀਂ ਕਰਨਾ, ਇਹ ਦਾਤ ਹੈ ਪ੍ਰਭੂ ਦੀ, ਜੋ ਲੱਖਾਂ ਤਰਲਿਆਂ ਪਿਛੋਂ ਪ੍ਰਾਪਤ ਹੁੰਦੀ ਹੈ, ਸ਼ੁਕਰ ਵਿਚ ਆ ਜਾਣਾ ਹੈ ਕਿ ਹੇ ਪ੍ਰਭੂ! ਤੂੰ ਕਿੱਡੀ ਅਪਾਰ ਕ੍ਰਿਪਾ ਕੀਤੀ ਹੈ ਅਤੇ ਸਤਿਸੰਗ ਮੰਡਲ ਵਿਚ ਲਿਆ ਪ੍ਰਵੇਸ਼ ਕਰਾਇਆ ਹੈ। ਦਿਨ ਭਰ ਆਪਾਂ ਗ੍ਰਹਿਸਤੀ ਹੋਣ ਕਰਕੇ ਕਾਰੋਬਾਰ ਵਿਚ ਲੱਗੇ ਰਹਿੰਦੇ ਹਾਂ ਪਰ ਸਤਿਸੰਗ ਦਾ injection ਪ੍ਰਭੂ ਵਲੋਂ ਆਪਾਂ

ਨੂੰ ਲਗ ਰਿਹਾ ਹੈ। ਇਸ ਵੇਲੇ ਮੰਦਰ ਵੀ ਬੰਦ ਹਨ, ਮਸਜਿਦ ਦੇ ਮੁਨਾਰੇ ਤੇ ਪੁੱਜ ਕੇ ਅਜੇ ਕਿਸੇ ਨੇ ਬਾਂਗ ਨਹੀਂ ਦਿਤੀ, ਗੁਰਦੁਆਰਿਆਂ ਵਿਚ ਵੀ ਅਜੇ ਲਾਊਡ ਸਪੀਕਰ ਨਹੀਂ ਲੱਗੇ, ਸੰਗਤ ਦੀ ਆਵਾਜਾਈ ਅਜੇ ਸ਼ੁਰੂ ਨਹੀਂ ਹੋਈ ਪਰ ਇਸ ਥਾਂ ਅੱਧੀ ਰਾਤ ਟੁੱਟਦਿਆਂ ਹੀ ਪ੍ਰਭੂ ਪ੍ਰੇਮੀਆਂ ਦਾ ਆਉਣਾ ਸ਼ੁਰੂ ਹੋ ਗਿਆ। ਅੰਮ੍ਰਿਤ ਵੇਲੇ ਤੋਂ ਆਪ ਹਰੀ ਦਾ ਜਸ ਸਰਵਣ ਕਰ ਰਹੇ ਸੀ, ਰਸਨਾ ਨਾਲ ਗਾਇਨ ਕਰ ਰਹੇ ਸੀ, ਬੁੱਧੀ ਨਾਲ ਸਮਝਣ ਦਾ ਯਤਨ ਕੀਤਾ ਜਾ ਰਿਹਾ ਸੀ। ਗੁਰੂ ਮਹਾਰਾਜ ਜੀ ਨੇ ਕ੍ਰਿਪਾ ਕੀਤੀ ਅਤੇ ਹੁਕਮਨਾਮੇ ਦੀ ਬਖਸ਼ਿਸ਼ ਹੋਈ। ਹੁਕਮਨਾਮੇ ਦੇ ਪੂਰੇ ਵਾਕ ਤਾਂ ਮੈਂ ਨਹੀਂ ਫੜ ਸਕਿਆ ਪਰ ਉਸ ਦਾ ਜੋ ਭਾਵ ਹੈ ਉਹ ਅੰਦਰ ਸਮਾਅ ਗਿਆ। ਉਸ ਭਾਵ ਦੀ ਰੋਸ਼ਨੀ ਵਿਚ ਆਪਾਂ ਕੁਝ ਵਿਚਾਰਾਂ ਕਰ ਰਹੇ ਹਾਂ। ਗੁਰੂ ਮਹਾਰਾਜ ਜੀ ਨੇ ਇਸ ਸ਼ਬਦ ਦੇ ਅੰਦਰ ਜਗਿਆਸੂ ਲਈ ਮਾਰਗ ਦਰਸ਼ਨ ਕਰਾਇਆ ਹੈ। ਇਸ ਹੁਕਮਨਾਮੇ ਦੀ ਸ਼ਬਦਾਂ ਵਿਚ ਵਿਆਖਿਆ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹ ਉਸ ਦੇਸ਼ ਵਿਚੋਂ ਆਈ ਬਾਣੀ ਹੈ ਜਿਸ ਨੂੰ ਅਸੀਂ ਅਗੰਮ ਅਗੋਚਰ ਅਤੇ ਪ੍ਰਭੂ ਦਾ ਲੋਕ ਆਖਦੇ ਹਾਂ। ਅਸਾਡੀ ਅਸਥੂਲ ਬੁੱਧੀ ਇਸ ਬਾਣੀ ਨੂੰ ਆਪਣੀ ਸਥੂਲਤਾ ਦੇ ਮੁਤਾਬਿਕ ਸੰਸਾਰ ਵਿਚ ਲਾਗੂ ਕਰਦੀ ਹੈ। ਜਿਸ ਸੂਖਸ਼ਮ ਮੰਡਲ ਵਿਚੋਂ ਬਾਣੀ ਪ੍ਰਗਟ ਹੋਈ ਹੈ ਉਥੇ ਬਚਨ ਨਹੀਂ ਹੋਇਆ ਕਰਦੇ। ਉਥੇ ਕੋਈ ਮਹਾਨ ਉਚੇ ਭਾਵ ਹੁੰਦੇ ਹਨ ਜਿਨ੍ਹਾਂ ਨੂੰ ਜਦੋਂ ਸ਼ਬਦਾਂ ਦੀ ਪੁਸ਼ਾਕ ਪਹਿਨਾਈ ਜਾਂਦੀ ਹੈ ਤਾਂ ਅਸਾਡੀ ਸਮਝ ਦੇ ਅੰਦਰ ਪਰਛਾਵੇਂ ਵਾਂਗੂੰ ਉਤਰਦੇ ਹਨ ਅਤੇ ਮਨੁੱਖੀ ਸੂਝ ਦੇ ਮੁਤਾਬਿਕ ਮੇਲਣ ਦਾ ਜਤਨ ਕੀਤਾ ਹੋਇਆ ਹੈ ਲੇਕਿਨ ਇਸ ਦਾ ਪੂਰਨ ਰੂਪ ਵਿਚ ਭਾਵ ਸਿਰਫ ਓਹੀ ਸਮਝ ਸਕਦਾ ਹੈ ਜੋ ਇਨ੍ਹਾਂ ਉਚੇ ਮੰਡਲਾਂ ਵਿਚ ਨਿਵਾਸ ਰਖਦਾ ਹੋਵੇ, ਦੂਜੇ ਨੂੰ ਸਮਝ ਨਹੀਂ ਆਉਂਦੀ–

*ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥*

*ਅੰਗ – ੧੩੭੫*

ਗੁਰਬਾਣੀ ਦੇ ਸਿਧਾਂਤ ਦੇ ਮੁਤਾਬਿਕ ਵਾਹਿਗੁਰੂ ਜੀ ਆਪੇ ਹੀ ਆਪ ਹਨ, ਹੋਰ ਇਸ ਥਾਂ ਉਪਰ ਦੂਜੇ ਨੂੰ ਕੋਈ ਥਾਂ ਨਹੀਂ ਹੈ। ਇਹ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ – ੧*

ਸਭ ਪਰਿਵਰਤਨ ਹੁੰਦਿਆਂ ਹੋਇਆਂ ਵੀ ਆਪ ਹੀ ਆਪ ਹੈ ਜੋ ਇਸ ਤੋਂ ਪਸਾਰਾ ਹੋਇਆ ਹੈ ਉਹ ਵੀ ਪ੍ਰਭੂ ਆਪ ਹੀ ਹੈ। ਵਾਹਿਗੁਰੂ ਜੀ ਨੇ ਸੰਸਾਰ ਦੇ ਕ੍ਰਿਆ ਕਰਨ ਵਾਸਤੇ ਆਪਣੇ ਆਪ ਤੋਂ ਆਪੇ ਹੀ ਕੁਦਰਤ ਦੀ ਸਾਜਨਾ ਕੀਤੀ। ਇਸ ਮੂਲ ਪ੍ਰਕਿਰਤੀ ਵਿਚੋਂ ਸੂਖਸ਼ਮ ਪੰਜ ਭੂਤ ਹੋਂਦ ਵਿਚ ਆਏ, ਇਹ ਮੂਲ ਪ੍ਰਕ੍ਰਿਤੀ ਹਉਮੈ ਦੀ ਅੰਸ ਵਿਚੋਂ ਵੱਖਰੀ ਪ੍ਰਤੀਤ ਦਿਤੀ। ਹੁਕਮ ਵਿਚ ਹੀ ਪ੍ਰਕਿਰਤੀ ਉਪਰ ਵਾਹਿਗੁਰੂ ਦਾ ਪ੍ਰਤੀਬਿੰਬ ਪ੍ਰਕਾਸ਼ਿਤ ਹੋਇਆ ਅਤੇ ਇਸ ਬਿੰਬ ਦੇ ਪ੍ਰਤੀਬਿੰਬ ਦੀ ਬਦੌਲਤ ਅਨੇਕ ਜੀਵਾਂ ਦੀ ਹੋਂਦ ਕਾਇਮ ਹੋਈ ਜਿਸ ਤਰ੍ਹਾਂ ਫੁਰਮਾਨ ਹੋਇਆ ਹੈ ਕਿ ਅਕਾਸ਼ ਦੀ ਨਿਰਮਲ ਬੂੰਦ ਭੂਮ ਨੇ ਆਪਣੇ ਵਿਚ ਮਿਲਾ ਲਈ ਇਸ ਤਰ੍ਹਾਂ ਨਾਲ ਮਹਾਨ ਚੇਤਨਾ ਦੀ ਇਕ ਕਿਰਨ ਪ੍ਰਕ੍ਰਿਤੀ ਨੇ ਆਪਣੇ ਵਿਚ ਸਮਾਅ ਲਈ ਅਤੇ ਅਨੇਕ ਚਿਤਾਂ ਵਿਚ ਸਾਖਸ਼ਾਤ ਹੋ ਕੇ ਵੱਖੋ-ਵੱਖਰੀ ਸੂਝ, ਵੱਖੋ-ਵੱਖਰੀ ਹੋਂਦ ਪ੍ਰਤੀਤ ਦੇਣ ਲੱਗੀ। ਜਿਹੋ ਜਿਹੇ ਪ੍ਰਕ੍ਰਿਤਕ ਗੁਣ ਇਕ ਸਰੀਰ ਵਿਚ ਸੰਮਿਲਤ ਹੋ ਗਏ ਉਹੋ ਜਿਹੀ ਹੀ ਮਤਿ ਉਸ ਵਜੂਦ ਨੂੰ ਪ੍ਰਾਪਤ ਹੋਈ। ਇਸ ਤਰ੍ਹਾਂ ਸਮਝ ਲਵੋ ਕਿ ਜੋ ਅਸਾਡੀ ਹੋਂਦ ਹੈ ਇਹ ਮਹਾਨ ਸਾਗਰ ਦੇ ਵਿਚੋਂ ਇਕ ਬੂੰਦ ਦੀ ਹੋਂਦ ਦੇ ਮੁਤਾਬਿਕ ਹੈ। ਜੋ ਸਾਗਰ ਦੀ ਅੰਸ ਹੁੰਦਿਆਂ ਹੋਇਆਂ ਵੱਖਰੀ ਹੋ ਕੇ ਨਿਮਾਣੀ-ਨਿਤਾਣੀ ਬੂੰਦ ਬਣ ਗਈ। ਇਸ ਵਿਚ ਵੱਖਰੀ ਸੂਝ, ਵੱਖਰਾ ਅਨੁਭਵ, ਵੱਖਰੀ ਹਸਤੀ ਯਾਨਿ ਕਿ ਵਖਰਾਪੁਣ ਪੈਦਾ ਹੋ ਗਿਆ, ਸਮੁੱਚਤਾ ਦੇ ਨਾਲੋਂ ਆਪਣੇ ਆਪ ਨੂੰ ਵੱਖਰਾ ਸਮਝਣਾ ਸ਼ੁਰੂ ਹੋਇਆ। ਇਹ ਚੇਤਨ ਅੰਸ ਪ੍ਰਕ੍ਰਿਤੀ ਦੇ ਵਿਚ ਰਚ ਗਈ, ਪ੍ਰਕ੍ਰਿਤੀ ਦੇ ਧੱਕੇ ਨਾਲ ਪਹਿਲਾਂ ਇਹ ਇਕ ਅਨੰਦ ਦੇ ਮੰਡਲ ਵਿਚ ਉਤਰੀ, ਫੇਰ ਬੁੱਧੀ ਦੇ ਮੰਡਲ ਵਿਚ ਪ੍ਰਵਿਰਤ ਹੋਈ, ਫੇਰ ਪ੍ਰਾਣ ਸ਼ਕਤੀ ਮੰਡਲ ਵਿਚ ਕੋਈ ਹੋਂਦ ਧਾਰਨ ਕਰਨ ਲਈ ਹੋਰ ਹੇਠਾਂ ਉਤਰੀ ਅਤੇ ਅੰਤ ਵਿਚ ਪੰਜਾਂ ਤੱਤਾਂ ਦੇ ਬਣੇ ਹੋਏ ਸਰੀਰ, ਜੋ ਅੰਨ੍ਹ ਪਾਣੀ ਨਾਲ ਚਲਦਾ ਹੈ, ਦੇ ਵਿਚ **life current** ਬਣ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਗਈ। ਹੁਣ ਜੇ ਯਾਦ ਰਹਿ ਗਿਆ ਤਾਂ ਕੇਵਲ ਇਹ ਕਿ ਮੈਂ ਪੰਜ ਤੱਤ ਦਾ ਸਰੀਰ ਹਾਂ, ਮੇਰਾ ਮਜ਼ਹਬ ਹਿੰਦੂ ਹੈ, ਸਿੱਖ ਹੈ, ਮੁਸਲਮਾਨ ਹੈ ਜਾਂ ਈਸਾਈ ਹੈ, ਮੈਂ ਅਮੀਰ ਹਾਂ, ਗਰੀਬ ਹਾਂ, ਦੁਖੀ ਹਾਂ, ਸੁਖੀ ਹਾਂ ਯਾਨਿ ਹਰ ਪਾਸਿਓਂ ਮੈਂ-ਮੈਂ ਨਾਲ ਘਿਰ ਗਏ। ਐਨੇ ਹਨ੍ਹੇਰੇ ਵਿਚ ਇਹ ਪ੍ਰਵੇਸ਼ ਕਰ ਗਈ ਕਿ ਇਸ ਨੂੰ ਆਪਣਾ ਆਪ ਪੂਰਨ ਰੂਪ ਵਿਚ ਭੁੱਲ ਗਿਆ। ਸਾਧੂ ਮਹਾਂਪੁਰਸ਼

ਆਵਾਜ਼ਾਂ ਦੇ-ਦੇ ਕੇ ਇਸ ਨੂੰ ਆਪਣੀ ਹੋਂਦ ਬਾਰੇ ਦਸਦੇ ਹਨ ਪਰ ਕੀ ਮਜ਼ਾਲ ਕਿ ਇਕ ਅੰਸ ਮਾਤਰ ਵੀ ਉਹ ਆਵਾਜ਼ ਇਸ ਅੰਦਰ ਸੋਝੀ ਦੇਵੇ? ਮਹਾਂਪੁਰਸ਼ ਫੁਰਮਾਨ ਕਰਦੇ ਹਨ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਉਹ ਇਸ ਨੂੰ ਲੱਖ ਉਪਦੇਸ਼ ਦੇਣ, ਇਹ ਮੰਨਣ ਵਾਸਤੇ ਤਿਆਰ ਹੀ ਨਹੀਂ ਹੁੰਦਾ। ਜੋ ਕੁਝ ਇਸ ਦੀ ਬੁੱਧੀ ਵਿਚ ਸਮਾਅ ਗਿਆ, ਉਸ ਤੋਂ ਟਸ ਤੋਂ ਮਸ ਨਹੀਂ ਹੁੰਦਾ। ਹਿੰਦੂ-ਹਿੰਦੂ ਹੈ, ਮੁਸਲਮਾਨ-ਮੁਸਲਮਾਨ ਹੈ, ਸਿੱਖ-ਸਿੱਖ ਹੈ, ਈਸਾਈ-ਈਸਾਈ ਹੈ, ਪ੍ਰੰਤੂ ਇਸ ਨੂੰ ਪੂਰਨ ਰੂਪ ਵਿਚ ਭੁੱਲ ਗਿਆ ਕਿ ਭੇਖ ਹੈ, ਮੈਂ ਪੂਰਨ ਗਿਆਨਵਾਨ ਸੱਤਾ ਹਾਂ ਜੋ ਪ੍ਰਕ੍ਰਿਤੀ ਨਾਲ ਰਲ ਕੇ ਤਿੰਨਾਂ ਗੁਣਾਂ ਦੇ ਅਸਰਾਂ ਅਧੀਨ ਕਿਸੇ ਖੰਡ ਵਿਚ ਸੰਮਿਲਤ ਕੀਤੀ ਹੋਈ ਹਾਂ। ਕਰਮ ਕਰਦਾ ਹੈ ਭਾਵਨਾ ਅੰਦਰ ਪੈਦਾ ਹੋਈ ਰਹਿੰਦੀ ਹੈ ਕਿ ਮੈਂ ਐਨਾ ਦਾਨ ਦਿਤਾ, ਮੈਂ ਐਨੀ ਸੇਵਾ ਕੀਤੀ, ਮੈਂ ਐਨਾ ਪਾਠ ਕਰਦਾ ਹਾਂ, ਗਿਆਨੀ ਹਾਂ, ਮੈਂ ਨੇਤਾ ਹਾਂ, ਮੈਂ 'ਮੈਂ' ਹੀ 'ਮੈਂ' ਹਾਂ। ਫਲਸਰੂਪ ਇਸ ਦੇ ਕੀਤੇ ਹੋਏ ਸਾਰੇ ਕਰਮ ਜੋ ਅਗਿਆਨ ਵਿਚ ਪੂਰੀ ਤਰ੍ਹਾਂ ਨਾਲ ਅੰਧ-ਘੋਰ ਵਿਚ ਸਨ ਉਹ ਇਸ ਨੂੰ ਚਿੰਬੜ ਗਏ। ਉਨ੍ਹਾਂ ਦੇ ਭੋਗਣ ਲਈ ਇਹ ਜਨਮ-ਦਰ-ਜਨਮ ਘੁਮੇਟਣੀਆਂ ਖਾਣ ਲੱਗਿਆ, ਉੱਚੀਆਂ-ਨੀਵੀਆਂ ਅਨੇਕ ਅਨੁਭਵਾਂ ਦੀਆਂ ਜ਼ਿੰਦਗੀਆਂ ਵਿਚੋਂ ਹੋ ਕੇ ਗੇੜੇ ਖਾਂਦਾ ਤੁਰਿਆ ਜਾਂਦਾ ਹੈ। ਘੁੰਮਦੇ-ਘੁੰਮਦੇ ਨੂੰ ਮਨੁੱਖਾ ਦੇਹੀ ਪ੍ਰਾਪਤ ਹੋ ਜਾਂਦੀ ਹੈ ਮਹਾਂਪੁਰਸ਼ਾਂ ਵਲੋਂ ਅਵਾਜ਼ਾਂ ਆਉਂਦੀਆਂ ਹਨ ਕਿ ਐ ਜੀਵ! ਅਸਾਡੀ ਅਵਾਜ਼ ਸੁਣ, ਵਿਚਾਰ, ਸੋਝੀ ਪ੍ਰਾਪਤ ਕਰ, ਤੂੰ ਹੁਣ 83 ਲੱਖ 99 ਹਜ਼ਾਰ, 999 ਜੂਨਾਂ ਦਾ ਚੱਕਰ ਕੱਟ ਕੇ ਮਨੁੱਖ ਦੇ ਸਰੀਰ ਵਿਚ ਰੂਪਮਾਨ ਹੋ ਰਿਹਾ ਹੈਂ, ਹੁਣ ਵਾਰੀ ਆ ਗਈ ਹੈ ਕਿ ਤੂੰ ਇਸ 84 ਦੇ ਚੱਕਰ ਵਿਚੋਂ ਨਿਕਲ ਕੇ ਆਪਣੀ ਉਸ ਅਵਸਥਾ ਨੂੰ ਪ੍ਰਾਪਤ ਕਰ, ਜਿਸ ਥਾਂ ਤੋਂ ਤੂੰ ਪ੍ਰਭੂ ਨਾਲੋਂ ਵੱਖ ਹੋਇਆ ਸੀ।

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

ਪਰ ਹੁੰਦਾ ਕੀ ਹੈ? ਇਹ ਨਾ ਕਿਸੇ ਗੁਰੂ ਦੀ ਸੁਣਦਾ ਹੈ, ਨਾ ਮੁਰਸ਼ਦ ਦੀ, ਨਾ ਕਿਸੇ ਵੇਦ-ਸ਼ਾਸਤਰ ਨੂੰ ਸੁਣਦਾ ਹੈ, ਨਾ ਕਦੇ ਕੁਰਾਨ ਸਰੀਫ ਦੇ ਹੱਕ ਦੀ ਅਵਾਜ਼ ਇਸ ਨੂੰ ਅਸਰ ਕਰਦੀ ਹੈ, ਬਾਈਬਲ ਦੇ ਸਿਧਾਂਤ ਇਸ ਨੂੰ ਕੋਈ ਅਸਰ ਨਹੀਂ ਕਰਦੇ, ਅਨੇਕਾਂ ਤੱਤ ਬੇਤੇ ਮਹਾਂਪੁਰਸ਼ ਇਸ ਨੂੰ ਬੜੀ ਸਾਦੀ ਬੋਲੀ ਵਿਚ ਆਪਣੇ ਸਫਰ ਦੀ ਪ੍ਰਾਪਤੀ ਦਾ ਰਾਹ ਦਸਦੇ ਹਨ ਪਰ ਇਹ ਤਿੰਨਾਂ ਗੁਣਾਂ ਦੇ ਭਾਵਾਂ ਵਿਚ ਐਨਾ ਗ੍ਰਸਤ ਹੋਇਆ ਹੁੰਦਾ ਹੈ ਕਿ ਕਿਸੇ ਦੀ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦਾ, ਸਮਾਂ ਲੰਘ ਜਾਂਦਾ ਹੈ। ਫੁਰਮਾਨ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੮*

ਕੀ ਕਿਹਾ ਜਾਵੇ ਇਸ ਲੰਮੇ ਸਫਰ ਬਾਰੇ -

*ਕਬਹੂ ਜੀਅੜਾ ਊਭਿ ਚੜਤੁ ਹੈ*
*ਕਬਹੂ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥*
*ਅੰਗ- ੮੭੬*

ਇਹ ਜੀਵ ਪੁੰਨਾਂ ਦੇ ਫਲ ਨਾਲ ਦੇਵ ਲੋਕਾਂ ਵਿਚ ਪ੍ਰਵੇਸ਼ ਕਰ ਜਾਂਦਾ ਹੈ, ਪਾਪਾਂ ਦੇ ਕਲੰਕਾਂ ਨਾਲ ਬਦਸੂਰਤ ਹੋਇਆ ਨਰਕਾਂ ਦੀ ਅਗਨ ਵਿਚ ਹਾਏ-ਹਾਏ ਕਰਦਾ ਹੈ ਪਰ ਕੋਈ ਇਸ ਨੂੰ ਥਾਂ ਨਹੀਂ ਲੱਭਦਾ, ਇਹ ਆਪਣੇ ਆਪ ਨੂੰ ਭੁੱਲ ਜਾਂਦਾ ਹੈ। ਪ੍ਰਭੂ ਨੇ ਇਸ ਦੇ ਭਲੇ ਲਈ ਆਪਣੇ ਪਿਆਰਿਆਂ ਨੂੰ ਸੰਸਾਰ ਵਿਚ ਭੇਜਿਆ ਹੈ ਉਨ੍ਹਾਂ ਨੇ ਇਸ ਨੂੰ ਸਮਝਾਉਣ ਲਈ ਦਲੀਲਾਂ ਨਾਲ, ਜੁਗਤੀਆਂ ਨਾਲ, ਅਨੇਕ ਜਤਨ ਕੀਤੇ। ਅਨੁਭਵੀ ਮਹਾਂਪੁਰਸ਼ਾਂ ਨੇ ਅਜਿਹੇ ਰਸਤੇ ਕੱਢੇ ਜਿਸ ਵਿਚ ਇਹ ਖਾਂਦਾ-ਪੀਂਦਾ, ਬੱਚੇ ਪਾਲਦਾ, ਮਾਇਆ ਵਿਚ ਗੁਲਤਾਨ ਹੋਇਆ-ਹੋਇਆ ਕਿਸੇ ਕਿਨਾਰੇ ਪਹੁੰਚ ਸਕੇ, ਪਰ ਹੈਰਾਨੀ ਦੀ ਗੱਲ ਹੈ ਕਿ ਜੋ ਕੁਝ ਇਸ ਨੇ ਆਪਣੇ ਚੌਗਿਰਦੇ ਦੇ ਮੁਤਾਬਿਕ ਤਿੰਨਾਂ ਗੁਣਾਂ ਦੇ ਅਸਰਾਂ ਦੇ ਅਧੀਨ, ਮਤ ਬਣਾ ਲਿਆ ਹੈ ਉਸ ਤੋਂ ਟਸ ਤੋਂ ਮਸ ਨਹੀਂ ਹੁੰਦਾ। ਪਹਿਲਾਂ ਤਾਂ ਇਸ ਨੂੰ ਆਪਣੇ ਆਪ ਦਾ ਪਤਾ ਹੀ ਨਹੀਂ ਲਗਦਾ ਭਾਵੇਂ ਗਿਆਨੀ ਹੋਵੇ, ਭਾਵੇਂ ਪ੍ਰਚਾਰਕ ਹੋਵੇ, ਕਥਾ ਕਰਦਾ ਹੋਵੇ, ਕੁਝ ਵੀ ਹੋਵੇ ਆਪਣੀ ਹੋਂਦ ਤੋਂ ਅਣਜਾਣ ਰਹਿੰਦਾ ਹੈ, ਜੋ ਕੁਝ ਵੀ ਕਰ ਰਿਹਾ ਹੁੰਦਾ ਹੈ ਉਹ ਹਉਮੈ ਦੇ ਅਸਰਾਂ ਦੇ ਅਧੀਨ ਹੋਇਆ-ਹੋਇਆ ਆਪਣੇ ਆਪ ਨੂੰ ਏਕਤਾ ਤੋਂ ਤੋੜ ਕੇ ਅਨੇਕਤਾ ਦੇ ਪ੍ਰਭਾਵ ਵਿਚ ਆਇਆ ਕਰ ਰਿਹਾ ਹੁੰਦਾ ਹੈ। ਇਸ ਦੀ ਹਉਮੈ ਭਰੀ ਸੂਝ ਇਸ ਦੇ ਹਰ ਕੰਮ ਲਈ ਰੁਕਾਵਟ ਹੈ ਕਿਉਂਕਿ ਇਹ ਆਪਣੀ

ਸੁਰਤ ਤੋਂ ਲਾਂਭੇ ਨਹੀਂ ਹੋਣਾ ਚਾਹੁੰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਭੋਲਿਆ ਹਉਮੈ ਸੁਰਤਿ ਵਿਸਾਰਿ ॥*
*ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥*

*ਅੰਗ– ੧੧੯੮*

ਅਨੇਕ ਮਹਾਂਪੁਰਸ਼ ਇਸ ਦੇ ਭਲੇ ਲਈ ਜਤਨ ਕਰਦੇ ਹਨ, ਗੁਰੂਆਂ ਦੀ ਬਾਣੀ ਨੂੰ ਗੁਰੂ ਮੰਨਦਾ ਹੈ, ਝਗੜੇ ਕਰਦਾ ਹੈ ਪਰ ਕੀ ਮਜ਼ਾਲ ਹੈ ਕਿ ਉਸ ਦਾ ਕਿਹਾ ਹੋਇਆ ਇਕ ਅੱਖਰ ਵੀ ਆਪਣੇ ਹਿਰਦੇ ਵਿਚ ਧਾਰ ਲਵੇ। ਉਹ ਬਾਣੀ ਕਹਿੰਦੀ ਹੈ ਕਿ ਤੂੰ ਆਪਣਾ ਮੂਲ ਪਛਾਣ, ਤੂੰ ਸਰੀਰ ਨਹੀਂ ਹੈਂ, ਤੂੰ ਪੰਜਾਂ ਤੱਤਾਂ ਵਿਚੋਂ ਕੋਈ ਤੱਤ ਨਹੀਂ ਹੈ, ਤੂੰ ਪੰਜਾਂ ਪ੍ਰਾਣਾਂ ਵਿਚੋਂ ਕੋਈ ਪ੍ਰਾਣ ਨਹੀਂ ਹੈ, ਤੂੰ ਪੰਜ ਕਿਸਮ ਦੀ ਵਾਯੂ ਵਿਚੋਂ ਕੋਈ ਵਾਯੂ ਨਹੀਂ ਹੈਂ, ਨਾ ਕਿਸੇ ਗਿਆਨ ਇੰਦਰੇ ਵਿਚੋਂ ਗਿਆਨ ਇੰਦਰਾ ਹੈਂ, ਨਾ ਕਰਮ ਇੰਦਰੇ ਵਿਚੋਂ ਕੋਈ ਕਰਮ ਇੰਦਰਾ ਹੈਂ, ਇਹ ਸਭ ਤੇਰੇ **tools** ਹਨ, ਪ੍ਰਾਣ ਤੇਰੇ ਤੈਨੂੰ ਜੀਵਤ ਰਖਦੇ ਹਨ, ਮਨ ਤੇਰਾ ਫੁਰਨੇ ਕਰਕੇ ਸਰੀਰ ਨੂੰ ਤੋਰਦਾ ਹੈ ਤੂੰ ਉਹ ਵੀ ਨਹੀਂ ਹੈਂ, ਬੁੱਧੀ ਤੈਨੂੰ ਸਤਿ ਤੇ ਅਸਤਿ ਦੀ ਵਿਚਾਰ ਲਈ ਪ੍ਰਾਪਤ ਹੋਈ ਹੈ, ਤੂੰ ਬੁੱਧੀ ਨਹੀਂ ਅਤੇ ਨਾ ਹੀ ਤੂੰ ਚਿੱਤ ਹੈਂ ਅਤੇ ਨਾ ਹੀ ਤੂੰ ਤੂੰ ਹੈਂ, ਤੇਰੀ ਹੋਂਦ ਹੈ ਹੀ ਨਹੀਂ, ਜੇ ਹੈ ਤਾਂ ਕੇਵਲ ਇਕੋ ਜੋਤ ਆਪਣਾ ਖੇਲ੍ਹ ਆਪੇ ਕਰ ਰਹੀ ਹੈ। ਜਿਸ ਬਾਰੇ ਫੁਰਮਾਨ ਹੈ –

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*

*ਜਾਪੁ ਸਾਹਿਬ*

ਹੈਰਾਨੀ ਹੁੰਦੀ ਹੈ ਕਿ ਇਹ ਗੁਰੂਆਂ, ਪੀਰਾਂ ਨੂੰ ਪੂਰਾ ਸਤਿਕਾਰ ਦਿੰਦਾ ਹੋਇਆ, ਉਨ੍ਹਾਂ ਤੋਂ ਸਭ ਕੁਝ ਮੰਗਦਾ ਹੋਇਆ, ਉਨ੍ਹਾਂ ਦੇ ਬਚਨਾਂ ਉਪਰ ਬਿਲਕੁਲ ਭਰੋਸਾ ਨਹੀਂ ਕਰਦਾ, ਵਿਸ਼ਵਾਸ਼ ਹੀ ਨਹੀਂ ਆਉਂਦਾ। ਇਹ ਮੰਨਣ ਨੂੰ ਤਿਆਰ ਹੀ ਨਹੀਂ ਕਿ ਮੈਂ ਜੋਤ ਹਾਂ। ਇਸ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ ਕਿ ਸ਼ੀਸ਼ੇ ਦੇ ਸਾਮ੍ਹਣੇ ਖੜ੍ਹਾ ਹੋ ਕੇ ਜੋ ਮੈਨੂੰ ਦਿਸਦਾ ਹੈ ਮੈਂ ਉਹੀ ਹਾਂ। ਮੈਂ ਜੋਤ ਨਹੀਂ ਹਾਂ, ਕਿੰਨੀਆਂ ਮਨੌਤਾਂ ਇਸ ਦੇ ਮਨ ਵਿਚ ਹੁੰਦੀਆਂ ਹਨ, ਇਕ ਵੀ ਮਨੌਤ ਛੱਡਣ ਵਾਸਤੇ ਤਿਆਰ ਨਹੀਂ ਹੁੰਦਾ। ਇਹ ਜੀਵ ਓਪਰੇ ਮਨ ਨਾਲ ਮਜ਼ਬੂਰੀ ਦੇ ਵਿਚ ਧਰਮ ਮੰਦਰਾਂ ਵਿਚ ਆਉਂਦਾ ਹੈ, ਮਹਾਂਪੁਰਸ਼ਾਂ ਦੇ ਬਚਨ ਸੁਣਦਾ ਹੈ, ਕੀਰਤਨ ਸੁਣਦਾ ਹੈ, ਨੇਤਰ ਬੰਦ ਕਰ ਕਰਕੇ ਬੈਠਦਾ ਹੈ, ਰਸਨਾ ਦੇ ਨਾਲ ਬਾਣੀ ਦਾ ਪਾਠ, ਗਾਇਤ੍ਰੀ ਦਾ ਪਾਠ ਕਰਦਾ ਹੈ, ਪੰਜ ਵੇਲੇ ਨਮਾਜ਼ ਪੜ੍ਹਦਾ ਹੈ, ਬੇਅੰਤ ਕਿਸਮ ਦੇ ਲੈਕਚਰ ਸੁਣਦਾ ਹੈ, ਕੀਰਤਨ ਸੁਣਦਾ ਵੀ ਹੈ, ਕਰਦਾ ਵੀ ਹੈ ਲੇਕਿਨ ਸਭ ਕੁਝ ਕਰਦਾ ਹੋਇਆ, ਕਿਸੇ ਲੇਖੇ ਵਿਚ ਪੈਂਦਾ ਹੈ ਕਿ ਨਹੀਂ ਪੈਂਦਾ ਇਹ ਵਿਚਾਰਿਆਂ ਹੀ ਪਤਾ ਲਗਦਾ ਹੈ। ਪੁਸਤਕਾਂ ਦੇ ਅੰਬਾਰ ਲੱਗੇ ਪੜ੍ਹ ਲੈਂਦਾ ਹੈ ਪਰ ਲੇਖੇ ਵਿਚ ਤਾਂ ਇਕ ਗੱਲ ਹੀ ਹੈ ਬਾਕੀ ਤਾਂ ਹਉਮੈ ਦਾ ਝੱਖਣਾ ਝਾਖ ਹੈ ਕਿਉਂਕਿ ਪ੍ਰਤੀਤ ਤੇ ਭਰੋਸੇ ਤੋਂ ਬਗੈਰ ਸਾਰੀ ਕ੍ਰਿਆ ਕਰ ਰਿਹਾ ਹੈ, ਇਸ ਦੇ ਅੰਦਰ ਭਰੋਸਾ ਨਹੀਂ ਬੱਝ ਰਿਹਾ, ਇਹ ਦ੍ਰਿੜ੍ਹ ਭਾਵਨਾ ਹੈ ਕਿ ਮੇਰੇ ਪੁੱਤਰ ਮੇਰੇ ਹੀ ਹਨ, ਮੇਰੇ ਰਿਸ਼ਤੇਦਾਰ ਮੇਰੇ ਹੀ ਹਨ, ਮੇਰੀ ਜਾਇਦਾਦ ਮੇਰੀ ਹੀ ਹੈ, ਮੈਂ-ਮੈਂ ਹੀ ਹਾਂ। ਕੀ ਫਾਇਦਾ ਹੋਇਆ ਐਨੇ ਕਰਮ ਕਰਨ ਦਾ ਜੇ ਗੁਰੂ ਬਚਨਾਂ ਤੇ ਪ੍ਰਤੀਤ ਹੀ ਨਹੀਂ ਆ ਰਹੀ, ਗੁਰੂ ਨਾਲ ਦੀ ਨਾਲ ਆਖ ਰਹੇ ਹਨ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ– ੬੬੯*

ਜ਼ਿੰਦਗੀ ਵਿਚ ਅਨੇਕਾਂ ਲੈਕਚਰ ਸੁਣੇ, ਮਹਾਂਪੁਰਸ਼ਾਂ ਦੇ ਬਚਨ ਸੁਣੇ, ਰੱਬੀ ਬਾਣੀ ਦੇ ਲਗਾਤਾਰ ਪਾਠ ਸੁਣੇ, ਆਪ ਵੀ ਕਰ ਲਏ, ਪਰ ਅੰਦਰ ਖਾਲੀ ਹੈ। ਭਰੋਸਾ ਨਹੀਂ ਆ ਰਿਹਾ ਇਸ ਨੂੰ। ਇਹ ਮੰਨਣ ਵਾਸਤੇ ਤਿਆਰ ਹੀ ਨਹੀਂ ਹੁੰਦਾ ਕਿ ਮੈਂ, ਮੈਂ ਨਹੀਂ ਹਾਂ, ਪੜ੍ਹਦਾ ਹੋਇਆ, ਵਿਚਾਰਦਾ ਹੋਇਆ ਵੀ ਇਹ ਇਸ ਭਰੋਸੇ ਵਿਚ ਰਹਿੰਦਾ ਹੈ ਕਿ ਮੈਂ, ਮੈਂ ਹਾਂ। ਮੈਂ, ਮੈਂ ਨਹੀਂ ਹਾਂ, ਇਹ ਨਹੀਂ ਉਸ ਦੀ ਸਮਝ ਵਿਚ ਆਉਂਦਾ। ਭਰੋਸੇ ਤੋਂ ਹੀਣਾ ਰਹਿ ਕੇ ਕੀ ਫਲ ਪਾਉਂਦਾ ਹੈ। ਗਾਵਿਆ ਸੁਣਿਆ ਤਾਂ ਉਨ੍ਹਾਂ ਦਾ ਹੀ ਥਾਂ ਪੈਂਦਾ ਹੈ ਜਿਹੜੇ ਸਤਿਗੁਰੂ ਦੇ ਸਿਧਾਂਤ ਨੂੰ ਸਤਿ ਜਾਣ ਕੇ ਆਪਣਾ ਆਪ ਹੀ ਗੁਆ ਦਿੰਦੇ ਹਨ। ਭਰੋਸਾ ਕਿਉਂ ਨਹੀਂ ਆਉਂਦਾ? ਉਸ ਦਾ ਕਾਰਨ ਗੁਰਬਾਣੀ ਵਿਚ ਖੋਲ੍ਹ ਕੇ ਦਸਿਆ ਹੋਇਆ ਹੈ ਕਿ ਮਾਇਆ ਠੱਗਣੀ ਨੇ ਇਸ ਨੂੰ ਠਗਮੂਰੀ ਬੂਟੀ ਸੁੰਘਾ ਕੇ ਬੇਸੁਰਤਿ ਕਰ ਦਿਤਾ। ਇਸ ਨੂੰ ਪੂਰੀ ਤਰ੍ਹਾਂ ਨਾਲ ਮੋਹਿਤ ਕਰ ਲਿਆ, ਇਸ ਨੂੰ ਜਾਗ ਨਹੀਂ ਆਉਣ ਦਿੰਦੀ। ਇਹ ਪੂਰੀ ਤਰ੍ਹਾਂ ਭੁੱਲ ਗਿਆ।

ਮਹਾਂਪੁਰਸ਼ ਸੰਤ ਮਹਾਰਾਜ ਜੀ (ਰਾੜਾ ਸਾਹਿਬ ਵਾਲੇ) ਆਪਣੇ ਪ੍ਰਵਚਨਾਂ ਵਿਚ ਜਗਿਆਸੂ ਦੀ ਸੋਧ

ਲਈ ਫੁਰਮਾਨ ਕਰਿਆ ਕਰਦੇ ਸਨ ਕਿ ਇਕ ਵਾਰੀ ਇਕ ਰਾਜਾ, ਦੂਸਰੇ ਰਾਜੇ ਦੇ ਨਿਮੰਤਰਣ ਨੂੰ ਸਵੀਕਾਰ ਕਰਕੇ ਰਾਤ ਦੇ ਭੋਜਨ ਸਮੇਂ ਗਿਆ ਜਿਸ ਨੂੰ ਅੰਗ੍ਰੇਜ਼ੀ ਵਿਚ **dinner** ਆਖਦੇ ਹਨ। ਉਥੇ ਉਸ ਰਾਜੇ ਨੇ ਅਨੇਕ ਕਿਸਮ ਦੀਆਂ ਸ਼ਰਾਬ ਦੀਆਂ ਬੋਤਲਾਂ ਰੱਖੀਆਂ ਹੋਈਆਂ ਸਨ। ਇਸ ਰਾਜੇ ਨੇ ਸ਼ਰਾਬ ਪੀ ਲਈ। ਸ਼ਰਾਬ ਦਾ ਇਹ ਅਸੂਲ ਹੈ ਜੇ ਕੋਈ ਬੰਦਾ ਨਸ਼ੇ ਵਿਚ ਆ ਜਾਵੇ ਤਾਂ ਉਸ ਨੂੰ ਅੰਦਰੋਂ ਇਹ ਭਾਸਦਾ ਰਹਿੰਦਾ ਹੈ ਕਿ ਮੈਨੂੰ ਨਸ਼ਾ ਨਹੀਂ ਹੋਇਆ, ਮੈਂ ਹੋਰ ਪੀ ਸਕਦਾ ਹਾਂ। ਇਸ ਤਰ੍ਹਾਂ ਕਰਦੇ-ਕਰਦੇ ਇਹ, ਐਨਾ ਨਸ਼ਾ ਪੀ ਜਾਂਦਾ ਹੈ ਕਿ ਇਹ, ਇਸ ਨੂੰ ਪੂਰੀ ਤਰ੍ਹਾਂ ਨਾਲ ਬੇਹੋਸ਼ੀ ਵਿਚ ਲੈ ਜਾਂਦੀ ਹੈ। ਉਸ ਵੇਲੇ ਇਸ ਨੂੰ ਆਪਣਾ ਆਪ ਭੁੱਲ ਜਾਂਦਾ ਹੈ। ਵੈਸੇ ਤਾਂ ਮਹਾਂਪੁਰਸ਼ਾਂ ਨੇ ਨਸ਼ੇ ਦੀਆਂ ਚਾਰ ਹਾਲਤਾਂ ਦੱਸੀਆਂ ਹਨ ਕਿ ਪਹਿਲਾ ਪੈਗ ਪੀ ਕੇ ਤੋਤਾ ਬਣਦਾ ਹੈ ਤੇ ਤੋਤੇ ਵਾਂਗ ਟਿਆਂ-ਟਿਆਂ ਕਰਦਾ ਹੈ, ਸਾਰੇ ਹੀ ਸ਼ਰਾਬੀ ਆਪਣੀ-ਆਪਣੀ ਗੱਲ ਕਰਦੇ ਹਨ, ਕੋਈ ਆਪਣੀ ਕੀਤੀ ਗੱਲ ਦੇ ਜਵਾਬ ਦਾ ਇੰਤਜ਼ਾਰ ਨਹੀਂ ਕਰਦਾ। ਜਦੋਂ ਦੂਸਰਾ ਪੈਗ ਪੀਂਦਾ ਹੈ ਫੇਰ ਇਹ ਸ਼ੇਰ ਬਣਦਾ ਹੈ, ਡਰਪੋਕ ਤੋਂ ਡਰਪੋਕ ਬੰਦਾ ਵੀ ਲਲਕਾਰ ਮਾਰਦਾ ਹੈ ਅਤੇ ਕਹਿੰਦਾ ਹੈ ਕਿ ਤੁਹਾਨੂੰ ਕੌਣ ਤੰਗ ਕਰਦਾ ਹੈ, ਮੈਨੂੰ ਦੱਸੋ, ਮੈਂ ਹੁਣੇ ਸੋਧ ਦਿੰਦਾ ਹਾਂ। ਜਦੋਂ ਤੀਜਾ ਪੈਗ ਇਸ ਦੇ ਅੰਦਰ ਜਾਂਦਾ ਹੈ ਤਾਂ ਇਹ ਸ੍ਰੀ ਮਾਨ ਗਧੇ ਦਾ ਸੁਭਾਅ ਲੈ ਲੈਂਦਾ ਹੈ ਅਤੇ ਇਸ ਨੂੰ ਪਤਾ ਹੀ ਨਹੀਂ ਰਹਿੰਦਾ ਕਿ ਜਿਹੜਾ ਕੁਝ ਮੈਂ ਖਾ ਪੀ ਰਿਹਾ ਹਾਂ ਉਹ ਮੇਰੇ ਉਪਰ ਹੀ ਡੁੱਲ੍ਹ ਰਿਹਾ ਹੈ, ਮੇਰੇ ਕੱਪੜਿਆਂ ਉਪਰ ਗਿਰ ਰਿਹਾ ਹੈ, ਮੇਰੇ ਅੰਦਰ ਨਹੀਂ ਜਾ ਰਿਹਾ। ਚੌਥੇ ਪੈਗ ਨਾਲ ਇਹ ਅਵਸਥਾ ਬਣਦੀ ਹੈ ਕਿ ਬੇਹੋਸ਼ ਹੋ ਕੇ ਉਹ ਜ਼ਮੀਨ ਤੇ ਗਿਰ ਜਾਂਦਾ ਹੈ, ਕੋਈ ਬਜ਼ਾਰ ਵਿਚ ਗਿਰ ਜਾਂਦਾ ਹੈ। ਨਸ਼ਾ ਜ਼ਿਆਦਾ ਹੋਣ ਕਰਕੇ ਇਸ ਨੂੰ ਉਲਟੀ ਆ ਜਾਂਦੀ ਹੈ, ਮੂੰਹ ਸਾਫ ਨਹੀਂ ਕਰਦਾ, ਨੇੜੇ ਹੀ ਖੜ੍ਹਾ ਕੁੱਤਾ ਵੇਖ ਰਿਹਾ ਹੁੰਦਾ ਹੈ, ਕੁੱਤਾ ਆਪਣੀ ਜੀਭ ਨਾਲ ਇਸ ਦਾ ਮੂੰਹ ਚੱਟ ਜਾਂਦਾ ਹੈ ਅਤੇ ਇਹ ਦੋਵੇਂ ਹੱਥ ਚੁੱਕ ਕੇ ਭੁਲੇਖੇ ਨਾਲ ਬਾਹਵਾਂ ਉਸ ਦੇ ਗਲ ਵਿਚ ਪਾ ਲੈਂਦਾ ਹੈ। ਸੋ ਉਸ ਰਾਜੇ ਨੇ ਨਸ਼ਾ ਐਸਾ ਪੀ ਲਿਆ। ਵਜ਼ੀਰ ਨੇ ਭਾਂਪ ਲਿਆ ਕਿ ਅਸਾਡੇ ਮਹਾਰਾਜ ਜੋ ਬਚਨ ਕਰ ਰਹੇ ਹਨ ਉਹ ਅਗੜੇ-ਦੁਗੜੇ ਹਨ ਇਸ ਗੱਲ ਤੋਂ ਕਿ ਕੋਈ ਬੇਇਜ਼ਤੀ ਨਾ ਹੋ ਜਾਵੇ ਉਨ੍ਹਾਂ ਨੇ ਉਸ ਰਾਜੇ ਨੂੰ ਬੱਘੀ ਵਿਚ ਬਿਠਾ ਲਿਆ ਅਤੇ ਆਪਣੀ ਰਿਹਾਇਸ਼ ਵਲ ਨੂੰ ਵਾਪਸ ਤੁਰ ਪਏ। ਜਦੋਂ ਰਾਜਾ ਆਪਣੇ ਮਹੱਲਾਂ ਦੇ ਨੇੜੇ ਪਹੁੰਚਿਆ ਤਾਂ ਕੀ ਦੇਖਦਾ ਹੈ ਕਿ ਉਥੇ ਸੁਰੱਖਿਆ ਗਾਰਦ ਵਾਲੇ ਚਾਰੇ ਪਾਸੇ ਘੁੰਮ ਕੇ ਪਹਿਰਾ ਦੇ ਰਹੇ ਹਨ। **Day Officer** ਪੂਰੀ ਤਰ੍ਹਾਂ ਚੁਕੰਨਾ ਰਹਿ ਕੇ ਆਪਣੇ ਅਧੀਨ ਸਿਪਾਹੀਆਂ ਦੀ ਡਿਊਟੀ ਨੂੰ ਗਹੁ ਨਾਲ ਦੇਖ ਰਿਹਾ ਹੈ। ਇਹ ਰਾਜਾ ਕਹਿਣ ਲੱਗਿਆ, "ਮੇਰੀ ਬੱਘੀ ਰੋਕੋ।" ਜਦੋਂ ਉਤਰਦਾ ਹੈ ਉਸ ਵੇਲੇ ਇਸ ਤੋਂ **Quarter sign** (ਗੁਪਤ ਸ਼ਬਦ) ਪੁੱਛਿਆ ਜਾਂਦਾ ਹੈ ਤੇ ਇਸ ਨੇ ਕਿਹਾ ਕਿ ਇਹ ਕੀ ਕਰ ਰਹੇ ਹਨ? ਵਜ਼ੀਰ ਨੇ ਕਿਹਾ ਕਿ ਹਜ਼ੂਰ! ਆਪ ਮਹਾਰਾਜੇ ਹੋ ਆਪ ਦੀ ਸੁਰੱਖਿਆ ਵਾਸਤੇ ਇਹ ਗਾਰਦਾਂ ਪਹਿਰੇ ਦੇ ਰਹੀਆਂ ਹਨ, ਤਿੰਨ-ਤਿੰਨ ਘੰਟੇ ਪਿਛੋਂ ਗਾਰਦ ਬਦਲਦੀ ਹੈ, ਇਨ੍ਹਾਂ ਦੀ **beat** ਨਿਯਤ ਕੀਤੀ ਹੁੰਦੀ ਹੈ। ਉਸ 'ਤੇ ਘੁੰਮ-ਘੁੰਮ ਕੇ ਇਹ ਪਹਿਰਾ ਦਿੰਦੇ ਹਨ ਇਨ੍ਹਾਂ ਨੂੰ **Quarter sign** ਦਸ ਦਿਤਾ ਜਾਂਦਾ ਹੈ। ਜੇ ਕੋਈ ਇਹ ਸ਼ਬਦ ਬੋਲਦਾ ਹੈ ਤਾ ਉਸ ਨੂੰ ਅੰਦਰ ਜਾਣ ਦਿੰਦੇ ਹਨ ਨਹੀਂ ਤਾਂ ਰੋਕ ਦਿੰਦੇ ਹਨ। ਕਹਿਣ ਲੱਗਿਆ, "ਮੈਂ ਵੀ ਮਹਾਰਾਜੇ ਦਾ ਪਹਿਰਾ ਦੇਣਾ ਹੈ।" ਸਮੱਸਿਆ ਖੜ੍ਹੀ ਹੋ ਗਈ, ਵਜ਼ੀਰ ਕਹਿੰਦੇ ਹਨ ਕਿ ਤੁਸੀਂ ਆਪ ਹੀ ਮਹਾਰਾਜੇ ਹੋਂ। ਪਰ ਉਹ ਇਸ ਗੱਲ ਨੂੰ ਮੰਨਣ ਵਾਸਤੇ ਤਿਆਰ ਹੀ ਨਹੀਂ ਹੋ ਰਹੇ। ਉਸ ਦੀ ਜਿੱਦ ਦੇਖ ਕੇ ਉਸ ਲਈ ਵਰਦੀ ਮੰਗਾਈ ਗਈ, ਵੱਡੇ ਬੂਟ ਪਹਿਨ ਲਏ, ਪੱਟੀਆਂ ਲਾ ਲਈਆਂ, ਫੌਜੀ ਵਰਦੀ ਪਹਿਨ ਲਈ, ਗਲ ਵਿਚ ਵੰਡੋਲੀਅਰ ਪਾ ਲਿਆ ਅਤੇ ਹੱਥ ਵਿਚ ਰਾਈਫਲ ਫੜ ਕੇ ਪਹਿਰਾ ਦੇਣ ਲੱਗ ਗਿਆ। ਇਸ ਤਰ੍ਹਾਂ ਭੁਲਾ ਦੇਣ ਵਾਲੇ ਨਸ਼ੇ ਦੇ ਅਸਰ ਹੇਠ ਇਸ ਨੂੰ ਬਿਲਕੁਲ ਹੀ ਭੁੱਲ ਗਿਆ ਕਿ ਮੈਂ ਰਾਜਾ ਹਾਂ। ਇਸ ਨੇ ਫਤੂਰ ਪਾ ਦਿਤਾ। ਵਜ਼ੀਰ ਨੇ ਕਿਹਾ ਕਿ ਜੇ ਅਸੀਂ ਰਾਜੇ ਦੀ ਗੱਲ ਨਾ ਮੰਨੀ ਤਾਂ ਬਹੁਤ ਰੌਲਾ ਪੈ ਸਕਦਾ ਹੈ, ਹੋ ਸਕਦਾ ਹੈ ਨਸ਼ੇ ਵਿਚ ਆਇਆ ਗੋਲੀ ਚਲਾ ਦੇਵੇ। ਵਰਦੀ ਪਹਿਨ ਕੇ ਪਹਿਰਾ ਦੇ ਰਿਹਾ ਹੈ, ਬੜੀ ਫੁਰਤੀ ਨਾਲ ਪਹਿਰਾ ਦਿੰਦਾ ਹੈ। ਇਸ ਦੇ ਵਜ਼ੀਰ ਤੇ ਹੋਰ, ਸਭ ਥੋੜ੍ਹਾ ਲਾਂਭੇ ਹੋ ਕੇ ਬੈਠ ਗਏ ਅਤੇ ਵਜ਼ੀਰ, ਉਸ ਰਾਜੇ ਦੀ ਹਾਲਤ ਨੂੰ ਗਹੁ ਨਾਲ ਵਿਚਾਰਨ ਲੱਗਿਆ। ਕੁਝ ਸਮਾਂ ਲੰਘਣ ਪਿਛੋਂ ਨਸ਼ੇ ਦਾ ਅਸਰ ਘਟਿਆ ਅਤੇ ਇਹ ਆਪਣੀ ਵਰਦੀ ਵਲ ਦੇਖਣ ਲੱਗਿਆ। ਕਦੇ ਬੂਟਾਂ ਵਲ ਦੇਖਦਾ ਹੈ, ਕਦੇ ਹੱਥ ਵਿਚ ਫੜ ਕੇ ਵੰਡੋਲੀਅਰ ਨੂੰ ਦੇਖਦਾ ਹੈ, ਕਦੇ ਆਪਣੇ ਮਹਿਲਾਂ ਵਲ ਨੂੰ ਦੇਖਦਾ ਹੈ, ਕਦੇ ਮੂੰਹ ਉਤੇ ਹੱਥ ਮਲਦਾ ਹੈ। ਐਸੀਆਂ ਹਰਕਤਾਂ ਦੇਖ ਕੇ ਵਜ਼ੀਰ ਨੇ ਸਮਝ

*(ਬਾਕੀ ਪੰਨਾ 44 'ਤੇ)*

# ਮੰਞ ਪਿਆਰਾ ਗੁਰੂ ਨੂੰ.......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ, ਜੁਲਾਈ ਅੰਕ, ਪੰਨਾ-25)***

ਇਸ਼ਨਾਨ ਚਾਰ ਕਿਸਮ ਦਾ ਦਸਿਆ ਹੈ, ਮਹਾਰਾਜ ਨੇ। ਇਕ ਤਾਂ ਦਸਿਆ ਹੈ-ਸਰੀਰ ਦਾ ਇਸ਼ਨਾਨ। ਇਹ ਤਾਂ ਸਰੀਰ ਦੀ ਸ਼ੁੱਧੀ ਵਾਸਤੇ ਹੁੰਦੈ। ਦੂਸਰਾ ਹੈ ਇਸ ਤੋਂ ਉਪਰ-ਵਾਕ ਦਾ, ਬਚਨ ਦਾ ਇਸ਼ਨਾਨ। ਬਚਨ ਦਾ ਇਸ਼ਨਾਨ ਹੁੰਦੈ, ਜਦੋਂ ਅਸੀਂ ਰਸਨਾ ਦੇ ਨਾਲ ਬਾਣੀ ਪੜ੍ਹਦੇ ਹਾਂ, ਉਸ ਵੇਲੇ ਸਾਡੀ ਬਾਣੀ ਪਵਿੱਤਰ ਹੁੰਦੀ ਹੈ, ਜਿਹੜਾ ਗੰਦ-ਮੰਦ ਅਸੀਂ ਸਾਰਾ ਦਿਨ ਬੋਲੀ ਜਾਂਦੇ ਹਾਂ, ਉਹ ਪਵਿੱਤਰ ਹੋ ਜਾਇਆ ਕਰਦੀ ਹੈ। ਤੀਸਰਾ ਹੋਇਆ ਕਰਦਾ ਹੈ-ਮਨ ਦਾ ਇਸ਼ਨਾਨ। ਜਦੋਂ ਸਾਡਾ ਮਨ ਬਾਣੀ ਵਿਚ ਲਗ ਕੇ, ਰਸ 'ਚ ਆਉਂਦਾ ਹੈ, ਉਸ ਵੇਲੇ ਮਨ ਦਾ ਇਸ਼ਨਾਨ ਹੋਇਆ ਕਰਦੈ। ਜੇ ਮਨ ਮੈਲਾ ਹੋਵੇ-

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥* ਅੰਗ – ੫੫੮

ਤਨ ਦੇ ਧੋਣ ਨੂੰ ਮਹਾਰਾਜ ਨੇ ਕੋਈ ਵੀ ਮਹੱਤਤਾ ਨਹੀਂ ਦਿਤੀ। ਅਧੂਰਾ ਇਸ਼ਨਾਨ ਕਿਹੈ। ਫੇਰ ਬੁੱਧੀ ਦਾ ਇਸ਼ਨਾਨ ਹੈ, ਬੁੱਧੀ ਦੇ ਨਾਲ ਬਾਣੀ ਦੀ ਵਿਚਾਰ ਕਰਕੇ ਹਿਰਦੇ ਵਿਚ ਧਾਰਨ ਕਰੋ। ਇਹ ਹਿਰਦੇ ਦਾ ਇਸ਼ਨਾਨ ਹੈ। ਸੋ ਇਸ ਤਰ੍ਹਾਂ ਇਹ ਇਸ਼ਨਾਨ ਕਰੇ - ***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥'*** ਹੁਣ ਅਗਲਾ ਆ ਗਿਆ 'ਅੰਮ੍ਰਿਤ ਸਰਿ ਨਾਵੈ॥' ਹੁਣ ਇਹ ਗੱਲ ਕਿਸੇ ਤੋਂ ਵੀ ਨਹੀਂ ਪੁੱਗਦੀ, ਸ੍ਰੀ ਅੰਮ੍ਰਿਤਸਰ ਸਾਹਿਬ ਕਿਹੜਾ ਨੇੜੇ ਹੈ ਕਿ ਰੋਜ਼ ਜਾ ਸਕੀਏ। ਜਿਹੜੇ ਬਾਹਰ foreign (ਵਿਦੇਸ਼) 'ਚ ਬੈਠੇ ਨੇ ਉਹ ਤਾਂ ਫੇਰ ਸ਼ਰਤ ਨਾ ਪੂਰੀ ਕਰ ਸਕੇ। ਸ਼ਰਤ ਨਾ ਜੇ ਪੂਰੀ ਕਰ ਸਕੇ ਫੇਰ ਉਹ ਗਲਤ ਹੋ ਗਏ। ਪੂਰੇ ਸਿੱਖ ਨਾ ਹੋਏ ਅਧੂਰੇ ਰਹਿ ਗਏ। ਹੁਣ ਇਹਦਾ ਦੇਖਣਾ ਪੈਂਦਾ ਹੈ ਕਿ ਅੰਮ੍ਰਿਤਸਰ ਮਹਾਰਾਜ ਕਿਸ ਚੀਜ਼ ਨੂੰ ਵਰਤਦੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ। ਮਹਾਰਾਜ ਨੇ ਜਿੰਨਿਆਂ ਥਾਵਾਂ 'ਤੇ ਅੰਮ੍ਰਿਤ ਸਰਿ ਦਾ ਜ਼ਿਕਰ ਕੀਤਾ ਹੈ। ਮਹਾਰਾਜ ਕਹਿੰਦੇ ਨੇ ਕਿ ਜਿਹੜਾ ਸਤਿਗੁਰੂ ਹੈ ਇਹਦੇ ਜਿਹੜੇ ਬਚਨ ਨੇ ਉਹ ਅੰਮ੍ਰਿਤ ਸਰਿ ਹੁੰਦੇ ਨੇ, ਇਕ ਤਾਂ ਇਹ ਹੈ ਬਾਹਰਲੀ ਗੱਲ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਬਾਣੀ ਹੈ ਇਹ ਅੰਮ੍ਰਿਤਸਰ ਦਾ ਇਸ਼ਨਾਨ ਹੋਇਆ ਕਰਦੈ। ਦੂਸਰਾ ਇਸ ਤੋਂ ਹੋਰ ਸੁਪਰ ਇਸ਼ਨਾਨ ਹੈ, ਉਹ ਹੈ ਕਿ ਹਰੇਕ ਦੇ ਅੰਦਰ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ*
*ਕਰਤੈ ਆਪਿ ਖੁਆਇਆ ॥* ਅੰਗ – ੬੪੪

ਉਹ ਅੰਮ੍ਰਿਤ ਜੋ ਲਬਾਲਬ ਅੰਦਰ ਭਰਿਆ ਪਿਆ ਹੈ, ਅੰਦਰ ਇੰਤਜ਼ਾਰ ਕਰ ਰਿਹਾ ਹੈ, ਜਿਹਨੂੰ ਅਮਿਓ ਰਸ ਕਹਿੰਦੇ ਨੇ, ਉਹਦੇ ਵਿਚ ਇਸ਼ਨਾਨ ਕਰੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* ਅੰਗ- ੨੯੩

ਉਸ ਨੂੰ ਆਤਮ ਤੀਰਥ ਵੀ ਆਖਦੇ ਨੇ -

*ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥*
ਅੰਗ- ੪੬੮

ਕਿਉਂਕਿ ਉਹ ਅੰਮ੍ਰਿਤ ਦਾ ਹੈ, ਆਤਮ ਤੀਰਥ ਹੈ ਜਿਹੜਾ -

*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥*
ਅੰਗ- ੪੬੮

ਪਰ ਪੁੱਛ ਲੈ ਗੁਰੂ ਨੂੰ ਕਿ ਉਸ ਅੰਮ੍ਰਿਤ ਸਰਿ ਤੱਕ ਕਿਵੇਂ ਪਹੁੰਚੀਦੇ ਕਿਉਂਕਿ ਜਿਹੜਾ ਸਿੱਖ ਹੈ, ਗੁਰੂ ਉਹਨੂੰ ਜ਼ਰੂਰ ਦਸਦੈ ਕਿ ਤੂੰ ਅੰਮ੍ਰਿਤ ਸਰਿ ਦਾ ਇਸ਼ਨਾਨ ਇਸ ਤਰ੍ਹਾਂ ਕਰ ਸਕਦੈਂ। ਸੋ ਇਹ ਕਿੰਨੀਆਂ ਸ਼ਰਤਾਂ ਹੋ ਗਈਆਂ? ਪਹਿਲਾ ਤਾਂ ਹੋ ਗਿਆ ਕਿ ਅੰਮ੍ਰਿਤ ਵੇਲੇ ਉਠ ਕੇ ਨਾਮ ਜਪਦੈ। ਫੇਰ ਇਸ਼ਨਾਨ ਕਰਦੈ, ਮਨ, ਬੁੱਧੀ ਆਦਿ ਸਰੀਰ ਦੇ। ਫੇਰ ਉਸ ਤੋਂ ਬਾਅਦ ਅੰਮ੍ਰਿਤ ਸਰਿ ਦੇ ਸਰੋਵਰ ਤਕ ਪਹੁੰਚਦੈ ਜੋ ਅੰਦਰ ਲਬਾਲਬ ਭਰਿਆ ਪਿਆ ਹੈ - ***'ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ......॥'*** ਫੇਰ ਜਿਹੜਾ ਪੰਜ ਪਿਆਰਿਆਂ ਨੇ 'ਨਾਮ' ਦਿਤਾ ਹੈ, ਗੁਰੂ ਨੇ ਨਾਮ ਦਿਤਾ ਹੈ, ਉਹਦਾ ਜਾਪ ਕਰੇ। ਉਹਦੇ ਨਾਲ

ਕੀ ਹੋਏਗਾ? ਪਵਿੱਤਰਤਾ ਹੋ ਜਾਏਗੀ ***'....ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥'*** ਚਾਰ ਚੀਜ਼ਾਂ ਕਹਿ ਦਿਤੀਆਂ। ਇਹ ਸਾਰੀਆਂ ਲਹਿ ਜਾਣਗੀਆਂ। ਫੇਰ ਜਦੋਂ ਦਿਨ ਚੜ੍ਹ ਗਿਆ, ਫੇਰ - ***'ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥'*** ਜਦੋਂ ਬਹਿੰਦਾ ਹੈ, ਉਠਦਾ ਹੈ, ਕੰਮ ਕਰਦੈ, ਤੁਰਦਾ ਫਿਰਦੈ, ਸਾਇਕਲ ਤੇ ਜਾ ਰਿਹੈ, ਸੱਜੇ ਨਾਲ 'ਸਤਿਨਾਮੁ' ਖੱਬੇ ਨਾਲ 'ਵਾਹਿਗੁਰੂ' ਕਰਦੈ, ਕਾਰ 'ਤੇ ਜਾ ਰਿਹੈ, ਜ਼ੁਬਾਨ ਹਿੱਲੀ ਜਾ ਰਹੀ ਹੈ, 'ਸਤਿਨਾਮੁ ਵਾਹਿਗੁਰੂ' 'ਸਤਿਨਾਮੁ ਵਾਹਿਗੁਰੂ'। ਟਰੈਕਟਰ ਚਲਾ ਰਿਹੈ, ਧੁਕ-ਧੁਕ ਨਹੀਂ ਸੁਣਦਾ, ਸਤਿਨਾਮੁ ਵਾਹਿਗੁਰੂ, ਸੁਣਦੈ। ***'ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥'*** ਅੱਗੇ ਹੋਰ ਆ ਗਿਆ, ਸਾਸ ਦੇ ਨਾਲ ਕਿਵੇਂ ਨਾਮ ਜਪਿਆ ਜਾਂਦੈ। ਬੈਠੇ ਹਾਂ ਟਿਕੇ ਹੋਏ, ਸਵਾਸ ਤਾਂ ਚਲਦਾ ਹੀ ਹੈ। ਧਿਆਨ ਦੇ ਦਿਤਾ ਸਵਾਸ ਵਲ, ਅੰਦਰ ਨੂੰ ਜਾਂਦਾ ਹੈ 'ਵਾਹਿ...।' ਬਾਹਰ ਨੂੰ ਜਾਂਦਾ ਹੈ 'ਗੁਰੂ'। ਅੰਦਰ ਜਾਂਦਾ ਹੈ ਸਵਾਸ 'ਸਤਿਨਾਮੁ' ਕਹਿ ਲਓ, ਬਾਹਰ ਨੂੰ ਆਉਂਦੈ 'ਵਾਹਿਗੁਰੂ' ਕਹਿ ਲਓ। ਜਿਹੜਾ ਸੁਖਾਲਾ ਲਗਦਾ ਹੈ ਕਰ ਲਓ। ਮਤਲਬ ਹੁੰਦੈ ਉਸ ਹਸਤੀ ਨੂੰ ਯਾਦ ਵਿਚ ਵਸਾਉਣ ਦਾ। ਯਾਦ ਰੱਖ ਕੇ ਕਹੇ। ***'ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥'*** ਫੇਰ ਗੁਰੂ ਦਇਆਲ ਹੋ ਜਾਂਦਾ ਹੈ, ਸਿੱਖ 'ਤੇ। ਜਿਹੜੇ ਸਿੱਖ ਦੇ ਬਾਰੇ ਇਥੇ ਲਿਖਿਆ ਹੋਇਆ ਹੈ ਕਿ ਪਾਣੀ ਪਿਲਾਵੇ ਤਾਂ ਪੰਜ ਵਾਰ ਗੰਗਾ ਜਾਣ ਦਾ, ਪੰਜ ਵਾਰ ਪਰਾਗ ਨਾਹੁੰਣ ਦਾ ਫਲ ਪ੍ਰਾਪਤ ਹੋ ਜਾਂਦੈ, ਐਸੇ ਸਿੱਖ ਨੂੰ ਪਾਣੀ ਪਿਲਾਉਣ ਨਾਲ। ਜਿਹਦੇ ਉਤੇ ਗੁਰੂ ਦਇਆਲ ਹੋ ਜਾਂਦੈ, 'ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥' ਉਸ ਸਿੱਖ ਨੂੰ ਉਪਦੇਸ਼ ਸੁਣਾ ਕੇ, ਪਹਿਲਾਂ ਉਹਨੂੰ ਆਤਮਾ ਦਾ ਗਿਆਨ ਦਿੰਦੈ। ਫੇਰ ਉਹਨੂੰ ਕਹਿੰਦੈ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥* *ਅੰਗ- ੬੬੧*

ਤੂੰ weld ਹੋ ਜਾ, ਅੰਦਰਲੀ ਪਰਮ ਸ਼ਕਤੀ ਦੇ ਨਾਲ। ਤੂੰ ਨਾ ਰਹਿ, ਓਹੀ ਰਹਿ ਜਾਵੇ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ - ੧੩੭੫*

ਫੇਰ ਉਸ ਸਿੱਖ ਨੂੰ ਹੁਕਮ ਹੁੰਦੈ। ***'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'*** ਆਪ ਵੀ ਜਪਦੈ ਤੇ ਸੰਸਾਰ ਨੂੰ ਵੀ ਇਹ ਹੋਕਾ ਦਿੰਦੈ ਕਿ ਤੁਸੀਂ ਨਾਮ ਜਪਣ ਵਾਸਤੇ ਆਏ ਹੋਂ, ਖਜ਼ਾਨੇ ਭਰੇ ਪਏ ਨੇ ਤੁਹਾਡੇ ਅੰਦਰ ਨਾਮ ਦੇ। ਵਾਹਿਗੁਰੂ ਤੁਹਾਡੇ ਅੰਦਰ ਰਹਿੰਦਾ ਹੈ ਗਗਨ ਮੰਡਲ ਵਿਚ। ਦੇਖ ਲਓ ਇਸੇ ਕੰਮ ਨੂੰ ਆਏ ਹੋਂ। ਨਾ ਜਨਮ ਬਿਰਥਾ ਗਵਾਓ। ਅੰਦਰ ਝਾਤੀ ਮਾਰੋ, ਪੁੱਛ ਲਓ ਕਿਸੇ ਤੋਂ ਜਿਹੜਾ ਜਾਣਦਾ ਹੈ ਕਿ ਅੰਦਰ ਕਿਵੇਂ ਜਾਈਦੈ। ਕਿਉਂਕਿ ਉਹਦੀ ਡਿਊਟੀ ਨਾਮ ਜਪਾਉਣ ਦੀ ਹੁੰਦੀ ਹੈ। ਸੋ ਮਹਾਰਾਜ ਕੀ ਕਹਿੰਦੇ ਨੇ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਕਹਿੰਦੇ, ਉਹਦੀ ਡਿਊਟੀ ਹੀ ਨਾਮ ਜਪਾਉਣ ਦੀ ਹੁੰਦੀ, ਦਸਣਾ ਹੁੰਦੈ ਕਿ ਇਸ ਤਰ੍ਹਾਂ ਜਪ ਲੈ, ਭਾਈ ਇਸ ਤਰ੍ਹਾਂ ਜਪ ਲੈ। 'ਗੁਰਮੰਤ੍ਰ' ਤਾਂ ਗੁਰੂ ਦਿੰਦੈ, ਗੁਰਸਿੱਖ ਮਦਦ ਕਰਦੇ ਨੇ। ਸੋ ਮਹਾਰਾਜ ਉਹਨੂੰ ਪਦਵੀ ਕਿੱਡੀ ਦਿੰਦੇ ਨੇ - ***'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ '*** ਜਿਹੜਾ ਆਪ ਜਪਦੈ, ਦੂਜਿਆਂ ਨੂੰ ਨਾਮ ਜਪਾਉਂਦੈ। ਅਸੀਂ ਤਾਂ ਕਹਿੰਦੇ ਹਾਂ ਕਿ ਇਹਨੂੰ ਫਤਹਿ ਹੀ ਨਾ ਬੁਲਾਓ। ਬੜੇ ਮਗਰੂਰ ਹਾਂ ਅਸੀਂ। ਅਭਿਮਾਨ ਬੜਾ ਹੈ ਸਾਡੇ ਮਨਾਂ ਦੇ ਅੰਦਰ ਕਿ ਨਹੀਂ ਫਤਹਿ ਬੁਲਾਉਣੀ। ਆਪ ਬਣੇ ਹੋਏ ਨੇ ਸਭ ਕੁਝ ਕਿ ਅਸੀਓਂ ਬਣ ਗਏ। ਮਹਾਰਾਜ ਕਹਿੰਦੇ, ਜਿਹੜਾ ਪਹਿਲਾਂ ਫਤਹਿ ਬੁਲਾਉਂਦੈ, ਮੇਰਾ ਮੂੰਹ ਓਧਰ ਰਹਿੰਦੈ। ਜਿਹੜਾ ਪਿੱਛੋਂ ਬੁਲਾਉਂਦੈ, ਜਵਾਬ ਦਿੰਦੈ, ਕਹਿੰਦੇ, ਉਹਦੇ ਵਲ ਮੇਰਾ ਮੋਢਾ ਹੋਇਆ ਕਰਦੈ। ਨਿਮਰਤਾ ਸਿਖਾਉਂਦੇ ਨੇ ਗੁਰੂ ਮਹਾਰਾਜ।

*ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ।*
*ਕਬਿੱਤ ਭਾਈ ਗੁਰਦਾਸ ਜੀ ੬੭੩*

ਕੁਰਸ਼ੇਤਰ 'ਚ ਇਸ਼ਨਾਨ ਕਰਨ ਜਿੰਨਾਂ ਫਲ ਹੋ ਜਾਂਦੈ।

*ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥*
*ਕਬਿੱਤ ਭਾਈ ਗੁਰਦਾਸ ਜੀ ੬੭੩*

ਜੇ ਪ੍ਰਸ਼ਾਦਾ ਛਕਾ ਦੇਵੇ, ਅਸ੍ਵਮੇਧ ਯੱਗ ਦਾ ਫਲ ਪ੍ਰਾਪਤ ਹੋ ਜਾਂਦੈ।

ਸੇਵਾ ਦਾ ਮੈਂ ਜ਼ਿਕਰ ਕਰ ਰਿਹਾਂ, ਕਿੱਡਾ-ਕਿੱਡਾ ਫਲ ਸੇਵਾ ਦਾ ਮਿਲਦੈ -

*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,*
*ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥*
*ਕਬਿੱਤ ਭਾਈ ਗੁਰਦਾਸ ਜੀ ੬੭੩*

ਸੱਤ ਮੰਦਰ ਸੋਨੇ ਦੇ ਬਣਾ ਕੇ ਦਾਨ ਕਰ ਦਿਤੇ। ਇਕ ਸ਼ਬਦ ਸਿਖਾਉਣ ਦਾ ਹੁੰਦੈ। ਪੁਰਾਣੇ ਜ਼ਮਾਨਿਆਂ ਦੇ ਅੰਦਰ ਪੜ੍ਹੇ ਹੋਏ ਅਨਪੜ੍ਹਾਂ ਨੂੰ 'ਜਪੁਜੀ ਸਾਹਿਬ' ਯਾਦ ਕਰਾਇਆ ਕਰਦੇ ਸੀ। ਪੂਰਾ-ਪੂਰਾ ਜਪੁਜੀ ਸਾਹਿਬ, ਹੋਰ ਬਾਣੀਆਂ ਬੜੀ ਲਗਨ ਨਾਲ ਕਰਾਉਂਦੇ ਸੀ ਕਹਿਣਾ ਤੂੰ ਫਿਕਰ ਨਾ ਕਰ, ਨਹੀਂ ਪੜ੍ਹਿਆ ਤਾਂ ਕੀ ਹੈ। ਤੈਨੂੰ ਮੈਂ ਦੋ ਤੁਕਾਂ ਰੋਜ਼ ਦੱਸਾਂਗਾ। ਉਹਦੇ ਯਾਦ ਕਰਾ ਕੇ ਹਟਿਆ ਕਰਦੇ ਸੀ। ਸੋ ਸੱਤ ਮੰਦਰ ਜਿਹੋ ਜਿਹੇ ਪੁੰਨ ਕਰ ਦਿਤੇ, ਓਹੋ ਜਿਹੀ ਬਾਣੀ ਸਿਖਾ ਦਿਤੀ ਕਿਸੇ ਨੂੰ।

*ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,*

ਕਿਸੇ ਸਾਧ ਦੇ ਦਰਸ਼ਨ ਕਰਨ ਜਾਂਦੈ, ਵੀਹ ਵਾਰੀ ਹੋ ਗਏ।

*ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥*

ਨੀਂਦ ਨਹੀਂ ਆਉਂਦੀ, ਗੁਰਸਿੱਖ ਥੱਕਿਆ ਹੋਇਐ, ਅੰਮ੍ਰਿਤ ਵੇਲੇ ਉਸ ਨੇ ਜਾਗਣਾ ਹੈ। ਜੇ ਉਹਦੇ ਚਰਨ ਘੁੱਟ ਕੇ ਉਹਨੂੰ ਸੁਲਾ ਦਿਓ ਕਹਿੰਦੇ ਵੀਹ ਵਾਰੀ ਸੰਤਾਂ ਦੇ ਦਰਸ਼ਨ ਦੇ ਫਲ ਜਿੰਨਾ ਫਲ ਪ੍ਰਾਪਤ ਹੋ ਜਾਂਦੈ। ਸੋ ਇਹ ਪੁੰਨ ਦੇ ਫਲ ਨੇ ਸਾਧਸੰਗਤ ਜੀ। ਇਸ ਕਰਕੇ ਜਿਸ ਦਾ ਜੀਵਨ ਸੇਵਾ ਤੋਂ ਬਗੈਰ ਹੈ, ਮਹਾਰਾਜ ਨੇ ਉਸ ਜੀਵਨ ਨੂੰ ਪ੍ਰਵਾਨ ਨਹੀਂ ਕੀਤਾ।

*ਧਾਰਨਾ - ਧਿਰਕਾਰ ਹੱਥਾਂ ਪੈਰਾਂ ਨੂੰ,*
*ਬਾਝ ਗੁਰਾਂ ਦੀ ਸੇਵਾ।*
*ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।*
*ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ।*
*ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।*
*ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।*
*ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।*
*ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ।*
*ਭਾਈ ਗੁਰਦਾਸ ਜੀ*

ਸੌ ਵਾਰੀ ਫਿੱਟੇ ਮੂੰਹ ਕਹੋ, ਇਕ ਵਾਰੀ ਧ੍ਰਿਗ ਕਹਿ ਲਓ, ਕਹਿੰਦੇ ਜਿਹੜਾ ਸੀਸ ਗੁਰੂ ਨੂੰ ਨਹੀਂ ਨਿਵਦਾ ਉਹ ਵੀ ਧਿਰਕਾਰ ਹੈ। ਜਿਹੜੀਆਂ ਅੱਖਾਂ ਗੁਰੂ ਦੇ ਦਰਸ਼ਨ ਨਹੀਂ ਕਰਦੀਆਂ। ਉਹਨੂੰ ਛੱਡ ਕੇ ਹੋਰ-ਹੋਰ ਚੀਜ਼ਾਂ ਦੇਖਦੀਆਂ ਨੇ, ਉਹ ਵੀ ਧਿਰਕਾਰ ਨੇ। ਜਿਹੜੇ ਕੰਨ ਗੁਰੂ ਦੀ ਬਾਣੀ ਨਹੀਂ ਸੁਣਦੇ, ਸੁਣ ਕੇ ਉਪਦੇਸ਼ ਸੁਰਤਿ ਨਹੀਂ ਕਰਦੇ, ਅੰਦਰ ਨਹੀਂ ਲਿਜਾਂਦੇ ਕਹਿੰਦੇ, ਉਹ ਵੀ ਧਿਰਕਾਰਯੋਗ ਨੇ। ਉਹ ਜਿਹਬਾ ਜਿਹੜੀਆਂ ਜੰਤਰਾਂ-ਮੰਤਰਾਂ ਦਾ ਜਾਪ ਕਰੀ ਜਾਂਦੀ ਹੈ ਤੇ ਗੁਰੂ ਦੇ ਮੰਤਰ ਦਾ ਜਾਪ ਨਹੀਂ ਕਰਦੀ, ਉਹ ਵੀ ਧਿਰਕਾਰਯੋਗ ਹੈ। ਜੋ ਹੱਥ ਪੈਰ ਗੁਰੂ ਦੀ ਸੇਵਾ ਨਹੀਂ ਕਰਦੇ, ਬਾਕੀ ਸਾਰੀ ਨਿਹਫਲ ਕਰਨੀ ਕਰ ਰਹੇ ਨੇ, ਉਹ ਵੀ ਧਿਰਕਾਰਯੋਗ ਨੇ। ਇਸ ਤਰ੍ਹਾਂ ਗੁਰੂ ਮਹਾਰਾਜ ਨੇ ਸੇਵਾ ਤੇ ਸਿਮਰਨ ਨੂੰ ਬਹੁਤ ਮਹੱਤਤਾ ਦਿਤੀ ਹੋਈ ਹੈ।

ਸੋ ਇਸ ਤਰ੍ਹਾਂ ਭਾਈ ਮੰਝ, ਆਪ ਜੀ ਹੁਕਮ ਦੇ ਮੁਤਾਬਿਕ ਗੁਰੂ ਮਹਾਰਾਜ ਦੇ ਪਾਸ ਪਹੁੰਚ ਜਾਂਦੇ ਨੇ। ਲੇਕਿਨ ਗੁਰੂ ਮਹਾਰਾਜ ਨੇ ਆਪ ਨੂੰ ਬੁਲਾਇਆ ਨਹੀਂ ਹੈ। ਬੜੀ ਭਾਰੀ ਕੁਰਬਾਨੀ ਕਰਕੇ ਆਏ, ਲੜਕੀ ਵੀ ਗਹਿਣੇ ਪਾ ਆਏ, ਵੀਹ ਰੁਪਏ ਦੇਣ ਵਾਸਤੇ। ਘਰਵਾਲੀ ਨੂੰ ਵੀ ਗਹਿਣੇ ਪਾ ਆਏ, ਸਾਰੀ ਜ਼ਮੀਨ ਜਾਇਦਾਦ, ਘਰ, ਸ਼ਰੀਕਾਂ ਨੇ ਖੋਹ ਲਈ। ਕੋਈ ਚੀਜ਼ ਨਹੀਂ ਹੈ ਕੋਲ ਆਪ ਦੇ। ਜੋ ਕੱਪੜਾ ਪਾਇਆ ਹੋਇਐ, ਜੁੱਤੀ ਹੈ ਜਾਂ ਨਹੀਂ, ਐਡੀ ਖਸਤਾ ਹਾਲਤ 'ਚ ਹੋ ਕੇ, ਸਾਡੇ ਵਰਗੇ ਬੰਦਿਆਂ ਨੇ, **expect** ਕਰਨਾ ਸੀ ਕਿ ਗੁਰੂ ਮਹਾਰਾਜ ਮੈਨੂੰ ਸ਼ਾਬਾਸ਼ ਦੇਣਗੇ ਕਿ ਸ਼ਾਬਾਸ਼ ਗੁਰਸਿੱਖਾ ਤੂੰ ਬਹੁਤ ਸੇਵਾ ਕਮਾਈ ਹੈ, ਹੁਕਮ ਮੰਨਿਆ ਹੈ। ਧੰਨ ਹੈਂ ਤੂੰ, ਧੰਨ ਤੇਰੀ ਮਾਤਾ ਹੈ।

ਗੁਰੂ ਮਹਾਰਾਜ ਨੇ ਕੋਈ ਵੀ ਗੱਲ ਨਹੀਂ ਕੀਤੀ। ਆ ਕੇ ਮੱਥਾ ਟੇਕਦਾ ਹੈ। ਪੁੱਛਿਆ ਤਕ ਨਹੀਂ ਕਿ ਤੂੰ ਕੌਣ ਹੈਂ? ਕਿੱਥੋਂ ਆਇਆ ਹੈਂ? ਤੇਰਾ ਕੀ ਹਾਲ ਹੈ? ਗੁਰਸਿੱਖ ਦੀ ਅਵਸਥਾ ਕਿੱਡੀ ਉੱਚੀ ਹੈ, ਚੌਥੇ ਪਦ ਦੀ ਅਵਸਥਾ ਪ੍ਰਾਪਤ ਹੋਈ-ਹੋਈ ਹੈ। ਨਿਜ ਘਰ ਦੇ ਵਿਚ ਵਾਸਾ ਹੋਇਆ-ਹੋਇਆ ਹੈ। ਪੁੱਗਿਆ ਹੋਇਆ ਸਿੱਖ ਹੈ। ਲੇਕਿਨ ਮਹਾਰਾਜ ਨੇ ਨਹੀਂ ਬੁਲਾਇਆ।

ਜੇ ਜ਼ਰਾ ਕੁ ਸੰਤ ਕਿਸੇ ਨੂੰ ਨਾ ਬੁਲਾਉਣ, ਨਰਾਜ਼ ਹੋ ਜਾਂਦੇ ਨੇ ਕਿਉਂਕਿ **expectation** (ਉਮੀਦ) ਹੈ ਉਹਦੇ ਅੰਦਰ ਕਿ ਮੈਨੂੰ ਬੁਲਾਇਆ ਜਾਵੇ। ਮਾਣ ਹੈ। ਉਹ ਅਵਸਥਾ ਨਹੀਂ ਆਉਂਦੀ - 'ਜੇ ਗੁਰੁ ਝਿੜਕੇ ਤ ਮੀਠਾ ਲਾਗੈ ....॥' (ਅੰਗ-758) ਇਹ ਤਾਂ ਬਹੁਤ ਦੂਰ ਦੀਆਂ ਗੱਲਾਂ ਨੇ ਜੇ ਬੁਲਾਇਆ ਹੀ ਨਾ ਜਾਵੇ ਤਾਂ ਵੀ ਔਖਾ ਹੋ ਜਾਂਦੈ। ਇਹ ਪਿਆਰ ਨਹੀਂ ਹੋਇਆ ਕਰਦਾ, ਇਹ ਐਵੇਂ ਹੀ ਗੱਲਾਂ ਹੋਇਆ ਕਰਦੀਆਂ ਨੇ। ਕੋਈ ਮਾਣ ਜਿਹਾ ਵਿਚ

ਕੰਮ ਕਰਦੈ।

ਸੋ ਇਸ ਤਰ੍ਹਾਂ ਦੇ ਨਾਲ ਭਾਈ ਮੰਝ ਕਾਫੀ ਸੇਵਾ ਕਰਦਾ ਹੈ, ਸਾਲ ਲੰਘ ਗਿਆ ਸੇਵਾ ਕਰਦੇ ਨੂੰ। ਦੌੜ-ਦੌੜ ਸੇਵਾ ਕਰਦਾ ਹੈ, ਭੋਰਾ ਜਿੰਨਾਂ ਵੀ ਫਰਕ ਨਹੀਂ ਪੈਂਦਾ। ਅੰਮ੍ਰਿਤ ਵੇਲੇ ਹੀ ਉੱਠ ਜਾਂਦੈ। ਪਹਿਲਾਂ ਗੁਰੂ ਦੀ ਬਾਣੀ ਸੁਣਦੈ, ਜਾਪ ਕਰਦੈ। ਸ੍ਵੈ ਸਰੂਪ 'ਚ ਲੀਨ ਹੁੰਦੈ। ਦਿਨ ਚੜ੍ਹ ਜਾਂਦੈ, ਉਸ ਵੇਲੇ ਝਾੜੂ ਦਿੰਦੈ। ਲੰਗਰ ਵਰਤਣ ਲਗ ਜਾਂਦੈ, ਪ੍ਰਸ਼ਾਦੇ ਵਰਤਾਉਂਦੈ, ਬਰਤਨ ਮਾਂਜਦੈ, ਜਲ ਵਗੈਰਾ ਦੀ ਸੇਵਾ ਕਰਦੈ। ਗਰਮੀਆਂ ਦੇ ਵਿਚ ਪੱਖੇ ਦੀ ਸੇਵਾ ਵੀ ਕਰਦੈ ਤੇ ਦਿਨ ਵਿਚ ਜੰਗਲ ਵਿਚ ਚਲਿਆ ਜਾਂਦੈ, ਉਥੋਂ ਜਾ ਕੇ ਤਕੜਾ ਵੱਡਾ ਭਾਰ ਸੁੱਕੀਆਂ ਲੱਕੜਾਂ ਦਾ ਰੋਜ਼ ਗੁਰੂ ਲੰਗਰ ਵਾਸਤੇ ਲਿਆਉਂਦੈ। ਲੇਕਿਨ ਗੁਰੂ ਮਹਾਰਾਜ ਨੇ ਉਸਨੂੰ ਨਹੀਂ ਪੁੱਛਿਆ। ਕੁਝ ਸਮਾਂ ਲੰਘ ਗਿਆ। ਗੁਰਸਿੱਖ ਮਸਤ ਹੈ ਕਿਉਂਕਿ ਕੱਚੀ ਅਵਸਥਾ ਦਾ ਤਾਂ ਹੈ ਨਹੀਂ, ਪੱਕੀ ਦਾ ਸੀ। ਉਸ ਵੇਲੇ ਮਹਾਰਾਜ ਨੇ ਇਕ ਕਸਵੱਟੀ ਹੋਰ ਲਾ ਦਿਤੀ।

ਹੁਣ ਹਿਸਾਬ ਲਾ ਲਓ, ਕਿੰਨੀਆਂ ਲਾਈਆਂ। ਪਹਿਲਾਂ ਤਾਂ ਘਰ-ਬਾਰ ਗਿਆ, ਨਿਰਾਦਰ ਹੋਇਆ, ਸਰਦਾਰੀ ਖੋਹੀ, ਪਸ਼ੂ ਮਰੇ। ਦੂਸਰਾ ਇਹ ਹੈ ਕਿ ਇਕ ਮਜ਼ਦੂਰ ਬਣ ਕੇ ਕੰਮ ਕਰਦੈ ਤੇ ਗੁਰੂ ਦੇ ਹੁਕਮ ਦੀ ਪਾਲਣਾ ਕਰਨ ਵਾਸਤੇ ਲੜਕੀ ਨੂੰ ਗਹਿਣੇ ਕਰਨਾ ਪਿਆ। ਦੂਸਰੀ ਦਫਾ ਘਰਵਾਲੀ ਨੂੰ ਗਹਿਣੇ ਕਰਨਾ ਪਿਆ। ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਲੜਕੀ ਕਿਤੇ ਹੈ, ਘਰਵਾਲੀ ਕਿਤੇ ਹੈ ਤੇ ਆਪ ਜਿੱਥੇ ਹੈ ਉਥੇ ਕੋਈ ਪੁੱਛ-ਪਰਤੀਤ ਨਹੀਂ। ਕੋਈ ਨਹੀਂ ਪੁੱਛਦਾ ਉਸ ਨੂੰ, ਕੋਈ ਉਹਦੇ ਨਾਲ ਗੱਲ ਨਹੀਂ ਕਰਦਾ। ਲੇਕਿਨ ਮਸਤ ਹੋ ਕੇ ਸੇਵਾ ਕਰ ਰਿਹੈ। ਕੁਝ ਸਮਾਂ ਜਦੋਂ ਬੀਤ ਗਿਆ, ਉਸ ਵੇਲੇ ਗੁਰੂ ਮਹਾਰਾਜ ਨੇ ਸ੍ਰੀ ਮਾਨ ਜੀ (ਲੰਗਰ ਦੇ ਇੰਚਾਰਜ) ਨੂੰ ਪੁੱਛਿਆ ਕਿ ਇਥੇ ਇਕ ਸਿੱਖ ਹੈ ਮੰਝ ਨਾਮ ਦਾ।

ਕਹਿੰਦੇ, ਹੈ ਮਹਾਰਾਜ। ਉਹ ਤਾਂ ਬਹੁਤ ਸੇਵਾ ਕਰਦੈ। ਦਿਨ ਰਾਤ ਇਕ ਕਰਿਆ ਪਿਆ ਹੈ, ਉਸ ਨੇ ਸੇਵਾ ਵਿਚ। ਉਹਦੀ ਸੇਵਾ ਤੇ ਤਾਂ ਸਾਰੇ ਧੰਨ-ਧੰਨ ਕਰਦੇ ਨੇ। ਲੇਕਿਨ ਹਜ਼ੂਰ ਦੇ ਕਦੇ ਦਰਸ਼ਨ ਨਹੀਂ ਹੋਏ ਉਹਨਾਂ ਨੂੰ। ਨਾ ਕਦੇ ਬਚਨ ਹੋਏ ਨੇ। ਪਰ ਆਪ ਦੇ ਪਿਆਰ ਵਿਚ ਹਰ ਵਕਤ ਰੱਤਿਆ ਰਹਿੰਦਾ ਹੈ।

ਮਹਾਰਾਜ ਕਹਿੰਦੇ, ਉਹਦੀ ਸੇਵਾ ਕਿਹੜੀ ਥਾਂ ਪਈ? ਪ੍ਰਸ਼ਾਦਾ ਕਿੱਥੋਂ ਛਕਦੈ?

ਕਹਿੰਦੇ, ਮਹਾਰਾਜ! ਲੰਗਰ 'ਚੋਂ।

ਮਹਾਰਾਜ ਕਹਿੰਦੇ, ਫੇਰ ਤਾਂ ਉਹ ਮਜਦੂਰ ਹੈ, ਸੇਵਾਦਾਰ ਨਹੀਂ ਹੈਗਾ। ਉਹਨੂੰ ਕਹਿ ਦਿਓ ਕਿ ਉਹਨੇ ਕੱਲ ਤੋਂ ਲੰਗਰ ਵਿਚ ਪ੍ਰਸ਼ਾਦਾ ਨਹੀਂ ਛਕਣਾ।

ਕੋਲ ਪੈਸਾ ਕੋਈ ਨਹੀਂ ਹੈ ਕਿ ਕਿਤੇ ਜਾ ਕੇ ਪ੍ਰਸ਼ਾਦਾ ਛਕ ਲਵੇ। ਪਕਾਉਣ ਵਾਲਾ ਕੋਈ ਨਹੀਂ ਹੈ ਤੇ ਹੁਕਮ ਹੋ ਗਿਆ ਕਿ ਲੰਗਰ 'ਚੋਂ ਪ੍ਰਸ਼ਾਦਾ ਨਹੀਂ ਛਕਣਾ।

ਇਹ ਚੀਜ਼ਾਂ ਡੋਲਣ ਵਾਲੀਆਂ ਹੋਇਆ ਕਰਦੀਆਂ ਨੇ। ਪਰ ਧੰਨ ਨੇ ਗੁਰੂ ਦੇ ਸਿਦਕੀ ਸਿੱਖ, ਇਮਤਿਹਾਨ ਉਪਰ ਇਮਤਿਹਾਨ ਹੁੰਦਾ ਤੁਰਿਆ ਜਾਂਦੈ। ਲੇਕਿਨ ਡੋਲਣਾ ਨਜ਼ਦੀਕ ਨਹੀਂ ਹੈ -

*ਧਾਰਨਾ - ਨਹੀਂਓਂ ਡੋਲਦਾ ਸਿਦਕੀ ਸਿੱਖ ਗੁਰਾਂ ਦਾ।*

ਜੋ ਸਿਦਕੀ ਸਿੱਖ ਹੈ ਉਹ ਨਹੀਂ ਡੋਲਿਆ ਕਰਦਾ ਕਿਉਂਕਿ ਉਹ ਰੋਜ਼ ਅਰਦਾਸ ਕਰਦੈ। ਸਿਦਕ ਦੀ ਮੰਗ ਕਰਦੈ। ਹੇ ਪਾਤਸ਼ਾਹ! ਤੇਰੀ ਮਿਹਰ ਹੋਵੇ ਤਾਂ ਮੈਨੂੰ ਸਿੱਖੀ-ਸਿਦਕ ਦੇ। ਜਦੋਂ ਗੁਰੂ ਦੀ ਓਟ ਵਿਚ ਰਹਿ ਕੇ ਸਿੱਖ, ਸਿਦਕ ਮੰਗਦੈ, ਫੇਰ ਨਹੀਂ ਡੋਲਿਆ ਕਰਦਾ। ਜੇ ਆਪਣੇ ਅਭਿਮਾਨ 'ਚ ਹੋਵੇ ਫੇਰ ਰਹਿ ਨਹੀਂ ਸਕਿਆ ਕਰਦਾ। ਸੋ ਗੁਰੂ ਕੀ ਕਰਦੈ? ਗੁਰੂ ਉਹਦੀ ਪਿੱਠ ਦੇ ਉਤੇ ਹੋ ਕੇ ਸਹਾਇਤਾ ਕਰਦੈ, ਸਿਦਕ ਦੀ ਰਾਖੀ ਕਰਦੈ -

*ਜਲ ਵਿਚਿ ਕਾਗਦ ਲੂਣ ਜਿਉ ਘਿਉ ਚੋਪੜਿ ਪਾਏ।*

*ਭਾਈ ਗੁਰਦਾਸ ਜੀ*

ਕਾਗਜ਼ ਨੂੰ ਜੇ ਜਲ ਵਿਚ ਪਾ ਦਿਓ, ਜੇ ਚੋਪੜ ਕੇ ਪਾ ਦਿਓ ਫੇਰ ਕਾਗਜ਼ ਗਲਿਆ ਨਹੀਂ ਕਰਦਾ। ਉਵੇਂ ਜਿਵੇਂ ਰਹਿੰਦੈ -

*ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ। ਭਾਈ ਗੁਰਦਾਸ ਜੀ*

ਇਕੱਲੀ ਬੱਤੀ ਤਾਂ ਉਵੇਂ ਹੀ ਜਲ ਜਾਂਦੀ ਹੈ। ਜੇ ਤੇਲ ਪਾ ਦਿਓ ਨਾਲ, ਜਿਵੇਂ ਸਿਦਕ ਪਾ ਦਿਤਾ ਜਾਵੇ, ਫੇਰ ਬੱਤੀ ਨਹੀਂ ਜਲਿਆ ਕਰਦੀ ਓਨੀਓਂ ਜਲਦੀ ਹੈ, ਤੇਲ ਜਲੀ ਜਾਂਦੈ।

*ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ।*
*ਮੁਹ ਵਿਚਿ ਗਰੁੜ ਦੁਗਾਰੁ ਪਾਇ ਜਿਉ ਸਪੁ ਲੜਾਏ।*

*ਭਾਈ ਗੁਰਦਾਸ ਜੀ*

ਅਸਮਾਨ ਦੇ ਵਿਚ ਗੁੱਡੀ ਉਡਾਉਂਦੈ, ਪਰ ਡੋਰ ਹੱਥ ਵਿਚ ਫੜੀ ਹੁੰਦੀ ਹੈ। ਉਹ ਗੋਤੇ ਨਹੀਂ ਖਾਣ ਦਿੰਦਾ, ਤੁਣਕਾ ਮਾਰਦੈ। ਮਦਾਰੀ ਸੱਪ ਲੜਾਉਂਦੈ, ਪਰ

ਮੂੰਹ ਦੇ ਵਿਚ ਮਣੀ ਪਾ ਲੈਂਦੈ ਤੇ ਉਹਦੇ ਉਤੇ ਜ਼ਹਿਰ ਦਾ ਅਸਰ ਨਹੀਂ ਹੁੰਦਾ।

*ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ।*

*ਭਾਈ ਗੁਰਦਾਸ ਜੀ*

ਰਾਜਾ ਬੀਰ-ਯਾਤਰਾ ਕਰਦੈ, ਫਕੀਰ ਬਣ ਕੇ ਤੁਰਿਆ ਫਿਰਦੈ। ਗੱਲਾਂ ਸੁਣਦੈ ਪਬਲਿਕ ਦੀਆਂ, ਫੇਰ ਆਪਣੇ ਰਾਜ ਦਰਬਾਰ ਵਿਚ ਆ ਕੇ ਸਾਰੀਆਂ ਗੱਲਾਂ ਨੂੰ ਢਾਲਦੈ।

*ਸਾਂਗੈ ਅੰਦਰਿ ਸਾਬਤਾ ਜਿਸ ਗੁਰੂ ਸਹਾਏ॥*

*ਭਾਈ ਗੁਰਦਾਸ ਜੀ*

ਸਾਂਗ ਗੁਰੂ ਨੇ ਵਰਤਾ ਦਿਤਾ ਪਰ ਉਹਦੇ ਅੰਦਰ ਸਿਦਕ ਦੀ ਮੰਗ ਹੈ ਤੇ ਸਿਦਕ ਦੇ ਬਲ ਕਰਕੇ ਸਿੱਖ ਡੋਲਿਆ ਨਹੀਂ।

ਸੋ ਭਾਈ ਮੰਝ ਜਦੋਂ ਪ੍ਰਸ਼ਾਦਾ ਛਕਣ ਆਇਆ, ਪੰਗਤ ਵਿਚ ਬੈਠਿਆ, ਸੇਵਾ ਕਰਦੈ ਦਿਨ ਰਾਤ ਲੰਗਰ ਦੀ, ਸਾਰਾ ਕੁਝ ਕਰਦੈ, ਲੰਗਰ ਦੇ ਬਰਤਨ ਵੀ ਮਾਂਜਦੈ। ਪੱਖੇ ਵੀ ਝੱਲਦੈ, ਝਾੜੂ ਵੀ ਦਿੰਦੈ, ਜਲ ਵੀ ਢੋਂਦੈ। ਜਦੋਂ ਪੰਗਤ ਲਗ ਗਈ, ਘੰਟੀ ਵੱਜ ਗਈ। ਜਦੋਂ ਸਾਰੀ ਸੰਗਤ ਬੈਠ ਗਈ, ਉਸ ਵੇਲੇ ਸ੍ਰੀ ਮਾਨ (ਲੰਗਰ ਦੇ ਇੰਚਾਰਜ) ਆਪ ਆਏ।

ਕਹਿੰਦੇ, ਗੁਰਸਿੱਖਾ! ਤੂੰ ਪੰਗਤ ਵਿਚ ਨਾ ਬੈਠ, ਇਥੋਂ ਉੱਠ ਖੜ੍ਹ।

ਕਹਿਣ ਲੱਗਿਆ, ਕੀ ਹੁਕਮ ਹੈ ਮਹਾਰਾਜ?

ਤੁਹਾਡੇ ਵਾਸਤੇ ਗੁਰੂ ਦਾ ਹੁਕਮ ਹੈ ਕਿ ਤੁਸੀਂ ਲੰਗਰ 'ਚੋਂ ਪ੍ਰਸ਼ਾਦਾ ਨਹੀਂ ਛਕਣਾ।

ਜੇ ਹੁਣ ਦੇਖਣ ਵਾਲਾ ਹੁੰਦਾ ਕਿ ਮੇਰਾ ਘਰ ਗਿਆ, ਬਾਰ ਗਿਆ, ਲੜਕੀ ਕਿਤੇ ਹੈ, ਘਰਵਾਲੀ ਕਿਤੇ ਹੈ ਤੇ ਮੈਂ ਤਾਂ ਕਿਸੇ ਜੋਗਾ ਵੀ ਨਾ ਰਿਹਾ। ਗੁਰੂ ਵੀ ਮੇਰੇ 'ਤੇ ਨਰਾਜ਼ ਹੋ ਗਿਆ। ਮੈਨੂੰ ਪ੍ਰਸ਼ਾਦਾ ਵੀ ਨਹੀਂ ਛਕਣ ਦਿੰਦਾ। ਗੁਰੂ ਰਾਖੀ ਕਰਦੈ ਸਾਧਸੰਗਤ ਜੀ! ਸਿੱਖ ਦੀ ਪੈਰ-ਪੈਰ 'ਤੇ। ਕਿਉਂਕਿ ਐਸਾ ਭਾਈ ਗੁਰਦਾਸ ਜੀ ਨੇ ਫੁਰਮਾਨ ਕਰਿਐ -

*ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ।*
*ਧਾਨ ਬੁਰਾ ਪੂਜਾ ਦਾ।*

*ਜਿਉ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ।*

*ਭਾਈ ਗੁਰਦਾਸ ਜੀ*

ਹਿੰਦੂ ਕਦੇ ਵੀ ਗਊ ਮਾਸ ਨਹੀਂ ਖਾਂਦੇ।

*ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।*

ਦੋ ਕੰਮ ਮੁਸਲਮਾਨ ਨਹੀਂ ਕਰਦੇ, ਇਕ ਸੂਰ ਦਾ ਮਾਸ ਨਹੀਂ ਖਾਂਦੇ, ਇਕ ਵਿਆਜ ਨਹੀਂ ਲੈਂਦੇ।

*ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।*

*ਭਾਈ ਗੁਰਦਾਸ ਜੀ*

ਪੁਰਾਣੇ ਜ਼ਮਾਨਿਆਂ ਦੇ ਅੰਦਰ ਜਦੋਂ ਲੜਕੀ ਦਾ ਪਿਤਾ, ਜਵਾਈ ਦੇ ਘਰ ਜਾਂਦਾ ਸੀ, ਪਾਣੀ ਨੂੰ ਸ਼ਰਾਬ ਵਰਗਾ ਸਮਝ ਕੇ, ਪੀਂਦਾ ਨਹੀਂ ਸੀ ਹੁੰਦਾ। ਪਾਣੀ ਵੀ ਬਾਹਰਲੀ ਪਿੰਡ ਦੀ ਜੂਹ ਦਾ ਪੀਂਦੇ ਸੀ।

*ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ॥*

*ਭਾਈ ਗੁਰਦਾਸ ਜੀ*

ਕਿੰਨਾ ਹੀ ਗਰੀਬ ਹੋਵੇ, ਸਹਾ ਨਹੀਂ ਸੀ ਖਾਂਦਾ।

*ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ॥*

*ਭਾਈ ਗੁਰਦਾਸ ਜੀ*

ਜਿਵੇਂ ਮੱਖੀ, ਮਿੱਠੇ ਸ਼ਹਿਦ ਦੇ ਲਾਲਚ ਵਿਚ ਜਾ ਕੇ ਉਸ ਨਾਲ ਚਿੰਬੜ ਜਾਂਦੀ ਹੈ ਅਤੇ ਅੰਤ ਵਿਚ ਮਰ ਜਾਂਦੀ ਹੈ, ਉਸ ਦਾ ਸਾਰਾ ਕੰਮ ਵਿਗੜ ਜਾਂਦਾ ਹੈ।

*ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥*

*ਭਾਈ ਗੁਰਦਾਸ ਜੀ*

ਇਸੇ ਤਰ੍ਹਾਂ ਜਿਹੜੀ ਧਰਮਸਾਲਾ ਦੇ ਭੰਡਾਰਿਆਂ ਦੀ ਝਾਕ ਹੈ, ਪੇਟੂ ਬਣ ਕੇ ਖਾਈ ਜਾਣਾ। ਕਹਿੰਦੇ, ਉਹ ਤਾਂ ਕੈਪਸੂਲ ਨੇ ਵਿਹੁ ਦੇ। ਵਿਹੁ ਦੇ ਕੈਪਸੂਲ ਹੀ ਖਾਂਦਾ ਹੈ ਤੇ ਉਹ ਕਰਦਾ ਕੀ ਹੈ? -

*ਵਿਗੜੇ ਚਾਟਾ ਦੁਧ ਦਾ ਕਾਂਜੀ ਦੀ ਚੁਖੈ। ਭਾਈ ਗੁਰਦਾਸ ਜੀ*

ਉਹਦੇ ਕਰਮ-ਧਰਮ ਕੀਤੇ ਹੋਏ ਇਸ ਤਰ੍ਹਾਂ ਫਲ ਜਾਣਗੇ ਜਿਵੇਂ ਇਕ ਬੂੰਦ ਖੱਟੇ ਦੀ ਦੁੱਧ ਵਿਚ ਪੈ ਜਾਵੇ।

*ਸਹਸ ਮਣਾ ਰੂਈਂ ਜਲੈ ਚਿਣਗਾਰੀ ਧੁਖੈ॥*

*ਭਾਈ ਗੁਰਦਾਸ ਜੀ*

ਹਜ਼ਾਰ ਮਣ ਰੂੰ ਪਈ ਹੈ, ਇਕ ਮਾੜਾ ਜਿਹਾ ਡੱਬੀ 'ਚੋਂ ਸੀਂਖ ਕੱਢ ਕੇ ਅੱਗ ਲਾ ਦਿਓ, ਸਾਰੀ ਸੁਆਹ ਬਣ ਜਾਂਦੀ ਹੈ।

*ਬੂਰੁ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ।*

*ਭਾਈ ਗੁਰਦਾਸ ਜੀ*

ਪਾਣੀ ਨੂੰ ਬੂਰ ਖਰਾਬ ਕਰ ਦਿੰਦੈ ਤੇ ਲਾਗ ਲਗ ਜਾਵੇ ਦਰਖਤ ਨੂੰ, ਉਹ ਖਰਾਬ ਹੋ ਜਾਇਆ ਕਰਦੈ। ਉਹਦੇ 'ਚ ਤੇੜ ਪੈ ਜਾਇਆ ਕਰਦੀ ਹੈ।

*ਜਿਉ ਉਦਮਾਦੀ ਅਤੀਸਾਰੁ ਖਈ ਰੋਗੁ ਮਨੁਖੈ॥*

*ਭਾਈ ਗੁਰਦਾਸ ਜੀ*

ਜੇ ਪਾਗਲ ਨੂੰ ਮਰੋੜੇ ਲਗ ਜਾਣ ਤੇ ਮਨੁੱਖ ਨੂੰ ਟੀ.ਬੀ ਦਾ ਰੋਗ ਲਗ ਜਾਵੇ।

*ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ।*

*ਭਾਈ ਗੁਰਦਾਸ ਜੀ*

ਸ਼ਿਕਾਰੀ ਨੇ ਜਾਲ ਵਿਛਾਇਆ ਹੋਇਐ, ਹੇਠਾਂ ਚੌਲ ਸੁੱਟੇ ਹੋਏ ਨੇ, ਪੰਖੇਰੂ ਆਉਂਦੇ ਨੇ ਜਾਲ ਵਿਚ ਫਸੀ ਜਾਂਦੇ ਨੇ।

*ਤਿਉ ਅਜਰੁ ਝਾਕ ਭੰਗਾਰ ਦੀ ਵਿਆਪੇ ਵੇਮੁਖੈ॥*

*ਭਾਈ ਗੁਰਦਾਸ ਜੀ*

ਬੇਮੁਖ ਦਾ ਮਨ ਕਰਦੈ ਕਿ ਜਾ-ਜਾ ਕੇ ਖਾਈਏ। ਇਹਦੇ ਉਤੇ ਇਕ ਸਵਾਲ ਆਉਂਦੈ ਕਿ ਕਿਸੇ ਨੂੰ ਵੀ ਨਹੀਂ ਖਾਣਾ ਚਾਹੀਦਾ, ਲੰਗਰ? ਮਹਾਰਾਜ ਕਹਿੰਦੇ, ਜਿਹੜੇ ਸੇਵਾ ਕਰਦੇ ਨੇ, ਦਿਨ-ਰਾਤ ਕਮਾਈ ਕਰਦੇ, ਲਿਆਉਂਦੇ ਨੇ ਪੈਸੇ, ਮਿਹਨਤਾਂ ਕਰਦੇ ਨੇ, ਬੰਦਗੀ ਕਰਦੇ -

*ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ॥*

*ਅੰਗ - ੧੩੬੫*

ਜਿਹੜਾ ਵੰਡ ਕੇ ਖਾਂਦੈ, ਉਹਦੇ ਉਤੇ ਕੋਈ ਅਸਰ ਨਹੀਂ ਹੋਇਆ ਕਰਦਾ। ਦੂਜਾ ਜ਼ਹਿਰ ਇਕੱਠੀ ਕਰਦੈ, ਪੁਸ਼ਤਾਂ ਵਾਸਤੇ ਕਰਦੈ।

*ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ।*
*ਮੱਤ ਮਾਰਨ, ਹੱਡ ਗਾਲਣ, ਭਜਨ ਕਰਨ ਨਾ ਦੇਣਿ।*

ਸੋ ਮਹਾਰਾਜ ਨੇ ਬੰਦ ਕਰ ਦਿਤਾ। ਕਹਿੰਦੇ, ਉਠਾ ਦਿਓ ਇਹਨੂੰ। ਪੰਗਤ ਵਿਚੋਂ ਉਠਾ ਦਿਤਾ। ਖੁਸ਼ੀ ਨਾਲ ਉਠ ਖੜ੍ਹਿਆ। ਧੰਨ ਭਾਗ ਮੇਰੇ, ਅੱਜ ਪਹਿਲੀ ਵਾਰ ਸਤਿਗੁਰੂ ਦੇ ਹੁਕਮ ਨੂੰ ਮੈਂ ਸਰਵਣ ਕਰਿਐ। ਨਮਸ਼ਕਾਰ ਕਰਦਾ ਹੈ, ਸੱਚੇ ਪਾਤਸ਼ਾਹ! ਤੇਰੀ ਤੂੰ ਜਾਣੇ।

ਕਿੱਡਾ ਵੱਡਾ ਜਿਗਰਾ ਹੈ, ਐਡਾ ਜਿਗਰਾ ਸਤਿਪੁਰਸ਼ਾਂ ਨੂੰ ਲੋੜੀਦੈ -

*ਧਾਰਨਾ - ਰੁੱਖਾਂ ਵਰਗਾ ਜੇਰਾ,*
*ਪਿਆਰੇ ਲੋੜੀਦੈ ਦਰਵੇਸਾਂ ਨੂੰ।*

*ਫਰੀਦਾ ਸਾਹਿਬ ਕੀ ਕਰਿ ਚਾਕਰੀ ਦਿਲ ਹੀ ਲਾਹਿ ਭਰਾਂਦਿ ॥ ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥*

*ਅੰਗ - ੧੩੮੧*

ਆਪਣੇ ਆਪ ਨੂੰ ਕੁਛ ਬਣਾ ਨਾ। ਖਤਮ ਕਰ ਦੇ ਬਿਲਕੁਲ। ਮੁਰਦੇ ਸਮਾਨ ਹੋ ਜਾ।

ਕੋਈ ਫਲ ਵਾਲਾ ਰੁੱਖ ਹੈ, ਆ ਕੇ ਇੱਟਾਂ ਵੱਟੇ ਮਾਰਦੇ ਨੇ। ਫਲ ਦੇ ਦਿੰਦੈ ਉਹ ਉਸ ਨੂੰ। ਟਾਹਣੀਆਂ ਵੱਢ ਲੈਂਦੇ ਨੇ, ਕਦੇ ਨਹੀਂ ਦਰਖਤ ਕਹਿੰਦਾ, ਮੇਰੀ ਛਾਂ ਥੱਲੇ ਨਾ ਬੈਠ ਤੂੰ। ਤੂੰ ਤਾਂ ਮੇਰੀਆਂ ਟਾਹਣੀਆਂ ਵੱਢ ਦਿਤੀਆਂ। ਕਿੱਡਾ ਜਿਗਰਾ ਹੈ। ਕਹਿੰਦੇ, ਐਡਾ ਜਿਗਰਾ ਹੋਵੇ -

*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਅੰਗ - ੨੭੨*

ਕੋਈ ਤਾਂ ਮਿੱਟੀ ਪੁੱਟੀ ਜਾਂਦੈ, ਕੋਈ ਚੰਦਨ ਦਾ ਲੇਪ ਕਰਦੈ, ਕਹਿੰਦੇ ਇਹੋ ਜਿਹੀ ਧੀਰਜ ਹੋਣੀ ਚਾਹੀਦੀ ਹੈ।

ਬਾਬਾ ਅਜੀਤ ਸਿੰਘ ਜੀ ਨਥਲਪੁਰ ਵਾਲੇ, ਆਪ ਤੁਰੇ ਜਾਂਦੇ ਨੇ। ਇਕ ਪਿੰਡ ਹੈ ਰੰਗੀਆਂ ਕੋਲ, ਉਥੋਂ ਲੰਘੇ ਜਾਂਦੇ ਨੇ। ਉਥੇ ਇਕ ਲਾਭ ਸਿੰਘ ਨਾਮ ਦਾ ਕੋਈ ਪ੍ਰੇਮੀ ਰਹਿੰਦਾ ਸੀ ਤੇ ਉਥੇ ਉਹ ਭੂਤ ਕੱਢਣ ਲੱਗਿਆ ਹੋਇਆ ਸੀ। ਬਾਬਾ ਜੀ ਜਾਂਦੇ-ਜਾਂਦੇ ਠਹਿਰ ਗਏ ਕਿ ਕੀ ਮਾਨਸ ਜਨਮ ਆਪਣਾ ਇਹ ਬਰਬਾਦ ਕਰਨ ਲੱਗਿਆ ਹੋਇਐ, ਭੂਤਾਂ ਨੂੰ ਕੱਢਣ ਲੱਗਿਐ। ਉਥੇ ਖੜ੍ਹੇ ਹੋ ਕੇ ਕਹਿਣ ਲੱਗੇ, ਸਾਊ! ਪਖੰਡ ਨਹੀਂ ਕਰੀਦਾ। ਉਹਦੇ ਕੋਲ, ਉਹਦੇ ਬਹੁਤ ਸਾਰੇ ਚੇਲੇ-ਚਾਟੜੇ ਬੈਠੇ ਸੀ, ਇਕ ਦਮ ਉਠਿਆ, ਆ ਕੇ ਬਾਬਾ ਜੀ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿਤਾ। ਕਹਿੰਦਾ, ਤੈਨੂੰ ਕੀਹਨੇ ਕਿਹੈ ਇਥੇ ਆਉਣ ਨੂੰ? ਉਹਨਾਂ ਨੇ ਕੰਬਲ ਦੀ ਬੁੱਕਲ ਮਾਰੀ ਹੋਈ ਸੀ, ਉਹਨਾਂ ਦਾ ਇਹਨੇ ਕੰਬਲ ਖੋਹ ਲਿਆ। ਕਹਿੰਦਾ, ਜਾਹ ਹੁਣ ਐਵੇਂ ਜਿਵੇਂ ਪਾਲੇ ਵਿਚ। ਨਾਲੇ ਤੈਨੂੰ ਪਤਾ ਲੱਗੂ ਕਿ ਕਿਵੇਂ ਟੋਕੀਦੈ।

ਕਹਿੰਦੇ, ਸਾਊ! ਮੈਂ ਤੈਨੂੰ ਗੱਲ ਤਾਂ ਠੀਕ ਹੀ ਕਹੀ ਸੀ। ਚੰਗਾ ਤੇਰੀ ਮਰਜ਼ੀ, ਨਾ ਮੰਨ।

ਉਹ ਉਥੋਂ ਜਾ ਕੇ ਰੇਲ ਦੀ ਲਾਈਨ 'ਤੇ ਬਹਿ ਗਏ। ਇਧਰਲੇ ਪਾਸੇ ਸਾਰਿਆਂ ਨੂੰ ਪਤਾ ਲੱਗਿਆ, ਸ. ਜੋਗਿੰਦਰ ਸਿੰਘ ਮੁੰਡੀਆਂ ਵਾਲਿਆਂ ਨੂੰ ਵੀ ਪਤਾ ਲੱਗਿਆ। ਇਹ ਸਾਰੇ ਰਾਈਫਲਾਂ ਲੈ ਕੇ ਆ ਗਏ ਕਿ ਲਾਭ ਸਿੰਘ ਦੀ ਕੁਟਾਈ ਕਰੀਏ ਜਾ ਕੇ। ਇਹਨੇ ਸੰਤਾਂ ਦਾ ਬਹੁਤ ਨਿਰਾਦਰ ਕਰਿਐ। ਕੰਬਲ ਖੋਹ ਲਿਆ। ਜਦੋਂ ਉਹ ਜਾਂਦੇ ਨੇ ਇਕੱਠੇ ਹੋਏ, ਬਾਬਾ ਜੀ ਨੇ ਅਵਾਜ਼ ਮਾਰੀ, ਕਹਿੰਦੇ, ਗੱਲ ਸੁਣੋ, ਏਧਰ ਆਓ। ਸਾਰੇ ਆ ਗਏ।

ਕਹਿੰਦੇ, ਬਾਬਾ ਜੀ ਬਹੁਤ ਮਾੜਾ ਕੰਮ ਹੋਇਆ।

ਬਾਬਾ ਜੀ ਕਹਿੰਦੇ, ਤੁਸੀਂ ਕਿੱਧਰ ਚੱਲੇ ਹੋਂ?

ਕਹਿੰਦੇ, ਅਸੀਂ ਸਜ਼ਾ ਦੇਣ ਚੱਲੇ ਹਾਂ।

ਕਹਿੰਦੇ, ਨਾ ਪ੍ਰੇਮੀਓਂ! ਪਹਿਲਾਂ ਕਸੂਰ ਦੇਖੀਦੈ ਕਿ ਕੀਹਦਾ ਹੈ? ਇਹ ਤਾਂ ਆਪਣਾ ਕੰਮ ਕਰ ਹੀ ਰਿਹਾ ਸੀ। ਮੈਂ ਤੁਰਿਆ ਜਾਂਦਾ ਸੀ ਰਸਤੇ-ਰਸਤੇ। ਮੈਨੂੰ ਕੀ ਲੋੜ ਪਈ ਸੀ, ਮੈਂ ਉਹਨੂੰ ਜਾ ਕੇ ਕਿਹਾ, ਤਾਂ ਹੀ ਉਹਨੇ ਮੈਨੂੰ ਧੱਕੇ ਮਾਰੇ। ਜੇ ਮੈਂ ਕੁਛ ਨਾ ਕਹਿੰਦਾ, ਉਹ ਮੈਨੂੰ ਕਿਉਂ ਮਾਰਦਾ। ਕੰਬਲ ਖੋਹ ਲਿਆ ਉਹਨੇ, ਠੀਕ ਹੈ ਮੈਂ ਉਹਦੇ ਘਰ ਗਿਆ, ਉਹਨੇ ਖੋਹ ਲਿਆ।

ਕਿੱਡਾ ਜਿਗਰਾ ਹੈ, ਸਾਧਸੰਗਤ ਜੀ! ਹੈਰਾਨ ਹੋਈਦੈ ਇਹ ਗੱਲਾਂ ਸੁਣ ਕੇ ਮਹਾਂਪੁਰਸ਼ਾਂ ਦੀਆਂ।

ਗੁਰੂ ਅੰਗਦ ਸਾਹਿਬ ਮਹਾਰਾਜ ਦੇ ਪਾਸ ਖਹਿਰੇ ਗੋਤ ਦੇ ਜੱਟ ਜਿਹੜੇ ਖਡੂਰ ਸਾਹਿਬ ਰਿਹਾ ਕਰਦੇ ਸੀ। ਉਥੇ ਇਕ ਤਪਾ ਬਹੁਤ ਲਗਦਾ ਸੀ, ਉਹਨਾਂ ਨਾਲ। ਹਰ ਵਕਤ ਉਹਦਾ ਕੰਮ ਸੀ ਗੁਰੂ ਘਰ ਦੀ ਨਿੰਦਿਆ ਕਰਨੀ। ਦੂਸਰਾ ਉਹਦੇ ਏਜੰਟ ਇਹ ਕੋਸ਼ਿਸ਼ ਕਰਦੇ ਸੀ ਕਿ ਗੁਰੂ ਦੀ ਨਿੰਦਿਆ ਕਰਕੇ, ਇਹ ਜਿਹੜਾ ਕੋਈ ਜੱਟ ਉਥੇ ਭੁੱਲ ਚੁੱਕ ਕੇ, ਕੋਈ ਨਾ ਜਾਣ ਦੇਈਏ। ਸਾਰਿਆਂ ਨੂੰ ਗੁਰੂ ਦੀ ਨਿੰਦਿਆ ਸੁਣਾਈ ਜਾਂਦਾ ਸੀ।

ਇਕ ਵਾਰੀ ਕੁਦਰਤ ਐਸੀ ਹੋਈ, ਮੀਂਹ ਨਾ ਪਿਆ। ਸਾਉਣ ਸੁੱਕਾ ਲੰਘ ਗਿਆ। ਚਰੀਆਂ ਜਿਹੜੀਆਂ ਸੀ ਖੇਤਾਂ ਦੇ ਅੰਦਰ ਅਲੱਗ-ਅਲੱਗ ਹੋ ਕੇ ਝੜਨੀਆਂ ਸ਼ੁਰੂ ਹੋ ਗਈਆਂ ਤੇ ਉਸ ਵੇਲੇ ਸਾਰੇ ਤਪੇ ਕੋਲ ਗਏ ਕਿ ਤਪਾ ਜੀ ਮੀਂਹ ਪੁਆਓ ਤੁਸੀਂ। ਕਹਿੰਦਾ, ਮੀਂਹ ਕਾਹਦਾ ਪੁਆਵਾਂ ਤੁਹਾਡੇ ਪਿੰਡ ਵਿਚ ਤਾਂ ਪਾਪ ਹੋ ਰਿਹੈ। ਜਦੋਂ ਤਕ ਪਾਪ ਦਾ ਇਲਾਜ ਨਹੀਂ ਕਰਦੇ, ਓਨੀਂ ਦੇਰ ਤਕ ਮੀਂਹ ਨਹੀਂ ਪੈਣਾ।

ਕਹਿਣ ਲੱਗੇ, ਦੱਸੋ ਅਸੀਂ ਤਾਂ ਹੁਣੇ ਇਲਾਜ ਕਰ ਦਿੰਦੇ ਹਾਂ।

ਕਹਿੰਦਾ, ਤੁਸੀਂ ਇਹ ਦੇਖੋ ਜਿਹੜਾ ਗੁਰੂ ਬੈਠਾ ਹੈ ਇਥੇ, ਗ੍ਰਹਿਸਤੀ ਹੈ। ਨਾਲੇ ਗ੍ਰਹਿਸਤੀ ਨਾਲੇ ਲੋਕਾਂ ਤੋਂ ਪੂਜਾ ਲੈਂਦਾ ਹੈ। ਇਹਨੇ ਪਾਪ ਕਰਿਆ ਹੋਇਐ, ਤਾਂ ਨਹੀਂ ਮੀਂਹ ਪਿਆ। ਜਾਓ ਇਹਨੂੰ ਕਹੋ, ਮੀਂਹ ਪੁਆਵੇ। ਜੇ ਨਹੀਂ ਪੁਆਉਂਦਾ, ਪਿੰਡ 'ਚੋਂ ਭਜਾ ਦਿਓ, ਧੱਕੇ ਮਾਰ ਕੇ।

ਉਸੇ ਤਰ੍ਹਾਂ ਭੂਤਰੇ ਹੋਏ ਲੋਕ ਆ ਗਏ। ਆ ਕੇ ਕਹਿੰਦੇ, ਗੁਰੂ ਜੀ! ਸਾਡੀਆਂ ਫਸਲਾਂ ਸੁੱਕ ਗਈਆਂ, ਤੁਸੀਂ ਸਾਡੇ ਪਿੰਡ ਵਿਚ ਰਹਿੰਦੇ ਹੋਂ, ਮੀਂਹ ਪੁਆਓ, ਅਸੀਂ ਤੁਹਾਡੇ ਲੰਗਰ ਵਿਚ ਕਦੇ-ਕਦੇ ਦੁੱਧ ਵੀ ਲਿਆ ਕੇ ਪਾਉਂਦੇ ਹਾਂ ਤੇ ਫੇਰ ਇਹ ਦੁੱਧ ਨਹੀਂ ਆਉਣਾ ਤੁਹਾਡੇ ਲੰਗਰ ਦੇ ਅੰਦਰ। ਬੜਾ ਸਖਤ ਬੋਲਦੇ ਨੇ। ਜੱਟ ਜਦੋਂ ਲੜਨ 'ਤੇ ਆਇਆ ਕਰਦੈ, ਪਹਿਲਾਂ ਹੀ ਪਤਾ ਲਗ ਜਾਂਦਾ ਹੈ ਕਿ ਇਹ ਹੁਣ ਗਲ ਪੈਣ ਵਾਲੇ ਨੇ। ਸਿਆਣਾ ਬੰਦਾ ਬਚ ਜਾਂਦੈ, ਕਿਉਂਕਿ ਉਹਦੇ ਬੋਲ ਦੇ ਵਿਚ ਰੁੱਖਾਪਨ ਆ ਜਾਂਦੈ। 'ਜੱਟ ਵਿਗਾੜੇ ਮੁਰਸ਼ਦ ਨਾਲ।' ਮੁਰਸ਼ਦ ਦੀ ਵੀ ਨਹੀਂ ਪਰਵਾਹ ਕਰਦਾ।

ਸੋ ਮਹਾਰਾਜ ਉਸੇ ਤਰ੍ਹਾਂ ਸ਼ਾਂਤ ਚਿਤ ਬੈਠੇ ਨੇ। ਕਹਿੰਦੇ, ਪ੍ਰੇਮੀਓ! ਮੀਂਹ ਤਾਂ ਪੁਆਉਣਾ, ਹਟਾਉਣਾ ਵਾਹਿਗੁਰੂ ਦੇ ਹੱਥ ਵਿਚ ਹੁੰਦੈ ਕਿਉਂਕਿ ਇਹ ਅਕਾਲ ਪੁਰਖ ਦਾ ਪ੍ਰੋਗਰਾਮ ਹੈ, ਬੰਦੇ ਦਾ ਪ੍ਰੋਗਰਾਮ ਨਹੀਂ ਹੈ। ਫੇਰ ਕਹਿੰਦੇ, ਤੁਸੀਂ ਗੁਰੂ ਐਵੇਂ ਬਣੇ ਬੈਠੇ ਹੋਂ ਜਾਂ ਤਾਂ ਮੀਂਹ ਪੁਆਓ ਜਾਂ ਸਾਡਾ ਪਿੰਡ ਛੱਡ ਜਾਓ। ਤੁਹਾਡੇ ਕਰਕੇ ਇਥੇ ਮੀਂਹ ਨਹੀਂ ਪੈਂਦਾ ਕਿਉਂਕਿ ਲੋਕ ਤੁਹਾਨੂੰ ਮੱਥੇ ਟੇਕਦੇ ਨੇ, ਤੁਸੀਂ ਗ੍ਰਹਿਸਤੀ ਹੋਂ। ਮਹਾਰਾਜ ਕਹਿੰਦੇ, ਚੰਗਾ ਪ੍ਰੇਮੀਓਂ! ਜੇ ਸਾਡੇ ਜਾਣ ਨਾਲ ਮੀਂਹ ਪੈ ਜਾਵੇ ਤਾਂ ਅਸੀਂ ਬੜੀ ਖੁਸ਼ੀ ਨਾਲ ਛੱਡ ਜਾਂਦੇ ਹਾਂ।

ਕੋਈ ਬਾਤ ਨਹੀਂ ਕਰਦੇ, ਦੀਨ ਦੁਨੀਆਂ ਦੇ ਮਾਲਕ। ਇਕ ਨਿਗ੍ਹਾ ਜੇ ਪੁੱਠੀ ਕਰ ਦੇਣ –

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥*

*ਅੰਗ – ੪੭੩*

ਤਖ਼ਤ ਵਾਲਿਆਂ ਨੂੰ ਘਾਹ ਖੋਤਣ ਲਾ ਦਿੰਦੈ ਜੇ ਪ੍ਰਮਾਤਮਾ ਉਲਟੀ ਨਿਗ੍ਹਾ ਕਰ ਦੇਵੇ। ਲੇਕਿਨ ਜਿੱਡੀ ਵੱਡੀ ਤਾਕਤ ਹੁੰਦੀ ਹੈ ਓਡਾ ਵੱਡਾ ਹੀ ਜੇਰਾ ਹੁੰਦੈ। ਜਿਗਰਾ ਵੀ ਓਡਾ ਦਿਤਾ ਹੁੰਦੈ। ਸੋ ਆਪ ਚੁੱਪ ਕਰਕੇ ਉਸੇ ਵੇਲੇ ਉੱਠੇ ਕਹਿੰਦੇ, ਲਓ ਭਾਈ, ਅਸੀਂ ਫੇਰ ਜਾਂਦੇ ਹਾਂ। ਤੁਹਾਡਾ ਮੀਂਹ ਪੈਣਾ ਚਾਹੀਦਾ ਹੈ।

ਗੁਰੂ ਮਹਾਰਾਜ ਤੇ ਕੁਝ ਸਿੱਖ ਬੈਠੇ ਨੇ ਆਪ ਪਾਸ ਕਹਿਣ ਲੱਗੇ, ਸੱਚੇ ਪਾਤਸ਼ਾਹ! ਤਾਲਾ ਲਾ ਦੇਈਏ ਮਕਾਨ ਨੂੰ?

ਕਹਿੰਦੇ, ਨਾ ਪ੍ਰੇਮੀਓਂ! ਇਹ ਤਾਂ ਸੰਗਤਾਂ ਦੀਆਂ ਚੀਜ਼ਾਂ ਨੇ, ਸੰਗਤਾਂ ਵਲੋਂ ਆਈਆਂ ਨੇ, ਸੰਗਤਾਂ ਦੇ ਹੀ ਕੰਮ ਆਉਣਗੀਆਂ, ਆਪਾਂ ਕੀ ਤਾਲਾ ਲਾ ਕੇ ਕਰਨਾ ਹੈ। ਚਲੋ ਚੱਲੀਏ।

ਪੈਦਲ ਹੀ ਚੱਲ ਪੈਂਦੇ ਨੇ ਤੇ ਜਦੋਂ ਉਥੋਂ ਕੁਝ ਮੀਲ ਦੂਰ ਗਏ ਤਾਂ ਰਜ਼ਾਦੇ ਦੀ ਜੂਹ ਦੇ ਵਿਚ, ਉਥੇ ਪਤਾ ਲੱਗਿਆ ਗੁਰਸਿੱਖਾਂ ਨੂੰ, ਪਿੰਡ ਵਾਲਿਆਂ

ਨੂੰ ਕਿ ਇਸ ਤਰ੍ਹਾਂ ਨਾਲ ਹੋਇਆ ਹੈ। ਉਹ ਸਾਰੇ ਹੱਥ ਬੰਨ੍ਹ ਕੇ ਆ ਗਏ, ਕਹਿਣ ਲੱਗੇ, ਪਾਤਸ਼ਾਹ! ਆਹ ਜੂਹਾਂ ਨਾ ਛੱਡ ਕੇ ਜਾਓ, ਸਾਡਾ ਕੀ ਬਣੇਗਾ? ਇਥੇ ਤਾਂ ਉਜਾੜ ਪੈ ਜਾਏਗਾ। ਕ੍ਰਿਪਾ ਕਰੋ। ਅਸੀਂ ਹੁਣੇ ਸਭ ਇੰਤਜ਼ਾਮ ਕਰ ਦਿੰਦੇ ਹਾਂ। ਕੱਲਰਾਂ ਦੇ ਵਿਚ ਧਰਤੀ ਪਈ ਸੀ, ਉਥੇ ਹੀ ਉਹਨਾਂ ਨੇ ਸਰਕੜੇ ਵੱਢੇ, ਵੱਢ ਕੇ ਲਿਆ ਕੇ, ਛੱਪਰ ਪਾ ਦਿਤੇ ਤੇ ਮਹਾਰਾਜ ਨੂੰ ਪਲੰਘ ਲਿਆ ਕੇ ਬਿਠਾ ਦਿਤਾ। ਉਸੇ ਵੇਲੇ ਘੜੇ ਆ ਗਏ, ਪਾਣੀ ਦੇ। ਲੰਗਰ ਤਿਆਰ ਹੋਣ ਲਗ ਗਿਆ। ਇਕ ਰਸ ਬਿਰਤੀ ਹੈ, ਮਹਾਰਾਜ ਅਰਾਮ ਨਾਲ ਬੈਠੇ ਨੇ ਤੇ ਇਧਰਲੇ ਪਾਸੇ ਛੇ ਦਿਨ ਲੰਘ ਗਏ। ਇਹ ਜਾਂਦੇ ਨੇ ਤਪੇ ਕੋਲ ਕਿ ਤਪਾ ਜੀ ਮੀਂਹ ਪੁਆਓ, ਮੀਂਹ ਨਹੀਂ ਪਿਆ? ਗੁਰੂ ਨਾਲ ਵੀ ਸਾਡੀ ਵਿਗਾੜ ਪਾਈ ਤੁਸੀਂ ਤੇ ਮੀਂਹ ਤੁਸੀਂ ਪਾਇਆ ਨਹੀਂ ਹੈ? ਕਹਿੰਦਾ, ਬੱਦਲ ਆ ਰਹੇ ਨੇ, ਮੈਂ ਦੇਖ ਰਿਹਾ ਹਾਂ। ਔਹ ਦੇਖੋ, ਕਿੱਡੇ ਭਾਰੇ ਕਾਲੇ-ਕਾਲੇ ਬੱਦਲ ਆ ਰਹੇ ਨੇ। ਉਹ ਕਹਿੰਦੇ, ਤੁਹਾਡੇ ਬੱਦਲ ਆਉਣ 'ਚ ਹੀ ਨਹੀਂ ਆਉਂਦੇ, ਰੋਜ਼ ਕਹੀ ਜਾਂਦੇ ਓਂ। ਕਹਿੰਦਾ, ਹਵਾ ਬਦਲ ਗਈ ਸੀ, ਫਲਾਣੀ ਸ਼ਕਤੀ ਮੂਹਰੇ ਆ ਗਈ, ਹੁਣ ਮੈਂ ਮੰਤਰ ਕਰਕੇ ਉਹਨੂੰ ਪਰੇ ਹਟਾਉਂਦਾ ਹਾਂ। ਸੱਤ ਦਿਨ ਲੰਘਾ ਦਿਤੇ।

ਜੱਟ ਕਾਹਲੇ ਪੈ ਗਏ ਕਿ ਗੁਰੂ ਨਾਲ ਵੀ ਵਿਗਾੜੀ ਤੇ ਮੀਂਹ ਇਹਨੇ ਵੀ ਨਹੀਂ ਪੁਆਇਆ। ਕਈ ਸਮਝਣ ਲਗ ਗਏ ਕਿ ਇਹਨੇ ਧੋਖਾ ਕਰਿਆ ਹੈ। ਜ਼ਿੱਦਬਾਜ਼ੀ ਕਰਦੈ, ਗੁਰੂ ਨਾਲ ਖਾਰ ਖਾਂਦਾ ਸੀ। ਸਾਡੇ ਤੋਂ ਉਹ ਕੰਮ ਕਰਾ ਦਿਤਾ ਇਹਨੇ ਜਿਹੜਾ ਰਹਿੰਦੀ ਦੁਨੀਆਂ ਤਕ ਸਾਡਾ ਕਲੰਕ ਨਹੀਂ ਜਾਣਾ। ਗੁਰੂ ਨੂੰ ਤਾਂ ਧੱਕੇ ਦੇ ਕੇ ਕੱਢਣਾ ਹੋ ਗਿਆ, ਕਿਉਂਕਿ ਕਹਿ ਦਿਤਾ ਸੀ ਕਿ ਜੇ ਆਪੇ ਚਲੇ ਜਾਓਂ ਤਾਂ ਮਿਹਰਬਾਨੀ, ਨਹੀਂ ਤਾਂ ਮਹਾਰਾਜ! ਅਸੀਂ ਤੁਹਾਨੂੰ ਬਾਹਾਂ ਤੋਂ ਫੜ ਕੇ ਪਿੰਡ ਦੀ ਜੂਹ ਤਾਂ ਲੰਘਾ ਕੇ ਹੀ ਆਵਾਂਗੇ। ਕਿੱਡੇ ਕਠੋਰ ਬਚਨ ਬੋਲੇ।

ਸੋ ਇਧਰੋਂ ਬਾਬਾ ਅਮਰਦਾਸ ਜੀ ਗੋਇੰਦਵਾਲ ਸਾਹਿਬ ਤੋਂ ਆ ਗਏ। ਆਪ ਨੇ ਦੇਖਿਆ ਕਿ ਚਹਿਲ-ਪਹਿਲ ਨਹੀਂ ਹੈ ਕੋਈ ਵੀ। ਇਥੇ ਤਾਂ ਕੁਛ ਵੀ ਨਹੀਂ ਹੈ, ਦਰਵਾਜ਼ੇ ਖੁਲ੍ਹੇ ਪਏ ਨੇ। ਇਕ ਸਿੱਖ ਬੈਠਾ ਹੈ, ਬਹੁਤ ਅਫਸੋਸ 'ਚ ਬੈਠਾ ਹੈ। ਆਪ ਨੇ ਪੁੱਛਿਆ। ਦੇਖਦੇ ਸਾਰ ਹੀ ਸਿੱਖ ਦੀਆਂ ਧਾਹਾਂ ਨਿਕਲ ਗਈਆਂ।

ਬਾਬਾ ਜੀ ਕਹਿੰਦੇ, ਕੀ ਹੋ ਗਿਆ?

ਕਹਿੰਦਾ, ਹੋਣਾ ਕੀ ਸੀ? ਐਡਾ ਨਿਰਾਦਰ ਗੁਰੂ ਮਹਾਰਾਜ ਦਾ ਇਨ੍ਹਾਂ ਨੇ ਕਰਿਆ, ਇਥੇ ਦੇ ਜੱਟਾਂ ਨੇ, ਖਹਿਰੇ ਗੋਤ ਦਿਆਂ ਨੇ। ਮੈਂ ਦੱਸ ਨਹੀਂ ਸਕਦਾ। ਧਾਹਾਂ ਮਾਰ-ਮਾਰ ਰੋਂਦੈ ਗੁਰਸਿੱਖ। ਕਿਉਂਕਿ ਗੁਰੂ ਦਾ ਨਿਰਾਦਰ ਸਿੱਖ ਤੋਂ ਨਹੀਂ ਸਹਿ ਹੁੰਦਾ, ਸਾਧਸੰਗਤ ਜੀ। ਇਹ ਬਹੁਤ ਮੁਸ਼ਕਲ ਹੈ। ਸਿੱਖ ਉਸ ਤੋਂ ਪਹਿਲਾਂ ਆਪਣੀ ਜਾਨ ਦੇਣ ਨੂੰ ਤਿਆਰ ਹੈ। ਮੇਰੀ ਜਾਨ ਚਲੀ ਜਾਵੇ, ਪਿੱਛੋਂ ਜੋ ਹੋਣੈ ਹੋਵੇ ਪਰ ਮੇਰੇ ਹੁੰਦੇ, ਮੇਰੇ ਗੁਰੂ ਨੂੰ ਨਾ ਕੁਛ ਹੋਵੇ। ਸੋ ਕਹਿਣ ਲੱਗਿਆ ਗੁਰਸਿੱਖ ਕਿ ਇਹਨਾਂ ਨੇ ਐਡਾ ਨਿਰਾਦਰ ਕਰਿਆ।

ਬਾਬਾ ਜੀ ਕੁਝ ਜਲਾਲ 'ਚ ਆ ਗਏ। ਕਹਿਣ ਲੱਗੈ, ਹੈਂ! ਗੁਰੂ ਦੀ ਵੀ ਕਦਰ ਨਹੀਂ ਕਰੀ ਇਹਨਾਂ ਨੇ। ਚਲੋ, ਮਾਮੂਲੀ ਆਦਮੀ ਹੁੰਦਾ, ਮਾਤੜ-ਧਮਾਤੜ ਹੁੰਦਾ, ਕਰ ਲੈਂਦੇ। ਪਰ ਇਹਨਾਂ ਨੇ ਦੀਨ ਦੁਨੀਆਂ ਦੇ ਮਾਲਕ ਨੂੰ ਸਮਝਿਆ ਨਹੀਂ ਹੈ ਕੁਛ ਵੀ। ਐਨੇ ਨੂੰ ਜੱਟ ਆ ਗਏ, ਕਹਿੰਦੇ ਓਏ! ਤੁਸੀਂ ਇਹ ਕੀ ਕਰਿਆ ਹੈ? ਗੁਰੂ ਨਾਲ ਤੁਸੀਂ ਮਾੜਾ ਕੰਮ ਕਰਿਆ ਮੀਂਹ ਵਾਸਤੇ? ਮੀਂਹ ਤਾਂ ਤੁਸੀਂ ਗੁਰੂ ਘਰ ਦੇ ਕੁੱਤੇ ਦੇ ਚਰਨੀਂ ਹੱਥ ਲਾ ਦਿੰਦੇ, ਉਹਨੇ ਵੀ ਪਾ ਦੇਣਾ ਸੀ। ਐਨੀ ਵੀ ਤੁਹਾਨੂੰ ਸੋਝੀ ਨਹੀਂ ਆਈ? ਕਿਸੇ ਗੁਰਸਿੱਖ ਨੂੰ ਪ੍ਰਸੰਨ ਕਰ ਲੈਂਦੇ ਤਾਂ ਵੀ ਮੀਂਹ ਪੈ ਜਾਣਾ ਸੀ। ਗੁਰੂ ਕੋਲ ਹੀ ਸਿਫਾਰਸ਼ ਕਰ ਲੈਂਦੇ, ਜਿਹੜਾ ਦੀਨ ਦੁਨੀਆਂ ਦਾ ਮਾਲਕ ਹੈ। ਸਾਰੇ ਇੰਤਜ਼ਾਮ ਜਿਹਦੇ ਹੱਥ ਵਿਚ ਨੇ।

ਕਹਿੰਦੇ, ਬਾਬਾ! ਤੂੰ ਪੁਆ ਦੇ ਮੀਂਹ।

ਕਹਿੰਦੇ, ਜਾਓ, ਘੰਟਾ ਦਿਨ ਰਹਿੰਦਾ ਹੈ। ਜਿਹੜੇ ਖੇਤ ਵਿਚ ਤਪੇ ਨੂੰ ਲੈ ਜਾਓਂਗੇ। ਉਥੇ ਹੀ ਮੀਂਹ ਪੈ ਜਾਊ।

ਨੱਠ ਕੇ ਚਲੇ ਗਏ ਕਿ ਘੰਟੇ ਵਿਚੋਂ ਜੇ ਕੁਛ ਮਿੰਟ ਘਟ ਗਏ ਸਾਰੇ ਮੀਂਹ ਨਹੀਂ ਪੈਣਾ। ਜਾ ਕੇ ਕਹਿਣ ਲੱਗੇ, ਬਾਬਾ! ਬਾਹਰ ਨਿਕਲ ਆ ਤੂੰ।

ਕਹਿੰਦਾ, ਤੁਮ ਕੈਸੇ ਬੋਲਤੇ ਹੋ ਮੁਝੇ, ਬਾਦਲ ਤੋ ਆ ਰਹਾ ਹੈ।

ਕਹਿੰਦੇ, ਤੇਰੇ ਬੱਦਲਾਂ ਨੇ ਨਹੀਂ ਆਉਣਾ। ਅੰਦਰ ਚਲੇ ਗਏ, ਭੋਰੇ 'ਚੋਂ ਜਾ ਕੇ ਫੜ ਕੇ ਲੈ ਆਏ। ਜਿਹਦਾ ਖੇਤ ਨੇੜੇ ਸੀ, ਨੱਠ ਕੇ ਖਿੱਚ ਕੇ ਲੈ ਗਿਆ। ਉਸੇ ਖੇਤ ਵਿਚ ਮੋਹਲੇਧਾਰ ਮੀਂਹ ਪੈ ਗਿਆ। ਦੂਆ ਕਹਿੰਦਾ, ਹੁਣ ਬਥੇਰਾ ਹੋ ਗਿਆ,

ਮੇਰਾ ਖੇਤ ਨਾਲ ਦਾ ਹੈ, ਇਧਰਲਾ ਕਹਿੰਦਾ ਮੇਰਾ ਕਿਉਂ ਛੱਡਦੇ ਹੋਂ? ਅਗਲਾ ਸਾਮ੍ਹਣੇ ਵਾਲਾ ਕਹਿੰਦਾ, ਮੇਰਾ ਕਿਉਂ ਛੱਡਦੇ ਹੋਂ? ਉਹ ਓਧਰ ਨੂੰ ਖਿੱਚਦੈ ਤਪੇ ਨੂੰ। ਦੂਜਾ ਓਧਰ ਨੂੰ ਖਿੱਚਦੈ। ਜਿਹੜੇ ਤਕੜੇ ਨੇ, ਅੱਠ-ਸੱਤ ਨੇ ਉਹ ਧੂਹ ਕੇ ਲੈ ਜਾਂਦੇ ਨੇ। ਦੂਏ ਫੇਰ ਪੰਜ-ਸੱਤ ਲਗਦੇ ਨੇ, ਓਧਰ ਨੂੰ ਧੂਹ ਲੈਂਦੇ ਨੇ। ਅਖੀਰ ਇਹ ਹੋਇਆ ਕਿ ਉਹਦੀਆਂ ਬਾਹਾਂ ਨਿਕਲ ਗਈਆਂ, ਧੂੰਹਦੇ-ਧੂੰਹਦੇ। ਲੱਤਾਂ ਨਿਕਲ ਗਈਆਂ। ਜਿਥੇ ਹੱਡੀਆਂ ਲਈ ਫਿਰਦੇ ਨੇ, ਉਥੇ ਵੀ ਮੀਂਹ ਪਈ ਜਾਂਦੈ।

ਅਖੀਰ ਬਾਬਾ ਜੀ ਕੋਲ ਆ ਗਏ। ਕਹਿੰਦੇ, ਬਾਬਾ ਜੀ! ਬਹੁਤ ਮੀਂਹ ਪੈ ਗਿਆ। ਮਿਹਰ ਹੋ ਗਈ ਆਪ ਦੀ। ਬਾਬਾ ਜੀ ਕਹਿੰਦੇ, ਓਏ ਮੂਰਖੋ! ਗੁਰੂ ਦੀ ਤੁਸੀਂ ਅਵੱਗਿਆ ਕਰੀ ਹੈ। ਜਾਓ, ਜਾ ਕੇ ਓਥੋਂ ਖਿਮਾ ਮੰਗੋ। ਨਹੀਂ ਤਾਂ ਤੁਹਾਡਾ ਕੁਛ ਨਹੀਂ ਰਹਿਣਾ। ਉਸ ਵੇਲੇ ਸਾਰੇ ਹੀ ਜਾਂਦੇ ਨੇ ਤੇ ਬਾਬਾ ਅਮਰਦਾਸ ਜੀ ਉਹਨਾਂ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਪਹੁੰਚਦੇ ਨੇ। ਓਧਰਲੇ ਪਾਸੇ ਮਹਾਰਾਜ ਨੇ ਦੇਖਿਆ, ਪੁੱਗੀ ਹੋਈ ਰੂਹ ਸੀ, ਪ੍ਰਵਾਨ ਸੀ, ਲੇਕਿਨ ਉਸ ਵੇਲੇ ਆਪ ਨੇ ਪਿੱਠ ਕਰ ਲਈ। ਬਾਬਾ ਜੀ ਨੇ ਨਮਸ਼ਕਾਰ ਕਰੀ, ਉੱਠ ਕੇ ਦੇਖਦੇ ਨੇ, ਮਹਾਰਾਜ ਨੇ ਪਿੱਠ ਕਰ ਲਈ।

ਦੂਸੇ ਪਾਸੇ ਗਏ, ਉਥੇ ਨਮਸ਼ਕਾਰ ਕਰੀ, ਮਹਾਰਾਜ ਨੇ ਦੂਜੇ ਪਾਸੇ ਮੂੰਹ ਕਰ ਲਿਆ। ਪਤਾ ਲਗ ਗਿਆ ਕਿ ਕੋਈ ਵੱਡੀ ਭੁੱਲ ਹੋ ਗਈ ਮੇਰੇ ਤੋਂ। ਤੀਸਰੀ ਵਾਰੀ ਗਏ ਤਾਂ ਮਹਾਰਾਜ ਨਾ ਬੋਲੇ। ਅਖੀਰ ਰੋਣ ਲੱਗ ਗਏ। ਪਾਤਸ਼ਾਹ! ਕੀ ਭੁੱਲ ਕਰ ਦਿਤੀ ਮੈਂ। ਕਹਿੰਦੇ, ਬਾਬਾ ਅਮਰਦਾਸ! ਕੀ ਕਰਕੇ ਆਇਆ ਹੈਂ?

ਪਾਤਸ਼ਾਹ! ਆਪ ਦੀ ਨਿਰਾਦਰੀ ਨਹੀਂ ਸਹੀ ਗਈ। ਇਹਦੇ ਨਾਲੋਂ ਤਾਂ ਮਰ ਜਾਣਾ ਅੱਛਾ ਸੀ। ਪਰ ਗੁਰੂ ਦੀ ਨਿਰਾਦਰੀ ਮੇਰੇ ਤੋਂ ਸਹਿ ਨਹੀਂ ਹੋਈ। ਐਹੋ ਜਿਹਾ ਇਹਨਾਂ ਮੂਰਖਾਂ ਨੇ ਕੰਮ ਕਰਿਆ।

ਕਹਿੰਦੇ, ਓਸ ਤਪੇ ਨੂੰ ਕਿਉਂ ਮਰਵਾਇਆ। ਕੀ ਲੋੜ ਸੀ ਉਸ ਨੂੰ ਸਜ਼ਾ ਦੇਣ ਦੀ? ਪੁਰਖਾ! ਅੰਦਰ ਜੇਰਾ ਰੱਖੀਦੈ -

*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥* *ਅੰਗ- ੨੭੫*

ਗੁਰਸਿੱਖ ਦੀ ਤਾਂ ਇਹ ਦਸ਼ਾ ਹੋਣੀ ਚਾਹੀਦੀ ਹੈ। ਚੰਗਾ ਨਹੀਂ ਕਰਿਆ ਤੂੰ ਮਾੜਾ ਕਰਿਆ। ਪਾਤਸ਼ਾਹ! ਹੁਣ ਤਾਂ ਭੁੱਲ ਹੋ ਗਈ, ਅੱਗੇ ਵਾਸਤੇ ਮਾਰਗ ਪਾਓ।

ਕ੍ਰਿਪਾ ਕੀਤੀ ਕਿਉਂਕਿ ਦਿਆਲੂ ਸੀ।

ਉਸ ਤੋਂ ਬਾਅਦ ਜੱਟ ਆ ਗਏ ਸਾਰੇ। ਖੜ੍ਹੇ ਨੇ। ਬਾਬਾ ਜੀ ਕਹਿੰਦੇ, ਮਾਫੀ ਮੰਗ ਲਓ। ਮਹਾਰਾਜ ਕਹਿੰਦੇ ਕੋਈ ਗੱਲ ਨਹੀਂ ਇਹ ਤਾਂ ਭੁੱਲੇ ਹੋਏ ਜੀਵ ਨੇ।

ਕਹਿਣ ਲੱਗੇ, ਗੁਰੂ ਜੀ! ਤੁਸੀਂ ਵਾਪਸ ਚੱਲੋ, ਸਾਡੇ ਤੋਂ ਬੜੀ ਭੁੱਲ ਹੋ ਗਈ।

ਮਹਾਰਾਜ ਕਹਿੰਦੇ, ਪ੍ਰੇਮੀਓ! ਕੋਈ ਨਾ, ਇਵੇਂ-ਜਿਵੇਂ ਹੀ ਹੋਣਾ ਸੀ। ਠੀਕ ਹੈ, ਹੁਣ ਅਸੀਂ ਇਥੇ ਬਹੁਤ ਸੋਹਣੇ ਹਾਂ।

ਕਹਿੰਦੇ, ਨਹੀਂ ਮਹਾਰਾਜ! ਅਸੀਂ ਤਾਂ ਰਾਜ਼ੀ ਹੁੰਦੇ ਹਾਂ ਜੇ ਵਾਪਸ ਚੱਲੋ।

ਉਸ ਵੇਲੇ ਮਹਾਰਾਜ ਵਾਪਸ ਆ ਗਏ। ਕੋਈ ਨਹੀਂ ਗੌਲਿਆ ਮਹਾਰਾਜ ਨੇ ਕਿ ਇਹ ਤਾਂ ਬਾਹਾਂ ਤੋਂ ਫੜ ਕੇ ਸਾਨੂੰ ਕੱਢਣ ਨੂੰ ਤਿਆਰ ਹੋਏ ਸੀ। ਸੋ ਕਹਿੰਦੇ -

*ਫਰੀਦਾ ਸਾਹਿਬ ਕੀ ਕਰਿ ਚਾਕਰੀ*
*ਦਿਲ ਹੀ ਲਾਹਿ ਭਰਾਂਦਿ ॥*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥*
*ਅੰਗ - ੧੩੮੧*

ਰੁੱਖਾਂ ਵਰਗਾ ਜਿਗਰਾ ਹੋਣਾ ਚਾਹੀਦਾ ਹੈ। ਭਾਈ ਮੰਝ ਨੂੰ ਪੰਗਤ 'ਚੋਂ ਉਠਾ ਦਿਤਾ। ਕੋਈ ਰੰਜ ਨਹੀਂ ਹੋਇਆ। ਸਗੋਂ ਖੁਸ਼ ਹੋ ਰਹੇ ਨੇ ਕਿ ਮਹਾਰਾਜ ਦੇ ਯਾਦ ਤਾਂ ਆ ਗਿਆ। ਕੋਈ ਭਲਾ ਹੀ ਹੋਣੈ, ਜਿਹੜਾ ਮੈਨੂੰ ਪ੍ਰਸ਼ਾਦਾ ਨਹੀਂ ਛਕਣ ਦਿੰਦੇ -

*ਫਰੀਦਾ ਥੀਉ ਪਵਾਹੀ ਦਭੁ ॥*
*ਜੇ ਸਾਂਈ ਲੋੜਹਿ ਸਭੁ ॥* *ਅੰਗ - ੧੩੭੮*

ਜੇ ਰੱਬ ਨੂੰ ਮਿਲਣਾ ਚਾਹੁੰਦੈਂ ਤਾਂ ਤੂੰ ਦਭੁ ਵਰਗਾ ਹੋ ਜਾ। ਦਭੁ ਦੀ ਬਣਦੀ ਹੈ ਸਫ। ਉਹ ਸਫ ਨੂੰ ਵਿਛਾ ਦਿੰਦੇ ਨੇ, ਜਿਹਦੇ ਤੋਂ ਸਾਰੇ ਲੰਘ ਕੇ ਜਾਂਦੇ ਨੇ। ਕਹਿੰਦੇ -

*ਫਰੀਦਾ ਥੀਉ ਪਵਾਹੀ ਦਭੁ ॥*

*ਜੇ ਸਾਂਈ ਲੋੜਹਿ ਸਭੁ ॥*
*ਇਕੁ ਛਿਜਹਿ ਬਿਆ ਲਤਾੜੀਅਹਿ ॥*
*ਤਾਂ ਸਾਈ ਦੈ ਦਰਿ ਵਾੜੀਅਹਿ ॥ ਅੰਗ- ੧੩੭੮*

ਤਾਂ ਸਾਈਂ ਦੇ ਦਰਬਾਰ ਵਿਚ ਥਾਂ ਮਿਲਦਾ ਹੈ, ਜੇ ਐਨੀ ਨਿਮਰਤਾ ਹਿਰਦੇ ਵਿਚ ਆ ਜਾਵੇ। ਸੋ ਇਸ ਕਰਕੇ ਸੇਵਕ ਤਾਂ ਦੁਨੀਆਂ ਵਿਚ ਹਰੇਕ ਹੀ ਕਹਾਉਂਦਾ ਹੈ। ਮੈਂ ਵੀ ਸੇਵਾ ਕਰਦਾ ਹਾਂ, ਮੈਂ ਵੀ ਸੇਵਾ ਕਰਦਾ ਹਾਂ। ਪਰ ਕੋਈ-ਕੋਈ ਹੈ ਇਥੇ -

*ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ,*
*ਚਾਕਰ ਕੋਈ-ਕੋਈ ਹੈ।*

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥*
*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥*
*ਅੰਗ - ੪੭੪*

ਗੱਲਾਂ ਕਰਨ ਵਾਲੀ ਸਾਰੀ ਦੁਨੀਆਂ, ਕੋਈ ਵਿਰਲਾ ਸੇਵਕ ਹੈ ਜਿਹੜਾ ਸੇਵਾ ਕਰਕੇ, ਹਰ ਵਕਤ ਗੁਰੂ ਦੇ ਸ਼ੁਕਰ ਵਿਚ ਰਹਿੰਦੈ। ਪਾਤਸ਼ਾਹ! ਮੇਰੇ ਵਰਗੇ ਬੰਦੇ ਨੂੰ ਵੀ ਤੂੰ ਸੇਵਾ 'ਚ ਲਾਇਆ ਹੋਇਐ। ਤੇਰੀ ਬਹੁਤ ਮਿਹਰ ਹੈ ਤੇ ਕ੍ਰਿਪਾ ਕਰਕੇ ਰੱਖੀਂ। ਕਿਉਂਕਿ ਇਹਦੇ ਵਿਚ ਮਹਾਰਾਜ ਕਹਿੰਦੇ ਰਸਤਾ ਹੋਰ ਹੈ -

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ - ੨੮੬*

ਸੇਵਾ ਕਰਨੀ ਹੈ, ਸੇਵਾ ਦਾ ਢੰਗ ਸਿੱਖ ਲੈ। ਇਹਦਾ ਫਲ ਵਧ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਭਾਈ ਮੰਝ ਨੇ ਕੋਈ ਗੱਲ ਨਹੀਂ ਕਰੀ, ਕੋਈ ਗੁੱਸਾ ਨਹੀਂ ਆਇਆ, ਕੋਈ ਸ਼ਿਕਵਾ ਨਹੀਂ ਆਇਆ। ਕੋਈ ਅਫਸੋਸ ਨਹੀਂ ਆਇਆ ਕਿ ਮੈਂ ਐਨਾ ਕਰ ਲਿਆ, ਗੁਰੂ ਤਾਂ ਮੈਨੂੰ ਬੁਲਾਉਂਦੇ ਨਹੀਂ, ਸਾਰੀ ਦੁਨੀਆਂ ਲੰਗਰ 'ਚ ਪ੍ਰਸ਼ਾਦਾ ਛਕਦੀ ਹੈ ਤੇ ਮੈਨੂੰ ਕਹਿ ਦਿਤਾ ਕਿ ਇਹਨੂੰ ਲੰਗਰ 'ਚੋਂ ਪ੍ਰਸ਼ਾਦਾ ਨਹੀਂ ਦੇਣਾ। ਹੁਣ ਆਪ ਸੇਵਾ ਕਰਦੇ ਨੇ, ਪ੍ਰਸ਼ਾਦੇ ਦਾ ਕੋਈ ਬੰਦੋਬਸਤ ਨਹੀਂ। ਨਾ ਮੰਗਦੇ ਨੇ ਤੇ ਨਾ ਕਿਸੇ ਨੂੰ ਕਹਿੰਦੇ ਨੇ। ਕਿਸੇ ਗੁਰਸਿੱਖ ਦੇ ਮਨ ਵਿਚ ਆ ਗਿਆ ਕਿ ਇਹ ਲੰਗਰ ਦੇ ਅੰਦਰ ਪ੍ਰਸ਼ਾਦਾ ਤਾਂ ਛਕਦਾ ਨਹੀਂ ਹੈ, ਸੇਵਾ ਸਾਰਿਆਂ ਨਾਲੋਂ ਮੂਹਰੇ ਹੋ ਕੇ ਕਰਦੈ। ਕਿਸੇ ਨੇ ਕਹਿ ਦਿਤਾ ਕਿ ਭਾਈ ਮੰਝ! ਅੱਜ ਪ੍ਰਸ਼ਾਦਾ ਮੇਰੇ ਵਲ ਛਕ ਲਿਓ ਜਾਂ ਕਿਸੇ ਨੇ ਲੈ ਆਉਣਾ ਤੇ ਲਿਆ ਕੇ ਦੇ ਦੇਣਾ।' ਸੋ ਇਸੇ ਤਰ੍ਹਾਂ ਜੋ ਆ ਗਿਆ, ਇਕ ਸਮੇਂ ਆ ਗਿਆ ਉਹ ਛਕ ਲਿਆ। ਦੂਜੇ ਦਿਨ ਆ ਗਿਆ, ਉਹ ਛਕ ਲਿਆ। ਸ਼ੁਕਰ ਵਿਚ ਰਹਿੰਦੇ ਨੇ ਹਰ ਵਕਤ। ਸੋ ਇਹ ਅਵਸਥਾ ਗੁਰੂ ਦੇ ਨਾਲ ਜੇ ਸੰਧ ਮੇਲਣੀ ਹੋਵੇ ਤਾਂ ਮਹਾਰਾਜ ਕਹਿੰਦੇ ਪਿਆਰਿਆ ਆਪਣੇ ਆਪ ਦਾ **attitude of mind** ਬਦਲ ਤੇ ਆਪਣੇ ਆਪ ਨੂੰ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ- ੧੧੦੨*

*ਧਾਰਨਾ - ਮੁਰਦਾ ਹੋਇਕੇ ਮੁਰੀਦ ਬਣ ਜਾਵਣਾ।*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*
*ਭਾਈ ਗੁਰਦਾਸ ਜੀ, ਵਾਰ ੩/੧੮*

ਮੁਰੀਦ ਬਣਨਾ ਹੈ ਤਾਂ ਕਹਿੰਦੇ, ਮੁਰਦਾ ਬਣ ਜਾ। ਕਿਉਂਕਿ ਸੇਵਾ ਕਰਨੀ ਹੈ ਤੇਰੇ ਵਿਚ ਸ਼ਕਤੀਆਂ ਕੁਦਰਤੀ ਆ ਜਾਣੀਆਂ ਨੇ। ਫੇਰ ਤੇਰੇ ਤੋਂ ਜਰ ਨਹੀਂ ਹੋਣੀਆਂ। ਮਾੜਾ ਜਿਹਾ ਕਿਸੇ ਨੇ ਕਹਿ ਦਿਤਾ, ਉਸੇ ਵੇਲੇ ਆਪਣੀਆਂ ਕਰਾਮਾਤਾਂ ਦਿਖਾਉਣ ਲਗ ਜਾਏਂਗਾ। ਮਰਨਾ ਕਬੂਲ ਪਹਿਲਾਂ। ਨਹੀਂ ਤਾਂ ਇਹ ਗੱਲ ਬਣਿਆ ਨਹੀਂ ਕਰਦੀ - 'ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।' ਸਬਰ ਐਨਾ ਹੋਣਾ ਚਾਹੀਦਾ ਹੈ ਕਿ ਸਭ ਕੁਝ ਹੁੰਦੇ ਹੋਏ ਵੀ ਫੇਰ ਵੀ ਇਹ ਕਹੇ ਕਿ ਮੇਰੇ ਕੋਲ ਤਾਂ ਕੋਈ ਚੀਜ਼ ਨਹੀਂ।

ਇਕ ਵਾਰੀ ਈਰਾਨ ਦਾ ਬਾਦਸ਼ਾਹ, ਉਥੇ ਇਹ ਮਸਲਾ ਆ ਗਿਆ ਕਿ ਸਬਰ ਤੇ ਸ਼ੁਕਰ ਕੀ ਹੁੰਦੈ? ਬਹੁਤ ਜਣਿਆਂ ਨੇ ਦਸਿਆ ਲੇਕਿਨ ਤਸੱਲੀ ਨਾ ਹੋਈ ਬਾਦਸ਼ਾਹ ਦੀ। ਕਿਸੇ ਨੇ ਇਹ ਗੱਲ ਕਹੀ ਕਿ ਇਸ ਵੇਲੇ ਦਿੱਲੀ ਦੇ ਅੰਦਰ ਇਕ ਪੀਰ ਸਾਂਈਂ ਹੈ ਸਰਮੱਦ। ਉਹ ਔਰੰਗਜ਼ੇਬ ਦੀ ਕੈਦ ਵਿਚ ਹੈ। ਉਸ

ਤੋਂ ਬਗੈਰ ਇਹਦੇ ਅਰਥ ਕੋਈ ਨਹੀਂ ਦਸ ਸਕਦਾ ਤੇ ਆਪਣੇ ਵਕੀਲ ਨੂੰ ਕਹਿ ਕੇ ਪੁੱਛ। ਇਸੇ ਤਰ੍ਹਾਂ ਕੀਤਾ ਗਿਆ। ਵਕੀਲ ਨੇ ਇਜਾਜ਼ਤ ਲਈ, ਸਰਮੱਦ ਨੂੰ ਮਿਲਣ ਵਾਸਤੇ ਗਿਆ।

ਔਰੰਗਜ਼ੇਬ ਨੇ ਇਹ ਕਰਿਆ ਹੋਇਆ ਸੀ ਇਸ ਦੇ ਰੋਜ਼ ਸੌ ਕੋਰੜਾ ਲੱਗੇ ਤੇ ਇਕ ਪਿਆਲਾ ਨਮਕ ਦੇ ਪਾਣੀ ਵਾਲਾ ਬਿਲਕੁਲ ਨਮਕ ਅੱਧੋ-ਸਿਧੀ ਮਿਲਾ ਕੇ ਇਹਨੂੰ ਪਿਲਾਇਆ ਜਾਵੇ। **Torture** (ਤਸ਼ਦੱਦ) ਹੋਇਆ ਕਰਦਾ ਸੀ। ਸੈੱਲ ਦੇ ਅੰਦਰ ਬੰਦ ਸੀਗਾ। ਸਾਰੀਆਂ ਸ਼ਕਤੀਆਂ ਦਾ ਮਾਲਕ ਸੀ। ਬੜੀਆਂ ਲੰਮੀਆਂ ਕਥਾਵਾਂ ਨੇ ਸੁਰਮੱਦ ਦੀਆਂ। ਪੂਰੀਆਂ ਸ਼ਕਤੀਆਂ ਦਾ ਮਾਲਕ ਸੀ। ਜਿਸ ਵਕਤ ਅੰਬੈਸਡਰ ਗਿਆ ਤਾਂ ਸੁਰਮੱਦ ਕਹਿਣ ਲੱਗਿਆ ਕਿ ਕੱਲ੍ਹ ਨੂੰ ਤੂੰ ਇਕ ਮੱਸ਼ਕ ਪਾਣੀ ਦੀ ਲੈ ਕੇ ਆਈਂ। ਬੜੀ ਦੇਰ ਹੋ ਗਈ ਇਸ਼ਨਾਨ ਕਰਿਆਂ ਤੇ ਦੋ ਗਜ਼ ਕੱਪੜਾ ਲੈ ਆਈਂ। ਤੇੜ ਪਹਿਨਾਂਗੇ ਫੇਰ ਤੇਰੇ ਨਾਲ ਗੱਲ ਕਰਾਂਗੇ।

ਦੂਸਰੇ ਦਿਨ ਇਸੇ ਤਰ੍ਹਾਂ ਕਰਿਆ, ਇਸ਼ਨਾਨ ਕੀਤਾ ਉਸ ਨੇ। ਦੋ ਗਜ਼ ਕੱਪੜਾ ਪਹਿਨ ਲਿਆ। ਅੰਬੈਸਡਰ ਇੰਤਜ਼ਾਰ 'ਚ ਹੋ ਗਿਆ ਕਿ ਹੁਣ ਇਹ ਦੱਸੇਗਾ ਮੈਨੂੰ ਅਰਥ। ਐਨੇ ਨੂੰ ਕੋਰੜੇ ਮਾਰਨ ਵਾਲਾ ਜਲਾਦ ਆ ਗਿਆ। ਉਹਨੇ ਕੋਰੜੇ ਮਾਰਨੇ ਸ਼ੁਰੂ ਕਰ ਦਿਤੇ। ਸਰੀਰ 'ਚੋਂ ਖ਼ੂਨ ਜਾ ਰਿਹੈ। ਇਹਨੇ ਉਪਰ ਉਂਗਲੀ ਚੁੱਕੀ ਹੋਈ ਹੈ। ਨਾਂਹ ਦੇ ਇਸ਼ਾਰੇ ਨਾਲ ਹਿਲਾਈ ਜਾਂਦੇ ਨੇ। ਈਰਾਨ ਦਾ ਅੰਬੈਸਡਰ ਵੀ ਦੇਖੀ ਜਾਂਦਾ ਹੈ। ਉਹ ਕੋਰੜੇ ਵਾਲਾ ਇਕ-ਦੋ-ਤਿੰਨ-ਚਾਰ ਗਿਣਤੀ ਕਰੀ ਜਾਂਦਾ ਹੈ। ਜਦੋਂ 50 ਲਗ ਚੁੱਕੇ ਤਾਂ ਉਹ ਦਮ ਲੈਣ ਲਈ ਬੈਠ ਗਿਆ ਤੇ ਇਧਰੋਂ ਇਹ ਵੀ ਬੈਠ ਗਏ।

ਕਹਿਣ ਲੱਗੇ, ਤੈਨੂੰ ਪਤਾ ਲੱਗਿਆ ਸਬਰ ਦਾ?

ਕਹਿੰਦਾ, ਨਾ ਮਹਾਰਾਜ! ਮੈਨੂੰ ਨਹੀਂ ਪਤਾ ਲੱਗਿਆ।

ਕਹਿੰਦੇ, ਤੇਰੇ ਸਾਮ੍ਹਣੇ ਮੈਂ ਕਰਕੇ ਦਿਖਾਇਆ ਹੈ।

ਕਹਿੰਦਾ, ਮੈਨੂੰ ਨਹੀਂ ਪਤਾ ਲੱਗਿਆ ਮਹਾਰਾਜ।

ਕਹਿੰਦੇ, ਚੰਗਾ, ਤੈਨੂੰ ਹੁਣ ਲਗ ਜਾਏਗਾ ਪਤਾ। ਜਿਹੜੇ ਪੰਜਾਹ ਕੋਰੜੇ ਰਹਿੰਦੇ ਨੇ।

ਜਦੋਂ ਦੁਬਾਰਾ ਮਾਰਨੇ ਸ਼ੁਰੂ ਕੀਤੇ ਤਾਂ ਨਿਗ੍ਹਾ ਖੋਲ੍ਹ ਦਿਤੀ। ਕੀ ਦੇਖਦੈ ਸਾਰੀਆਂ ਅਸਮਾਨੀ ਸ਼ਕਤੀਆਂ ਹੱਥ ਬੰਨ੍ਹੀਂ ਖੜ੍ਹੀਆਂ ਨੇ। ਕਹਿ ਰਹੀਆਂ ਨੇ, ਪੀਰ ਸਾਂਈਂ! ਸਾਨੂੰ ਇਜਾਜ਼ਤ ਦਿਓ, ਅਸੀਂ ਦਿੱਲੀ ਦੇ ਛੈਣੇ ਵਜਾ ਦੇਈਏ। ਗਰਕ ਕਰ ਦੇਈਏ ਇਸ ਸ਼ਹਿਰ ਨੂੰ ਕਿਉਂਕਿ ਸਾਧੂਆਂ ਦੇ ਉਤੇ ਜ਼ੁਲਮ ਹੋ ਰਿਹੈ। ਉਹ ਉਂਗਲੀ ਹਿਲਾਉਂਦੇ ਨੇ ਕਿ ਨਹੀਂ-ਨਹੀਂ। ਜਦੋਂ ਸੌ ਕੋਰੜਾ ਲਗ ਚੁਕਿਆ, ਕਹਿੰਦੇ, ਕੋਈ ਗੱਲ ਸਮਝ ਵਿਚ ਆਈ?

ਕਹਿੰਦਾ, ਨਹੀਂ।

ਕਹਿੰਦੇ, ਮੈਂ ਐਨੀਆਂ ਸ਼ਕਤੀਆਂ ਦਾ ਮਾਲਕ ਹਾਂ। ਜੇ ਇਕ ਨਿਗ੍ਹਾ ਕਰ ਦੇਵਾਂ, ਔਰੰਗਜ਼ੇਬ ਨੂੰ ਸਾਰੀ ਫੌਜ ਦੇ ਸਮੇਤ ਖਤਮ ਕਰ ਦੇਵਾਂ। ਇਕ ਵੀ ਨਾ ਰਹੇ, ਸਭ ਗਰਕ ਹੋ ਜਾਵੇ, ਸਾਰੇ ਮਹੱਲ ਢਹਿ ਜਾਣ। ਪਰ ਐਨੀ ਤਾਕਤ ਹੁੰਦੇ ਹੋਏ ਵੀ ਮੈਂ ਸਬਰ ਹਿਰਦੇ 'ਚ ਧਾਰਨ ਕੀਤਾ ਹੋਇਆ ਹੈ। ਜੋ ਕੁਛ ਅੱਲਾਹ ਤਾਲਾ ਦੀ ਮਰਜ਼ੀ ਨਾਲ ਹੋ ਰਿਹਾ ਹੈ, ਠੀਕ ਹੈ।

ਐਨੇ ਨੂੰ ਪਾਣੀ ਆ ਗਿਆ। ਨਮਕ ਵਾਲਾ ਕੌੜਾ ਪਾਣੀ। ਥੋੜ੍ਹਾ ਜਿਹਾ ਉਹਨੂੰ ਦਿਤਾ ਕਿ ਪੀ ਕੇ ਦੇਖ। ਪਰ ਉਹ ਪੀ ਨਾ ਸਕਿਆ। ਐਨਾ ਕੌੜਾ।

ਇਹਨੇ ਪੀ ਕੇ ਸ਼ੁਕਰ ਕਰਿਆ ਕਿ ਹੇ ਅੱਲਾਹ ਤਾਲਾ! ਤੇਰਾ ਸ਼ੁਕਰ ਹੈ।

ਕਹਿੰਦੇ, ਸਮਝ ਗਿਆ, ਸ਼ੁਕਰ ਦਾ ਮਤਲਬ?

ਕਹਿੰਦਾ, ਨਹੀਂ।

ਫੇਰ ਨਿਗ੍ਹਾ ਖੋਲ੍ਹ ਦਿਤੀ। ਕੀ ਦੇਖਦੈ, ਅਸਮਾਨੀ ਸ਼ਕਤੀਆਂ, ਬੇਅੰਤ ਕਿਸਮ ਦੇ ਖਾਣੇ ਲਈਂ ਖੜ੍ਹੀਆਂ ਨੇ। ਪੀਰ ਸਾਂਈਂ! ਆਹ ਤੁਸੀਂ ਅੰਗੀਕਾਰ ਕਰੋ।

ਕਹਿੰਦੇ, ਨਹੀਂ। ਜੋ ਕੁਛ ਮੇਰੀ ਪਰਾਲਬਧ ਦੇ ਮੁਤਾਬਿਕ ਆਉਂਦਾ ਹੈ, ਇਹੀ ਠੀਕ ਹੈ।

ਭਾਈ ਗੁਰਦਾਸ ਜੀ ਕਹਿੰਦੇ ਨੇ ਕਿ -

*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

ਸੱਚ ਦੇ ਉਤੇ ਸ਼ਹਾਦਤ ਦੇਣ ਵਾਲਾ ਹੋਵੇ ਤੇ ਪੰਜੇ ਭਰਮਾਂ ਦਾ ਨਾਸ਼ ਹੋਵੇ। ਕਹਿੰਦੇ, ਉਹ ਮੁਰੀਦ ਹੋਇਆ ਕਰਦੈ - 'ਗੋਲਾ ਮੁਲ ਖਰੀਦੁ ਕਾਰੇ ਜੋਵਣਾ।' ਜਿਵੇਂ ਮੁੱਲ ਖਰੀਦਿਆ ਹੋਇਆ ਗੋਲਾ ਹੁੰਦੈ, ਉਹਦਾ ਕੋਈ ਹੱਕ ਨਹੀਂ ਹੁੰਦਾ। ਜਿਥੇ ਕਹਿ ਦਿਤਾ, ਉਹਨੇ ਕੰਮ ਕਰਨਾ ਹੈ। ਜੋ ਪਹਿਨਾ ਦਿਤਾ ਉਹਨੇ ਪਹਿਨਣਾ ਹੈ। ਜੋ ਖਾਣ ਨੂੰ ਦੇ ਦਿਤਾ ਉਹਨੇ ਖਾਣਾ ਹੈ। ਜਦੋਂ ਛੁੱਟੀ ਦੇ ਦਿਤੀ ਤਾਂ ਜਾਣੈ ਨਹੀਂ ਤਾਂ ਦਿਨ ਰਾਤ

ਉਹਨੂੰ ਲਾ ਰੱਖੋ ਕੰਮ ਨੂੰ। ***'ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ। ਪੀਹਣਿ ਹੋਇ ਜਦੀਦ ਪਾਣੀ ਢੋਵਣਾ। ਪਖੇ ਦੀ ਤਾਗੀਦ ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ। ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ ਪੁਗ ਖਲੋਵਣਾ।'*** ਨੀਂਦ ਤੇ ਭੁੱਖ ਸੇਵਕ ਨੂੰ ਨਹੀਂ ਹੋਇਆ ਕਰਦੀ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਹੁਕਮ ਕੀਤਾ ਕਿ ਭਾਈ! ਸੰਗਤਾਂ ਨੇ ਆਉਣਾ ਹੈ। ਸਾਉਣ ਦਾ ਮਹੀਨਾ ਆ ਰਿਹੈ। ਸਰਕੜਾ ਚਾਹੀਦੈ, ਇਕੱਠਾ ਕਰ ਲਓ, ਵੱਢ ਲਓ। ਭਾਈ ਖੁਸ਼ਹਾਲੀ ਜਰਨੈਲ ਸੀ ਫੌਜ ਦਾ। ਉਹਨੇ ਦਾਤੀ ਲੈ ਲਈ, ਜਿਉ ਸਰਕੜਾ ਵੱਢਣ ਲੱਗਿਆ, ਢੇਰ ਲਾ ਦਿਤੇ।

ਮਹਾਰਾਜ ਜੀ ਅਚਾਨਕ ਆ ਗਏ। ਕਹਿਣ ਲੱਗੇ, ਆਹ ਸਰਕੜਾ ਐਨਾ ਕੀਹਨੇ ਵੱਢਿਐ?

ਕਹਿੰਦੇ, ਮਹਾਰਾਜ! ਭਾਈ ਖੁਸ਼ਹਾਲੀ ਵੱਢੀ ਜਾਂਦੈ।

ਮਹਾਰਾਜ ਜੀ ਖੜ੍ਹੇ ਨੇ, ਉਹ ਭਰਾ (ਸਰਕੜੇ ਦਾ ਗੱਠੜ) ਚੁੱਕੀਂ ਆਉਂਦੈ। ਇਕੋ ਅਵਾਜ਼ ਆਉਂਦੀ ਹੈ, ਸਤਿਨਾਮੁ ਵਾਹਿਗੁਰੂ - ਸਤਿਨਾਮੁ ਵਾਹਿਗੁਰੂ। ਤਿੰਨ ਦਿਨ, ਤਿੰਨ ਰਾਤਾਂ ਸਰਕੜਾ ਵੱਢਦੇ ਨੂੰ ਹੋ ਗਏ। ਰੁਕੇ ਨਾ।

ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਖੁਸ਼ਹਾਲੀ! ਇਕੱਲੇ ਨੇ ਹੀ ਐਨਾ ਸਰਕੜਾ ਵੱਢਿਆ ਹੈ, ਤੂੰ ਨਾਲ ਲਾ ਲੈਣੇ ਸੀ ਹੋਰ।

ਪਾਤਸ਼ਾਹ! ਹੁਕਮ ਤਾਂ ਆਪ ਦਾ ਸਾਰਿਆਂ ਨੇ ਸੁਣਿਆ ਸੀ। ਮੈਂ ਵੀ ਸੁਣਿਆ ਸੀ, ਮੈਂ ਆਪਣੇ ਧੰਨ ਭਾਗ ਸਮਝੇ ਤੇ ਸਰਕੜਾ ਆਪ ਨੇ ਮੇਰੇ ਤੋਂ ਵਢਾਇਆ ਹੈ, ਮੇਰੇ ਭਾਗ ਜਾਗੇ ਹੋਏ ਸੀ।

ਮਹਾਰਾਜ ਨੇ ਬੁੱਕਲ 'ਚ ਲੈ ਲਿਆ, ਕਹਿੰਦੇ, ਭਾਈ ਖੁਸ਼ਹਾਲੀ! ਨਿਹਾਲ-ਨਿਹਾਲ-ਨਿਹਾਲ। ਬ੍ਰਹਮ ਗਿਆਨ ਦੀ ਦਾਤ ਦੇ ਦਿਤੀ।

ਇਸੇ ਤਰ੍ਹਾਂ ਮਹਾਰਾਜ ਨੇ ਬਿਆਸਾ ਦਰਿਆ 'ਚੋਂ ਪੱਥਰ ਕੱਢਣ ਵਾਸਤੇ ਕਹਿ ਦਿਤਾ। ਭਾਈ ਚੂਹੜ ਇਕੱਲਾ ਹੀ ਢੋਈ ਜਾਂਦੈ। ਤਿੰਨ ਦਿਨ, ਤਿੰਨ ਰਾਤਾਂ ਹੋ ਗਈਆਂ। ਢੇਰ ਲਾ ਦਿਤਾ।

ਮਹਾਰਾਜ ਕਹਿੰਦੇ, ਪੱਥਰ ਕੀਹਨੇ ਢੋਏ ਨੇ?

ਕਹਿੰਦੇ, ਮਹਾਰਾਜ! ਉਹ ਤਾਂ ਭਾਈ ਚੂਹੜ ਜਥੇਦਾਰ ਜਿਹੜਾ ਹੈ, ਉਹ ਢੋਂਹਦਾ ਹੈ।

ਸੋ ਇਸ ਤਰ੍ਹਾਂ ਭਾਈ ਮੰਝ ਪ੍ਰਸੰਨ ਹੈ - ***'ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।'***

ਗੁਰੂ ਦੇ ਹੁਕਮ ਵਿਚ ਨੀਂਦ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੋਇਆ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਜਿਹੜਾ ਸੇਵਾਦਾਰ ਬਣਦਾ ਹੈ ਉਹ ਪ੍ਰਵਾਨ ਹੋਇਆ ਕਰਦਾ ਹੈ, ਬਾਕੀ ਤਾਂ ਸਾਰੇ ਗੱਲਾਂ ਬਾਤਾਂ ਵਾਲੇ ਹੋਇਆ ਕਰਦੇ ਨੇ।

ਸੋ ਇਸ ਤਰ੍ਹਾਂ ਸੇਵਾ ਕਰਦੇ-ਕਰਦੇ ਕਮਜ਼ੋਰ ਵੀ ਆਪ ਬਹੁਤ ਹੋ ਗਏ। ਪਹਿਲਾਂ ਭਰਾ ਆਪ ਚੁੱਕ ਲਿਆਉਂਦੇ ਸੀ ਪਰ ਹੁਣ ਆਪ ਤੋਂ ਨਹੀਂ ਚੁੱਕ ਹੁੰਦਾ। ਆਪ ਕਿਸੇ ਦਰਖ਼ਤ ਦੀ ਓਟ ਲੈ ਕੇ ਭਰਾ ਚੁਕਦੇ ਨੇ। ਅੱਜ ਜਦੋਂ ਭਰਾ ਚੁੱਕੀਂ ਆਉਂਦੇ ਨੇ, ਕਾਲੀ-ਬੋਲੀ ਹਨ੍ਹੇਰੀ ਚੱਲ ਰਹੀ ਹੈ। ਰਸਤਾ ਭੁੱਲ ਗਏ ਤੇ ਹੱਥ ਮਾਰਿਆਂ ਅੱਗੇ ਕੁਛ ਨਜ਼ਰ ਨਹੀਂ ਆਉਂਦਾ। ਗੁਰੂ ਮਹਾਰਾਜ ਕਿਸੇ ਪਿੰਡ ਵਿਚ ਬਾਹਰ ਗਏ ਹੋਏ ਨੇ। ਇਧਰੋਂ ਭਾਈ ਮੰਝ ਜਾਂਦੇ-ਜਾਂਦੇ ਦੜੰਮ ਕਰਕੇ ਇਕ ਖੂਹ ਦੇ ਵਿਚ ਗਿਰ ਗਏ। ਪਾਣੀ ਥੋੜ੍ਹਾ ਸੀ। ਉਸ ਵੇਲੇ ਆਪ ਜੀ ਨੇ ਸਭ ਤੋਂ ਪਹਿਲਾ ਕੰਮ ਕਰਿਆ ਕਿ ਛੇਤੀ ਦੇ ਕੇ ਭਰੇ ਨੂੰ ਚੁੱਕ ਕੇ, ਗਰਦਨ ਤੱਕ ਪਾਣੀ ਆਉਂਦੈ, 'ਸਤਿਨਾਮੁ-ਵਾਹਿਗੁਰੂ, ਸਤਿਨਾਮੁ-ਵਾਹਿਗੁਰੂ' ਬੋਲ ਰਹੇ ਨੇ।

ਇਧਰਲੇ ਪਾਸੇ ਗੁਰੂ ਮਹਾਰਾਜ ਤਖ਼ਤ ਤੋਂ ਉੱਠ ਕੇ ਨੰਗੀ ਪੈਰੀਂ ਦੌੜ ਲਏ। ਦੌੜੇ ਜਾਂਦੇ ਨੇ। ਗੁਰਸਿੱਖਾਂ ਨੇ ਕਿਹਾ, ਪਾਤਸ਼ਾਹ! ਘੋੜੀ 'ਤੇ ਸਵਾਰ ਹੋ ਜਾਓ। ਕੋਈ ਜੋੜਾ ਲੈ ਕੇ ਜਾ ਰਿਹੈ ਪਿੱਛੇ। ਮਹਾਰਾਜ ਕਹਿੰਦੇ, ਲੱਜਾਂ ਲਿਆਓ ਛੇਤੀ। ਗੁਰਸਿੱਖ ਨੂੰ ਰੱਖਣ ਵਾਸਤੇ ਆਪ ਵਾਹੋ-ਦਾਹੀ ਜਾ ਰਹੇ ਨੇ -

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸ਼ਨ ਆ ਗਏ,*
*ਪਿਆਰਿਆਂ ਦੇ ਰੱਖਣੇ ਨੂੰ।*

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥ ॥ ੧ ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ*
*ਤਤਕਾਲ ਹੋਇ ਆਵੈ ॥ ੧ ॥ ਰਹਾਉ ॥*
*ਤਿਸੁ ਸੇਵਕ ਕੈ ਹਉ ਬਲਿਹਾਰੀ*
*ਜੋ ਅਪਨੇ ਪ੍ਰਭ ਭਾਵੈ ॥ ਤਿਸ ਕੀ*
*ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥*
*ਅੰਗ- ੪੦੩*

ਦੇਰੀ ਤੋਂ ਬਗੈਰ, ਉਸੇ ਵਕਤ, ਐਨਾ ਵੀ ਨਹੀਂ ਆਪ ਕਹਿ ਸਕੇ ਕਿ ਭਾਈ! ਇਕ ਗੁਰਸਿੱਖ ਖੂਹ 'ਚ ਗਿਰ ਪਿਆ ਤੇ ਉਹਨੂੰ ਛੇਤੀ ਕੱਢੋ, ਸੇਵਕੋ, ਜਲਦੀ ਜਾਓ ਘੋੜਿਆਂ 'ਤੇ ਚੜ੍ਹ ਕੇ। ਜੰਗਲ ਦੇ ਏਸ ਪਾਸੇ ਗਿਰਿਆ ਹੋਇਐ। ਕਿਉਂਕਿ ਤ੍ਰਿਕਾਲਦਰਸ਼ੀ ਤਾਂ ਹੁੰਦੇ ਹੀ ਨੇ ਸਾਰੇ ਮਹਾਤਮਾ।

ਸੋ ਆਪ ਕਹਿ ਨਹੀਂ ਸਕੇ, ਦੌੜੇ ਜਾਂਦੇ ਨੇ ਨੰਗੇ ਪੈਰ। ਸੇਵਾਦਾਰ ਪਿੱਛੇ ਘੋੜੀ ਲਈਂ ਜਾਂਦੈ। ਮਹਾਰਾਜ! ਘੋੜੀ 'ਤੇ ਸਵਾਰ ਹੋ ਜਾਓ। ਕੁਛ ਨਹੀਂ ਸੁਣ ਰਹੇ, ਕਹਿੰਦੇ, ਲੱਜਾਂ ਲੈ ਕੇ ਛੇਤੀ ਆ ਜਾਓ। ਲੱਜਾਂ ਇਕੱਠੀਆਂ ਕਰਕੇ ਪਿੱਛੇ ਦੌੜੇ ਜਾਂਦੇ ਨੇ।

ਕਿਉਂਕਿ ਗੁਰੂ ਦਾ ਬਿਰਦ ਹੋਇਆ ਕਰਦੈ –

*ਧਾਰਨਾ – ਔਖੀ ਘੜੀ ਨਾ ਦੇਖਣ ਦੇਵੇ,*
*ਆਪਣਾ ਬਿਰਦ ਸੰਭਾਲਦੈ।*

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥*
*ਅੰਗ- ੬੮੨*

ਬਿਰਦ ਹੈ ਗੁਰੂ ਦਾ। ਸੰਕਟ ਵਿਚ ਫਸ ਜਾਵੇ ਸਿੱਖ, ਉਹਨੇ ਔਖੀ ਘੜੀ ਨਹੀਂ ਦੇਖਣ ਦੇਣੀ। ਭਾਵੇਂ ਭਾਈ ਜੋਗਾ ਸਿੰਘ ਗਿਰਿਆ ਸੀ ਵੇਸਵਾ ਦੇ ਦੁਆਰੇ, ਗੁਰੂ ਦਸ਼ਮੇਸ਼ ਪਿਤਾ ਸ੍ਰੀ ਅਨੰਦਪੁਰ ਸਾਹਿਬ ਤੋਂ ਉਥੇ ਪਹੁੰਚਦੇ ਨੇ। ਸੋ ਸਿੱਖ ਦੀ ਰਾਖੀ ਗੁਰੂ ਕਰਿਆ ਕਰਦੈ।

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥*
*ਸੇਵਕ ਕਉ ਗੁਰੁ ਸਦਾ ਦਇਆਲ ॥ ਅੰਗ- ੨੮੬*

ਸੋ ਗੁਰੂ ਮਹਾਰਾਜ ਦੌੜੇ ਜਾ ਰਹੇ ਨੇ। ਖੂਹ ਦੇ ਕਿਨਾਰੇ ਜਾ ਕੇ ਖੜ੍ਹ ਗਏ। ਫੇਰ ਹੇਠਾਂ ਨੂੰ ਨਹੀਂ ਦੇਖਿਆ, ਥੋੜ੍ਹਾ ਪਿੱਛੇ ਹਟ ਕੇ ਖੜ੍ਹ ਗਏ, ਸਿੱਖ ਨੂੰ ਹੌਲੀ ਦੇ ਕੇ ਕੰਨ 'ਚ ਕਹਿਣ ਲੱਗੇ, ਪੁੱਛ ਕੌਣ ਹੈ?

ਆਵਾਜ਼ ਦਿਤੀ, ਪ੍ਰੇਮੀਆ! ਤੂੰ ਕੌਣ ਹੈਂ?

ਕਹਿੰਦਾ, ਪ੍ਰੇਮੀਓ! ਮੈਂ ਸ੍ਰੀ ਗੁਰੂ ਅਰਜਨ ਪਾਤਸ਼ਾਹ ਦਾ ਅਧਨਾ ਜਿਹਾ ਸਿੱਖ ਹਾਂ, ਗਰੀਬ ਜਿਹਾ ਸਿੱਖ। ਹਨ੍ਹੇਰੀ ਆਈ ਹੋਈ ਸੀ, ਰਾਹ ਮੈਨੂੰ ਦਿਸਿਆ ਨਹੀਂ। ਇਸ ਕਰਕੇ ਮੈਂ ਖੂਹ ਵਿਚ ਗਿਰ ਗਿਆ।

ਕਹਿੰਦੇ, ਲੱਜ ਫੜਾਉਂਦੇ ਹਾਂ, ਤੂੰ ਨਿਕਲ ਆ।

ਭਾਈ ਮੰਝ ਕਹਿੰਦੇ ਕਿ ਜੇ ਤੁਸੀਂ ਮੈਨੂੰ ਕੱਢਣਾ ਹੈ, ਤਾਂ ਪਹਿਲਾਂ ਲੱਕੜੀਆਂ ਗੁਰੂ ਕੇ ਲੰਗਰ ਦੀਆਂ ਕੱਢੋ। ਹਾਲੇ ਤਕ ਸੁੱਕੀਆਂ ਨੇ।

ਕਿੰਨੀ ਦੇਰ ਹੋ ਗਈ ਹੋਣੀ ਗਿਰੇ ਨੂੰ। ਕਿਵੇਂ ਭਾਈ ਮੰਝ ਸਿਰ 'ਤੇ ਚੁੱਕੀਂ ਖੜ੍ਹੇ ਨੇ। ਆਪ ਪਾਣੀ ਵਿਚ ਖੜ੍ਹੇ ਨੇ, ਭੋਰਾ ਹੀ ਪਰਵਾਹ ਨਹੀਂ। ਸਾਡੇ ਵਰਗੇ ਹੁੰਦੇ, ਅਸੀਂ ਲੱਕੜਾਂ ਰੱਖਣੀਆਂ ਸੀ ਪੈਰਾਂ ਥੱਲੇ, ਉਤੇ ਖੜ੍ਹਨਾ ਸੀ ਕਿ ਕਿਤੇ ਡੁੱਬ ਹੀ ਨਾ ਜਾਈਏ। ਕਿਉਂਕਿ ਬੜਾ ਫਰਕ ਹੈ ਗੁਰਸਿੱਖਾਂ ਦਾ। ਉਹ ਤਾਂ ਚਾਨਣ ਮੁਨਾਰੇ ਨੇ ਸਾਡੇ ਵਾਸਤੇ।

ਸੋ ਉਸ ਵੇਲੇ ਇਕ ਲੱਜ ਹੋਰ ਫੜਾਈ ਗਈ। ਕਹਿੰਦੇ, ਗੁਰਸਿੱਖਾ! ਫੇਰ ਬੰਨ੍ਹ ਦੇ ਇਹਦੇ ਨਾਲ ਭਰਾ। ਭਰਾ ਬੰਨ੍ਹ ਦਿਤਾ ਗਿਆ। ਭਰਾ ਕੱਢ ਲਿਆ। ਦੂਜੀ ਵਾਰੀ ਲੱਜ ਫੜਾਈ, ਲੱਜ ਦੇ ਉਤੇ ਗੰਢ ਦਿਤੀ ਹੋਈ ਸੀ, ਉਹਦੇ ਉਤੇ ਭਾਈ ਮੰਝ ਖੜ੍ਹ ਗਏ, ਹੌਲੀ-ਹੌਲੀ ਲੱਜ ਉਤੇ ਖਿੱਚ ਲਈ। ਜਦੋਂ ਬਾਹਰ ਆਏ, ਹੈਰਾਨ ਹੋ ਗਏ ਕਿ ਗੁਰੂ ਪੰਜਵੇਂ ਪਾਤਸ਼ਾਹ, ਨੰਗੇ ਪੈਰੀਂ ਖੜ੍ਹੇ ਨੇ ਖੂਹ ਦੀ ਮੌਣ ਦੇ ਕੋਲ। ਉਸ ਵੇਲੇ ਸਾਧਸੰਗਤ ਜੀ! ਰਿਹਾ ਨਾ ਗਿਆ ਤੇ ਗੁਰੂ ਮਹਾਰਾਜ ਨੇ ਦੇਖਦੀ ਸਾਰ, ਗੁਰੂ ਮਹਾਰਾਜ ਦੇ ਨੇਤਰਾਂ 'ਚੋਂ ਜਲ ਆ ਗਿਆ। ਖੁਸ਼ੀ ਹੋਈ ਬਹੁਤ ਕਿ ਸਿੱਖ ਪਾਸ ਕਰ ਗਿਆ। ਲੇਕਿਨ ਇਹ ਵੀ ਆ ਗਿਆ ਕਿ ਕਿੱਡੀਆਂ ਕਸਵੱਟੀਆਂ ਇਸ ਦੇ ਉਤੇ ਲਾਈਆਂ ਤੇ ਮਹਾਰਾਜ ਨੇ ਧਾਹ ਕੇ, ਅੱਗੇ ਜਾ ਕੇ ਗਲਵਕੜੀ ਪਾ ਲਈ ਭਾਈ ਮੰਝ ਨੂੰ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਕੰਠ ਨਾਲ ਲਾ ਲਿਆ,*
*ਸਤਿਗੁਰ ਨੇ ਸਿੱਖ ਪਿਆਰਾ।*

*ਹਰਿ ਜਨ ਰਾਖੇ ਗੁਰ ਗੋਵਿੰਦ ॥*
*ਕੰਠਿ ਲਾਇ ਅਵਗੁਣ ਸਭਿ ਮੇਟੇ*
*ਦਇਆਲ ਪੁਰਖ ਬਖਸੰਦ ॥ ਅੰਗ- ੬੮੧*

ਸੀਨੇ ਨਾਲ ਲਾਈਂ ਖੜ੍ਹੇ ਨੇ। ਘੁੱਟ ਰਹੇ ਨੇ ਗੁਰਸਿੱਖ ਨੂੰ। ਗੁਰਸਿੱਖਾ! ਤੂੰ ਮੈਨੂੰ ਸੇਵਾ ਕਰਕੇ ਹੱਦ ਤੋਂ ਜ਼ਿਆਦਾ ਪ੍ਰਸੰਨ ਕਰ ਲਿਆ ਤੇ ਫੁਰਮਾਨ ਕਰਦੇ ਨੇ –

*ਧਾਰਨਾ – ਮੰਗ ਪਿਆਰਿਆ!*
*ਸਤਿਗੁਰ ਨਾਨਕ ਦੇ ਦਰਬਾਰੋਂ।*

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
*ਨਾਨਕ ਦਾਸੁ ਮੁਖ ਤੇ ਜੋ ਬੋਲੈ*
*ਈਹਾ ਊਹਾ ਸਚੁ ਹੋਵੈ ॥ ਅੰਗ- ੬੮੧*

ਭਾਈ ਮੰਝ! ਸੇਵਾ ਕਰਕੇ ਤੂੰ ਮੈਨੂੰ ਹੱਦ ਤੋਂ ਜ਼ਿਆਦਾ ਪ੍ਰਸੰਨ ਕਰ ਲਿਆ ਤੇ ਅੱਜ ਤੂੰ ਜੋ ਮੰਗਣੈਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਤੋਂ ਮੰਗ ਲੈ।

ਉਸ ਵੇਲੇ ਆਪ ਦੇ ਨੇਤਰਾਂ 'ਚੋਂ ਜਲ ਜਾਣ

ਲਗ ਗਿਆ। ਪਹਿਲੇ ਦਿਨ ਭਾਈ ਮੰਝ ਦਾ ਰੋਣਾ ਨਿਕਲਿਆ, ਸਾਧਸੰਗਤ ਜੀ! ਉਸ ਵੇਲੇ ਦੋਵੇਂ ਹੱਥ ਜੋੜੇ ਦੀਨ ਦਇਆਲ ਪਾਤਸ਼ਾਹ! ਕਲਜੁਗ ਦਾ ਸਮਾਂ ਹੈ, ਮੁਹਤਾਜ ਨਾ ਕਿਸੇ ਦਾ ਕਰਾਈਂ। ਤੇਰਾ ਨਾਮ ਨਾ ਵਿਸਰੇ।

ਭਾਈ ਮੰਝ! ਹੋਰ ਮੰਗ।

ਕਹਿੰਦੇ, ਪਾਤਸ਼ਾਹ! ਜੇ ਦੇਣਾ ਹੀ ਹੈ। ਇਸ ਤਰ੍ਹਾਂ ਬੇਨਤੀ ਕਰਦੇ ਨੇ -

*ਧਾਰਨਾ - ਬਹੁਤੀ ਔਖੀ ਹੈ ਕਸਵੱਟੀ ਤੇਰੀ ਸਹਿਣੀ,*
*ਤਰਸ ਕਰਕੇ ਬਖਸ਼ੋ ਸਿੱਖ ਨੂੰ।*

ਪਾਤਸ਼ਾਹ! ਕਲਜੁਗ ਦਾ ਸਮਾਂ ਹੈ। ਕਸਵੱਟੀ ਬਹੁਤ ਸਖ਼ਤ ਹੈ। ਪਾਤਸ਼ਾਹ! ਤੁਹਾਡੀ ਮਿਹਰ ਹੋਵੇ ਤਾਂ ਸਿੱਖ ਸਹਿ ਸਕਦਾ ਹੈ, ਨਹੀਂ ਤਾਂ ਸਿੱਖ ਸਹਿ ਨਹੀਂ ਸਕਦਾ। ਆਪ ਰਿਆਇਤੀ ਨੰਬਰ ਦੇ ਕੇ ਸਿੱਖਾਂ ਨੂੰ ਪਾਸ ਕਰ ਦਿਓ।

ਮਹਾਰਾਜ ਕਹਿੰਦੇ, ਭਾਈ ਮੰਝ! ਸੋਨਾ ਜਦੋਂ ਖਾਨ 'ਚੋਂ ਨਿਕਲਦਾ ਹੈ, ਓਸ ਵੇਲੇ ਐਨਾ ਚਮਕਦਾਰ ਨਹੀਂ ਹੁੰਦਾ। ਜਦੋਂ ਉਹਨੂੰ ਬਾਰ-ਬਾਰ ਅੱਗ ਦਿਤੀ ਜਾਂਦੀ ਹੈ ਫੇਰ ਉਸ ਸੋਨੇ ਦਾ ਮੁੱਲ ਪੈਂਦਾ ਹੈ -

*ਧਾਰਨਾ - ਸਹਿ ਕੇ ਅੱਗ ਦਾ ਸੇਕ ਮੈਲਾ ਸੋਨਾ,*
*ਸੋਨਾ ਬਣਦੈ ਬਾਰ੍ਹਾਂ ਬੰਨੀ ਦਾ।*

ਭਾਈ ਮੰਝ! ਜੇ ਕਸਵੱਟੀ ਨਾ ਲਾਈ ਜਾਵੇ, ਅਤੇ ਰਿਆਇਤੀ ਨੰਬਰ ਦੇ ਕੇ ਸਿੱਖ ਨੂੰ ਪਾਸ ਕੀਤਾ ਜਾਵੇ, ਮੈਲਾ ਰਹਿ ਜਾਏਗਾ, ਨੀਵਾਂ ਰਹਿ ਜਾਏਗਾ। ਇਹ ਉਥੇ ਨਹੀਂ ਪਹੁੰਚ ਸਕੇਗਾ ਜਿਥੇ ਗੁਰੂ ਪਹੁੰਚਾਉਣਾ ਚਾਹੁੰਦੈ। ਸੋ ਭਾਈ ਮੰਝ! ਤੇਰੇ ਉਪਰ ਮੈਂ ਬਹੁਤ ਪ੍ਰਸੰਨ ਹੋਇਆ ਹਾਂ। ਹੁਣ ਤੂੰ ਸਿੱਖ ਨਹੀਂ ਰਿਹਾ ਤੂੰ ਜਹਾਜ਼ ਬਣਾ ਦਿਤਾ ਤੇ ਮੈਨੂੰ ਪਿਆਰਾ ਹੈਂ -

*ਮੰਝ ਪਿਆਰਾ ਗੁਰੂ ਨੂੰ,*
*ਗੁਰੂ ਮੰਝ ਪਿਆਰਾ।*
*ਮੰਝ ਗੁਰੂ ਕਾ ਬੋਹਿਥਾ,*
*ਜਗ ਲੰਘਣਹਾਰਾ।*

ਭਾਈ ਮੰਝ! ਜੇ ਅਸੀਂ ਤੇਰੇ ਨਾਲ ਨਹੀਂ ਬੋਲੇ ਤਾਂ ਨਿਗ੍ਹਾ 'ਚ ਰਖਦੇ ਸੀ, ਹਰ ਵਕਤ ਤੈਨੂੰ। ਸਾਡੇ ਹਿਰਦੇ ਤੋਂ ਤੂੰ ਨਹੀਂ ਕਦੇ ਭੁੱਲਿਆ। ਹਮੇਸ਼ਾ ਯਾਦ ਰਹਿੰਦਾ ਸੀ। ਜਿੰਨਾਂ ਸਿੱਖ ਗੁਰੂ ਨੂੰ ਯਾਦ ਕਰਦੈ, ਗੁਰੂ ਵੀ ਓਨਾ ਹੀ ਸਿੱਖ ਨੂੰ ਯਾਦ ਕਰਦੈ। ਜਾਹ! ਤੂੰ ਹੁਣ ਜਹਾਜ਼ ਹੋਇਆ, ਸਾਰੇ ਸੰਸਾਰ ਨੂੰ ਲੰਘਾ ਦੇ। ਉਸ ਵੇਲੇ ਗੁਰੂ ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ, ਬ੍ਰਹਮ ਗਿਆਨ ਦੇ ਭੰਡਾਰੇ ਬਖਸ਼ ਦਿਤੇ। ਰਿੱਧੀਆਂ-ਸਿੱਧੀਆਂ, ਨਉ ਨਿਧੀਆਂ ਸਭ ਦੇ ਦਿਤੀਆਂ। ਭਾਈ ਮੰਝ! ਹੁਣ ਤੂੰ ਮੇਰਾ ਹੋ ਗਿਆ। ਮੇਰੇ ਤੇ ਤੇਰੇ ਵਿਚ ਕੋਈ ਫਰਕ ਨਹੀਂ ਕਿਉਂਕਿ ਤੂੰ ਹੁਣ ਖ਼ਾਲਸਾ ਪਦ 'ਤੇ ਪਹੁੰਚ ਗਿਆ -

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।*
*ਪ੍ਰਭ ਮਹਿ ਮੋਹਿ ਮੈ ਤਾਸ ਮਹਿ, ਰੰਚਕ ਨਾਹਨ ਭੇਵ।*

*ਅਕਾਲ ਉਸਤਤਿ*

*ਦਾਸ ਅਨਿੰਨ ਮੇਰੋ ਨਿਜ ਰੂਪ ॥* *ਅੰਗ- ੧੨੫੨*

ਹੁਣ ਤੂੰ ਮੇਰਾ ਰੂਪ ਬਣ ਗਿਆ। ਜਾਹ, ਹੁਣ ਸੰਸਾਰ ਦਾ ਉਧਾਰ ਕਰ।

*ਧਾਰਨਾ - ਬ੍ਰਹਮ ਗਿਆਨ ਦੇ ਭੰਡਾਰੇ ਬਖਸ਼ੇ,*
*ਬਣਾਇਆ ਰੂਪ ਆਪਣਾ ਸਿੱਖ ਨੂੰ।*

ਸੋ ਇਸ ਤਰ੍ਹਾਂ ਇਕ ਗੁਰਸਿੱਖ ਜੋ ਪਹਿਲਾਂ ਇਕ ਸਾਧਾਰਣ ਬੰਦਾ ਸੀ, ਕਬਰਾਂ ਨੂੰ ਮੱਥੇ ਟੇਕਦਾ ਸੀ, ਸੰਗ ਲੈ ਕੇ ਜਾਂਦਾ ਸੀ। ਗੁਰੂ ਦੀ ਸੰਗਤ 'ਚ ਆਇਆ, ਗੁਰਸਿੱਖਾਂ ਨਾਲ ਮੇਲ ਹੋਇਆ। ਉਹਦੇ ਨਾਲ ਬਚਨ ਮੰਨੇ, ਕਮਾਈ ਕੀਤੀ, ਬਾਣੀ ਦੀ। ਫੇਰ ਦ੍ਰਿੜ੍ਹਤਾ ਆਈ ਮਨ ਦੇ ਅੰਦਰ। ਕਿੱਥੇ ਪਹੁੰਚ ਗਿਆ? ਗੁਰੂ ਦਾ ਰੂਪ ਬਣ ਗਿਆ। ਹੁਣ ਗੁਰੂ ਤੇ ਉਹਦੇ 'ਚ ਕੋਈ ਫਰਕ ਨਹੀਂ।

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਅਸੀਂ ਵੀ ਸਾਰੇ ਚੱਲੇ ਹੋਏ ਹਾਂ। ਭਾਈ ਮੰਝ ਦੀ ਬਦੌਲਤ, ਕਿਉਂਕਿ ਮਹਾਰਾਜ ਤੋਂ ਉਹਨੇ ਬਖਸ਼ਾ ਲਿਆ ਸੀ, ਮਿਹਰ ਕਰਕੇ ਬਖਸ਼ ਦਿਓ।

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦਾ।*

ਅਸੀਂ ਤਾਂ ਸਾਰੇ ਔਗੁਣਾਂ ਦੇ ਭਰੇ ਹੋਏ ਹਾਂ, ਅਰਦਾਸ ਕਰੀਏ ਸੱਚੇ ਪਾਤਸ਼ਾਹ ਉਸ ਨੂੰ ਤੁਸੀਂ ਸਿਰੇ ਚਾੜ੍ਹ ਦਿਤਾ, ਸਾਡੇ ਜੀਵਨ ਵੀ ਤੁਹਾਡੇ ਲੇਖੇ ਵਿਚ ਲੱਗੇ ਹੋਏ ਨੇ। ਸਾਡੇ ਉਤੇ ਵੀ ਮਿਹਰ ਕਰੋ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤ ਕਰਦੇ ਹਾਂ।

***(ਵੀਡੀਓ ਫਿਲਮ ਦੀਵਾਨ ਨੰ: 123 ਦੀ ਬਾਕੀ)***

# ਗੁਰਬਾਣੀ ਅਨੁਸਾਰ ਸੰਤ ਕੌਣ ਹੈ?
## ਸੰਤ ਰਹਤ ਸੁਨਹੁ ਮੇਰੇ ਭਾਈ।।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-35)***

ਰਾੜਾ ਸਾਹਿਬ, ਸੰਤ ਮਹਾਰਾਜ ਜੀ ਦੇ ਸਮੇਂ ਇਕ ਗੁਰਮੁਖ ਪਿਆਰਾ ਸੇਵਾ ਕਰਿਆ ਕਰਦਾ ਸੀ। ਉਸਨੂੰ 'ਬਾਬਾ ਆਪੇ ਆਪ' ਕਿਹਾ ਕਰਦੇ ਸਨ। ਉਸ ਸਮੇਂ ਰਾੜਾ ਸਾਹਿਬ ਬਿਲਕੁਲ ਉਜਾੜ ਸੀ ਅਤੇ ਕੁਝ ਝੌਂਪੜੀਆਂ ਸਰਦਾਰ ਗਿਆਨ ਸਿੰਘ ਰਾੜੇ ਵਾਲੇ ਦੀ ਢੱਕੀ ਵਿਚ ਪਾਈਆਂ ਹੋਈਆਂ ਸਨ। ਇਸ ਬਾਬਾ ਆਪੇ ਆਪ ਨੂੰ ਪ੍ਰਭੂ ਦੀ ਕ੍ਰਿਪਾ ਨਾਲ ਦਿਬਯ ਦ੍ਰਿਸ਼ਟ ਪ੍ਰਾਪਤ ਹੋਈ ਤੇ ਭੂਤ ਭਵਿੱਖਤ ਦੀਆਂ ਦੀਵਾਰਾਂ ਇਸ ਦੇ ਸਾਹਮਣਿਓਂ ਹਟ ਗਈਆਂ। ਉਸ ਵੇਲੇ ਬਹੁਤ ਉਚੀਆਂ-ਉਚੀਆਂ ਟੀਸੀਆਂ ਵਾਲੇ ਟਿੱਬੇ ਰਾੜਾ ਸਾਹਿਬ ਦੀ ਢੱਕੀ ਦੇ ਨੇੜੇ ਹੋਇਆ ਕਰਦੇ ਸਨ। ਇਹ ਬਾਬਾ ਟਿੱਬਿਆਂ ਦੇ ਉਤੇ ਖੜ੍ਹਾ ਹੋ ਕੇ ਕੁਝ ਅਜੀਬ ਬਚਨ ਕਿਹਾ ਕਰਦਾ ਸੀ। ਇਕ ਦਿਨ ਛੋਟੇ ਮਹਾਂਪੁਰਸ਼ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਨੂੰ ਨਾਲ ਲੈ ਕੇ ਟਿੱਬੇ ਉਪਰ ਚੜ੍ਹ ਗਿਆ ਅਤੇ ਹੱਥ ਦੇ ਇਸ਼ਾਰੇ ਕਰ-ਕਰ ਦੱਸਣ ਲੱਗਿਆ ਕਿ ਮਹਾਂਪੁਰਸ਼ੋ! ਆਪ ਤਾਂ ਸਭ ਕੁਝ ਦੇਖ ਹੀ ਰਹੇ ਹੋਂ ਪਰ ਮੈਂ ਬਹੁਤ ਹੈਰਾਨ ਹੋ ਰਿਹਾ ਹਾਂ ਕਿ ਆਹ ਦੇਖੋ! ਪਿੰਡ ਘੁਡਾਣੀ ਤੋਂ ਪੱਕੀ ਸੜਕ ਨਹਿਰ ਵਲ ਨੂੰ ਆ ਰਹੀ ਹੈ। ਇਸ ਸੜਕ ਦੇ ਕੰਢੇ ਕਿੱਡੀਆਂ ਉਚੀਆਂ-ਉਚੀਆਂ ਇਮਾਰਤਾਂ ਬਣ ਗਈਆਂ ਹਨ। ਐਧਰ ਦੇਖੋ! ਨਹਿਰ ਦੇ ਕੰਢੇ ਕਿੱਡਾ ਆਲੀਸ਼ਾਨ ਗੁਰਦਵਾਰਾ ਬਣਿਆ ਪਿਆ ਹੈ ਜੋ ਬਹੁਤ ਹੀ ਸੁਹਾਵਣਾ ਹੈ। ਮਹਾਰਾਜ ਜੀ ਔਹ ਦੇਖੋ! ਸਾਹਮਣੇ ਘੰਟਾ ਘਰ ਨਜ਼ਰ ਆ ਰਿਹਾ ਹੈ। ਐਧਰ ਹਸਪਤਾਲ ਬਣੇ ਹੋਏ ਹਨ, ਬੈਂਕ ਬਣੇ ਹੋਏ ਹਨ ਅਤੇ ਅਨੇਕਾਂ ਦੁਕਾਨਾਂ ਨਹਿਰ ਵਲ ਨੂੰ ਮੂੰਹ ਰਖ ਕੇ ਬਣੀਆਂ ਹੋਈਆਂ ਹਨ। ਬਹੁਤ ਸਾਰੇ ਰਿਹਾਇਸ਼ੀ ਮਕਾਨ ਦਿਸ ਰਹੇ ਹਨ। ਔਹ ਜਿਧਰ ਨੂੰ ਨਹਿਰ ਦਾ ਪਾਣੀ ਜਾਂਦਾ ਹੈ ਉਹ ਸਾਹਮਣੇ ਇਕ ਮੀਲ ਤੇ ਵੱਡਾ ਕਾਲਜ ਨਜ਼ਰ ਆ ਰਿਹਾ ਹੈ। ਬੱਚੇ ਪੜ੍ਹ ਕੇ ਨਿਕਲ ਰਹੇ ਹਨ। ਦੇਖੋ ਮਹਾਰਾਜ ਜੀ ਕਿੰਨੀ ਅਬਾਦੀ ਹੋਈ-ਹੋਈ ਹੈ ਮੋਟਰਾਂ, ਕਾਰਾਂ, ਬੱਸਾਂ, ਟਰੱਕ, ਧੁਕ-ਧੁਕੀਏ (ਮੋਟਰ ਸਾਈਕਲਾਂ) ਘੁੰਮ ਰਹੇ ਹਨ। ਔਹ ਲੁਧਿਆਣੇ ਵਲੋਂ ਸੜਕਾਂ ਮਿਲ ਰਹੀਆਂ ਹਨ। ਤਾਂ ਛੋਟੇ ਸੰਤ ਮਹਾਰਾਜ ਜੀ ਨੇ ਕਿਹਾ ਕਿ ਬਾਬਾ! ਤੇਰੇ ਬਚਨ ਅਵਸ਼ ਸਤਿ ਹੋ ਜਾਣੇ ਹਨ ਕਿਉਂਕਿ ਤੇਰੀ ਬਿਰਤੀ ਹਰ ਸਮੇਂ, ਹਰ ਥਾਂ ਉਪਰ ਪ੍ਰਭੂ ਦੇ ਦਰਸ਼ਨ ਕਰ ਰਹੀ ਹੈ ਅਤੇ ਤੂੰ ਸਦਾ ਹੀ ਆਪੇ-ਆਪ, ਆਪੇ-ਆਪ ਕਹਿੰਦਾ ਪ੍ਰਭੂ ਨੂੰ ਤਕ ਰਿਹਾ ਹੈਂ। ਤੇਰਾ ਵਾਸਾ ਕਰਮਖੰਡ ਵਿਚ ਹੋ ਚੁਕਿਆ ਹੈ ਅਤੇ ਤੇਰੇ ਬਚਨ ਵਿਚ ਮਿਥਿਆ ਬਾਤ ਨਹੀਂ ਆਉਂਦੀ। ਜੋ ਕੁਝ ਆਉਂਦਾ ਹੈ ਉਹ ਸਤਿ ਹੀ ਆਉਂਦਾ ਹੈ। ਇਸੇ ਤਰ੍ਹਾਂ ਦੇ ਨਾਲ ***'ਸੂਰਬੀਰ ਬਚਨ ਕੇ ਬਲੀ।। ਕਉਲਾ ਬਪੁਰੀ ਸੰਤੀ ਛਲੀ।'*** ਕਉਲਾ ਬਪੁਰੀ ਮਾਇਆ ਨੂੰ ਆਖਦੇ ਹਨ। ਇਹ ਮਾਇਆ ਸਾਰੇ ਸੰਸਾਰ ਨੂੰ ਆਪਣੀ ਸ਼ਕਤੀ ਨਾਲ ਘਟ-ਘਟ ਵਿਚ ਵਸਦੇ ਵਾਹਿਗੁਰੂ ਤੋਂ ਪੂਰੀ ਤਰ੍ਹਾਂ ਨਾਲ ਤੋੜ ਦਿਆ ਕਰਦੀ ਹੈ। ਇਸ ਮਾਇਆ ਨੇ ਪ੍ਰਭੂ ਦੀ ਅਖੰਡ ਜੋਤੀ ਨੂੰ ਤਿੰਨ ਥਾਵਾਂ ਵਿਚ ਵੰਡਿਆ ਹੋਇਆ ਹੈ। ਇਕ ਨੂੰ ਵਾਹਿਗੁਰੂ ਜੀ ਆਖਦੇ ਹਨ, ਦੂਜੀ ਨੂੰ ਜੀਵ ਆਖਦੇ ਹਨ, ਤੀਜੇ ਟੁਕੜੇ ਨੂੰ ਸੰਸਾਰ ਆਖਦੇ ਹਨ। ਇਸ ਮਾਇਆ ਦਾ ਅਸਰ ਸਾਰੇ ਸੰਸਾਰ ਉਪਰ ਹੋਣ ਕਰਕੇ ਸੰਸਾਰ ਐਨਾ ਭੁੱਲ ਚੁੱਕਿਆ ਹੈ ਕਿ ਪ੍ਰਭੂ ਸੱਤਾ ਉਸ ਦੇ ਅੰਗ ਸੰਗ ਹੈ। ਬਾਣੀ ਦੇ ਬਾਰ-ਬਾਰ ਦੱਸਣ ਦੇ ਬਾਵਜੂਦ ਵੀ ਮਾਇਆ ਦੇ ਮੋਹੇ ਹੋਏ ਪੁਰਸ਼ ਨੂੰ ਭਰੋਸਾ ਹੀ ਨਹੀਂ ਆਉਂਦਾ ਕਿ ਵਾਹਿਗੁਰੂ ਜੀ ਮੇਰੇ ਅੰਗ-ਸੰਗ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜਹ ਜਹ ਪੇਖਉ ਤਹ ਹਜੂਰਿ***
***ਦੂਰਿ ਕਤਹੁ ਨ ਜਾਈ।।***
***ਰਵਿ ਰਹਿਆ ਸਰਬਤ੍ਰ ਮੈ***
***ਮਨ ਸਦਾ ਧਿਆਈ।।***
***ਈਤ ਊਤ ਨਹੀ ਬੀਛੁੜੈ***
***ਸੋ ਸੰਗੀ ਗਨੀਐ।।***
***ਬਿਨਸਿ ਜਾਇ ਜੋ ਨਿਮਖ ਮਹਿ***
***ਸੋ ਅਲਪ ਸੁਖੁ ਭਨੀਐ।।***
***ਪ੍ਰਤਿਪਾਲੈ ਅਪਿਆਉ ਦੇਇ***
***ਕਛੁ ਊਨ ਨ ਹੋਈ।।***
***ਸਾਸਿ ਸਾਸਿ ਸੰਮਾਲਤਾ***
***ਮੇਰਾ ਪ੍ਰਭ ਸੋਈ।।*** ***ਅੰਗ - ੬੭੭***
***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ।।*** ***ਅੰਗ - ੬੧੨***

ਪਰ ਸੰਤਾਂ ਨੂੰ ਵਾਹਿਗੁਰੂ ਹਾਜ਼ਰਾ-ਹਜ਼ੂਰ; ਜ਼ਾਹਰਾ-ਜ਼ਹੂਰ, ਅੰਦਰ-ਬਾਹਰ ਸਭ ਥਾਂ ਦ੍ਰਿੜ੍ਹ ਨਿਸ਼ਚੇ ਨਾਲ ਦ੍ਰਿਸ਼ਟੀ ਪੈਂਦਾ ਹੈ।

***ਸੋ ਅੰਤਰਿ ਸੋ ਬਾਹਰਿ ਅਨੰਤ।।***
***ਘਟਿ ਘਟਿ ਬਿਆਪਿ ਰਹਿਆ ਭਗਵੰਤ।।***
***ਧਰਨਿ ਮਾਹਿ ਆਕਾਸ ਪਇਆਲ।।***
***ਸਰਬ ਲੋਕ ਪੂਰਨ ਪ੍ਰਤਿਪਾਲ।।***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ।।***
***ਜੈਸੀ ਆਗਿਆ ਤੈਸਾ ਕਰਮੁ।।***
***ਪਉਣ ਪਾਣੀ ਬੈਸੰਤਰ ਮਾਹਿ।।***
***ਚਾਰਿ ਕੁੰਟ ਦਹ ਦਿਸੇ ਸਮਾਹਿ।।***
***ਤਿਸ ਤੇ ਭਿੰਨ ਨਹੀ ਕੋ ਠਾਉ।।***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ।।***

***ਅੰਗ - ੨੯੩***

ਐਸੇ ਮਹਾਂਪੁਰਸ਼ਾਂ ਦੀ ਸੰਗਤ ਕਰਨ ਲਈ ਸਵਰਗਾਂ ਦੇ ਸਮੂੰਹ ਦੇਵਤੇ - ਬ੍ਰਹਮ ਲੋਕ, ਸ਼ਿਵ ਲੋਕ ਅਤੇ ਬੈਕੁੰਠ ਵਾਸੀ ਬ੍ਰਹਮਾ, ਸ਼ਿਵ ਜੀ ਅਤੇ ਵਿਸ਼ਨੂੰ ਜੀ, ਆਪ ਸੰਤਾਂ ਦੀ ਸੰਗਤ ਕਰਦੇ ਹਨ। ਗੁਰਬਾਣੀ ਵਿਚ ਫੁਰਮਾਨ ਹੈ ਕਿ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ।।***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।।***

***ਅੰਗ - ੨੭੩***

***ਤਾ ਕਾ ਸੰਗੁ ਬਾਛਹਿ ਸੁਰਦੇਵ।।***
***ਅਮੋਘ ਦਰਸੁ ਸਫਲ ਜਾ ਕੀ ਸੇਵ।।***

***ਅੰਗ - ੩੯੨***

ਉਨ੍ਹਾਂ ਦੇ ਦਰਸ਼ਨਾਂ ਦਾ ਫਲ ਕਦੇ ਵੀ ਅਕਾਰਥ ਨਹੀਂ ਜਾਂਦਾ। ਇਸ ਵਾਸਤੇ ਦੇਵਤੇ ਸਾਧੂਆਂ ਦੇ ਦਰਸ਼ਨ ਕਰਨ ਨੂੰ ਸਦਾ ਹੀ ਲੋਚਦੇ ਰਹਿੰਦੇ ਹਨ। ਆਤਮ ਮੰਡਲ ਵਿਚ ਸਾਰੇ ਹੀ ਮਹਾਂਪੁਰਸ਼ਾਂ ਦੇ ਜੀਵਨ ਵਿਚ ਐਸੀਆਂ ਘਟਨਾਵਾਂ ਵਾਪਰੀਆਂ ਹਨ ਕਿ ਜਦੋਂ ਉਹ ਸੰਗਤਾਂ ਵਿਚ ਪ੍ਰਵਚਨ ਕਰਦੇ ਹਨ, ਕੀਰਤਨ ਕਰਦੇ ਹਨ ਤਾਂ ਮੁਕਤ ਆਤਮਾਵਾਂ ਦੇਵਤੇ, ਸ਼ਹੀਦ ਆਦਿ ਉਨ੍ਹਾਂ ਦੇ ਸਮਾਗਮਾਂ ਵਿਚ ਆ ਕੇ ਸਸ਼ੋਭਿਤ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਹਾਜ਼ਰੀ ਦਾ ਆਮ ਸੰਗਤਾਂ ਤੇ ਇਹ ਪ੍ਰਭਾਵ ਪੈਂਦਾ ਹੈ ਕਿ ਉਸ ਥਾਂ ਦੇ ਉਤੇ **pin drop silence** ਹੋਇਆ ਕਰਦੀ ਹੈ ਅਤੇ ਸਰੋਤਿਆਂ ਦੀਆਂ ਚਿਤ ਬਿਰਤੀਆਂ ਸ਼ਬਦ ਨਾਲ ਪੂਰੀ ਤਰ੍ਹਾਂ ਜੁੜ ਜਾਇਆ ਕਰਦੀਆਂ ਹਨ। ਉਸਦੇ ਵਿਪਰੀਤ ਜਿਥੇ ਕਲਜੁਗ ਦਾ ਵਾਸਾ ਹੋਵੇ ਉਥੇ ਬਕਤਾ ਦੇ ਮੂੰਹ ਵਿਚੋਂ ਜ਼ਹਿਰੀਲੇ ਅੱਖਰ, ਜ਼ਹਿਰੀਲੇ ਭਾਸ਼ਣ, ਕੂੜ-ਕਪਟ ਦੇ ਬਚਨ ਨਿਕਲਦੇ ਹਨ, ਜਿਸ ਤੋਂ ਸਰੋਤਿਆਂ ਦੇ ਅੰਦਰ ਰਾਗ, ਦ੍ਵੈਸ਼, ਨਿੰਦਿਆ, ਬੇਚੈਨੀ, ਵੈਰ ਭਾਵ ਪੈਦਾ ਹੋ ਜਾਇਆ ਕਰਦਾ ਹੈ ਕਿਉਂਕਿ ਉਸ ਥਾਂ ਉਤੇ ਕਲਜੁਗ ਆਪਣੀਆਂ ਸਮੂੰਹ ਫੌਜਾਂ ਸਮੇਤ ਪ੍ਰਭਾਵ ਪਾ ਰਿਹਾ ਹੁੰਦਾ ਹੈ। ਐਸੇ ਰਹਿਤ ਵਾਲੇ ਮਹਾਂਪੁਰਸ਼ਾਂ ਦੇ ਸਤਿਕਾਰ ਲਈ ਗੁਰੂ ਮਹਾਰਾਜ ਜੀ ਸਾਨੂੰ ਅਰਦਾਸ ਕਰਨ ਦੀ ਜਾਂਚ ਦਸਦੇ ਹਨ।

***ਕਰ ਜੋੜਿ ਨਾਨਕੁ ਕਰੇ ਅਰਦਾਸਿ।।***
***ਮੋਹਿ ਸੰਤਹ ਟਹਲ ਦੀਜੈ ਗੁਣਤਾਸਿ।।***

***ਅੰਗ - ੩੯੨***

ਇਸ ਤਰ੍ਹਾਂ ਨਾਲ ਸੰਤਾਂ ਦੇ ਨਿੱਜੀ ਸੁਭਾਅ ਬਾਰੇ, ਜਿਸ ਬਿਰਤੀ ਵਿਚ ਸੰਤ ਵਰਤਦੇ ਹਨ, ਉਸ ਬਾਰੇ ਗੁਰਬਾਣੀ ਵਿਚ ਬਹੁਤ ਹੀ ਸੁੰਦਰ ਤੇ ਸਪਸ਼ਟ ਫੁਰਮਾਨ ਹੈ -

***ਸਸਤ੍ਰਿ ਤੀਖਣਿ ਕਾਟਿ ਡਾਰਿਓ***
***ਮਨਿ ਨ ਕੀਨੋ ਰੋਸੁ।।*** ***ਅੰਗ - ੧੦੧੭***

ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਸੰਗਤ ਵਿਚ ਸ਼ੁਭ ਉਪਦੇਸ਼ ਕਰ ਰਹੇ ਸਨ ਤੇ ਉਸ ਵਿਚ ਬਚਨ ਆਇਆ ਕਿ ਜਦੋਂ ਪ੍ਰਭੂ ਕ੍ਰਿਪਾਲ ਹੋ ਜਾਂਦਾ ਹੈ ਤਾਂ ਸਭ ਤੋਂ ਪਿਆਰੀ ਚੀਜ਼ ਸੰਤਾਂ ਦੀ ਸੰਗਤ ਬਖਸ਼ ਦਿਆ ਕਰਦਾ ਹੈ। ਸੰਤਾਂ ਦਾ ਧਿਆਨ ਹਰ ਵਕਤ ਬ੍ਰਹਮ ਵਿਚ ਹੀ ਰਹਿੰਦਾ ਹੈ ਅਤੇ ਜੋ ਬਚਨ ਕਰਦੇ ਹਨ ਉਹ ਵੀ ਬ੍ਰਹਮ ਦਾ ਹੀ ਕਰਦੇ ਹਨ। ਬ੍ਰਹਮ ਬਾਣੀ ਉਨ੍ਹਾਂ ਦੇ ਅੰਦਰ ਪੂਰੀ ਤਰ੍ਹਾਂ ਪ੍ਰਗਟ ਹੋਇਆ ਕਰਦੀ ਹੈ।

***ਸੁਅਸਤਿ ਆਥਿ ਬਾਣੀ ਬਰਮਾਉ।।*** ***ਅੰਗ - ੪***

ਜਦੋਂ ਵਾਹਿਗੁਰੂ ਜੀ ਕ੍ਰਿਪਾਲ ਹੁੰਦੇ ਹਨ ਤਾਂ ਅਜਿਹੇ ਸੰਤਾਂ ਦੀ ਸੰਗਤ ਪ੍ਰਾਪਤ ਹੋਇਆ ਕਰਦੀ ਹੈ ਅਤੇ ਨਾਲ ਹੀ ਆਪ ਜੀ ਨੇ ਫੁਰਮਾਨ ਕੀਤਾ ਕਿ ਜਦੋਂ ਪੂਰਬਲੇ ਕਰਮ ਸਮਾਂ ਪਾ ਕੇ ਤਤਪਰ ਹੁੰਦੇ ਹਨ ਤਾਂ ਉਸ ਸਮੇਂ ਰਸਿਕ ਬੈਰਾਗੀ ਮਹਾਂਪੁਰਸ਼ ਦੇ ਨਾਲ ਮਿਲਾਪ ਹੁੰਦਾ ਹੈ ਜਿਨ੍ਹਾਂ ਦੇ ਬਚਨ ਸੁਣ ਕੇ ਮਾਇਆ ਦੇ ਤਿੰਨਾ ਗੁਣਾਂ - ਰਜੋ, ਤਮੋ, ਸਤੋ ਦੀ ਪਾਈ ਹੋਈ ਗਾੜ੍ਹੀ ਨੀਂਦ ਵਿਚੋਂ ਜਾਗ ਕੇ ਆਤਮ ਸਰੂਪ ਦੀ ਸ਼ਾਖਸ਼ਾਤਕਾਰਤਾ ਹੋ ਜਾਇਆ ਕਰਦੀ ਹੈ ਅਤੇ ਅਗਿਆਨ ਦਾ ਅੰਧਕਾਰ ਮਿਟ ਜਾਂਦਾ ਹੈ ਤੇ ਸਰਬ ਵਿਆਪੀ ਪ੍ਰਭੂ ਜੋਤ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਅਜਿਹਾ ਸਤਿਸੰਗ ਪ੍ਰਭੂ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਕਰਦਾ ਹੈ।

***ਜਉ ਭਇਓ ਕ੍ਰਿਪਾਲੁ***
***ਤਾ ਸਾਧਸੰਗੁ ਪਾਇਆ***
***ਜਨ ਨਾਨਕ ਬ੍ਰਹਮੁ ਧਿਆਇਓ।।*** ***ਅੰਗ - ੧੦੧੭***

ਤਾਂ ਇਹ ਬਚਨ ਸੁਣ ਕੇ ਸੰਗਤ ਵਿਚ ਬੈਠੇ ਪ੍ਰੇਮੀ ਨੇ ਕਿਹਾ ਕਿ ਹੇ ਗੁਰੂ ਮਹਾਰਾਜ! ਆਪ ਤਾਂ ਗੁਰਬਾਣੀ ਦੇ ਅਨੁਸਾਰ ਸ਼ਾਖਸ਼ਾਤ ਪ੍ਰਭੂ ਦਾ ਸਰਗੁਣ ਸਰੂਪ ਹੋਂ ਜਿਵੇਂ ਕਿ ਆਪ ਨੇ ਬਾਣੀ ਵਿਚ ਪ੍ਰਗਟ ਕੀਤਾ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ।।*
*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ।।* *ਅੰਗ - ੪੪੨*

ਜਨਮ ਸਾਖੀਆਂ ਦੇ ਅਨੁਸਾਰ ਭੀ ਸੁਣ ਕੇ ਅਸੀਂ ਆਪਣਾ ਨੇਸ਼ਟਾ ਇਸ ਗੱਲ ਉਪਰ ਕਾਇਮ ਕੀਤਾ ਹੈ ਕਿ ਜਦੋਂ ਆਪ ਆਪਣੇ ਪਹਿਲੇ ਸਰੂਪ ਵਿਚ ਅਕਾਲ ਪੁਰਖ ਦੀ ਦਰਗਾਹ, ਜਿਸਨੂੰ ਸਚਖੰਡ ਆਖ ਕੇ ਵਰਣਨ ਕੀਤਾ ਹੈ, ਵਿਚ ਪਹੁੰਚੇ ਤਾਂ ਅਕਾਲਪੁਰਖ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਤੈਂ ਮੇਰੇ ਨਾਮ ਦਾ ਅੰਮ੍ਰਿਤ ਪਿਆਲਾ ਪੀਤਾ ਹੈ। ਮੈਂ ਪਾਰਬ੍ਰਹਮ ਪ੍ਰਮੇਸ਼ਰ ਹਾਂ ਤੇ ਤੂੰ ਗੁਰੂ ਪ੍ਰਮੇਸ਼ਰ ਹੈਂ। ਸੰਸਾਰ ਵਿਚ ਇਸ ਨਾਮ ਅੰਮ੍ਰਿਤ ਦੇ ਭੰਡਾਰੇ ਸੰਸਾਰੀ ਜੀਵਾਂ ਨੂੰ ਵੰਡ ਅਤੇ ਉਨ੍ਹਾਂ ਨੂੰ ਕਲਜੁਗ ਦੇ ਅੰਧਕਾਰ ਵਿਚੋਂ ਨਿਕਲਣ ਦਾ ਉਪਦੇਸ਼ ਦੇਹ। ਗੁਰੂ ਪ੍ਰਮੇਸ਼ਰ ਦੇ ਉਪਦੇਸ਼ ਨੂੰ ਕਮਾ ਕੇ ਸੰਤ ਪਦਵੀ ਪ੍ਰਾਪਤੀ ਕੀਤੀ ਹੈ। ਆਪ ਜੀ ਦੇ ਬਚਨਾਂ ਵਿਚ ਬਾਣੀ ਰਾਹੀਂ ਬਾਰ-ਬਾਰ ਇਹ ਤਾਕੀਦ ਕੀਤੀ ਗਈ ਹੈ ਕਿ ਸੰਤਾਂ ਦਾ ਸੰਗ ਕਰੋ ਅਤੇ ਮਨਮੁਖਾਂ-ਬੇਮੁਖਾਂ, ਪਾਖੰਡੀਆਂ, ਢੌਂਗੀਆਂ, ਬਕਵਾਦ ਕਰਨ ਵਾਲਿਆਂ ਦਾ ਸੰਗ ਭੁੱਲ ਕੇ ਵੀ ਨਾ ਕਰੀਂ। ਅਸਾਨੂੰ ਅਰਦਾਸ ਕਰਨ ਦੀ ਜਾਚ ਸਿਖਾ ਕੇ ਫੁਰਮਾਨ ਕਰਦੇ ਹਨ ਕਿ -

*ਹੋਹੁ ਕ੍ਰਿਪਾਲ ਸੁਆਮੀ ਮੇਰੇ*
*ਸੰਤਾਂ ਸੰਗਿ ਵਿਹਾਵੇ।।*
*ਤੁਧਹੁ ਭੁਲੇ ਸਿ ਜਮਿ ਜਮਿ ਮਰਦੇ*
*ਤਿਨ ਕਦੇ ਨ ਚੁਕਨਿ ਹਾਵੇ।।*

*ਅੰਗ - ੯੬੧*

ਸੰਤਾਂ ਦੀ ਆਪ ਨੇ ਬਹੁਤ ਮਹਿਮਾ ਕੀਤੀ ਹੈ ਅਤੇ ਇਥੇ ਫੁਰਮਾਨ ਕੀਤਾ ਹੈ-

*ਸੰਤਹ ਚਰਨ ਮਾਥਾ ਮੇਰੋ ਪਉਤ।।*
*ਅਨਿਕ ਬਾਰ ਸੰਤਹ ਡੰਡਉਤ।।*
*ਇਹੁ ਮਨੁ ਸੰਤਨ ਕੈ ਬਲਿਹਾਰੀ।।*
*ਜਾ ਕੀ ਓਟ ਗਹੀ ਸੁਖੁ ਪਾਇਆ*
*ਰਾਖੇ ਕਿਰਪਾ ਧਾਰੀ।।*
*ਸੰਤਹ ਚਰਣ ਧੋਇ ਧੋਇ ਪੀਵਾ।।*
*ਸੰਤਹ ਦਰਸੁ ਪੇਖਿ ਪੇਖਿ ਜੀਵਾ।।*

*ਅੰਗ - ੮੮੯*

*ਸੰਤਨ ਸੰਤ ਸਾਧ ਮਿਲਿ ਰਹੀਐ*
*ਗੁਣ ਬੋਲਹਿ ਪਰਉਪਕਾਰੇ।।*
*ਸੰਤੈ ਸੰਤੁ ਮਿਲੈ ਮਨੁ ਬਿਗਸੈ*
*ਜਿਉ ਜਲੁ ਮਿਲਿ ਕਮਲ ਸਵਾਰੇ।।*

*ਅੰਗ - ੯੮੩*

*ਸੰਤਾ ਕੀ ਇਹ ਰੀਤਿ ਨਿਰਾਲੀ।।*
*ਪਾਰਬ੍ਰਹਮੁ ਕਰਿ ਦੇਖਹਿ ਨਾਲੀ।।*

*ਅੰਗ - ੧੦੮੫*

ਮਹਾਰਾਜ ਜੀ! ਅਜਿਹੇ ਸੰਤ ਕੋਈ ਆਡੰਬਰ ਨਹੀਂ ਕਰਦੇ, ਆਪਣੀ ਕੋਈ ਇਸ਼ਤਿਹਾਰਬਾਜ਼ੀ ਨਹੀਂ ਕਰਦੇ, ਆਪਣੇ ਆਪ ਨੂੰ ਪੂਰਨ ਤੌਰ ਤੇ ਗੁਪਤ ਰੱਖਣ ਦਾ ਜਤਨ ਕਰਦੇ ਹਨ ਅਤੇ ਸਭਨਾਂ ਦੇ ਚਰਨਾਂ ਦੀ ਧੂੜ ਬਣ ਕੇ ਰਹਿੰਦੇ ਹਨ ਫਿਰ ਸਾਨੂੰ ਕਿਵੇਂ ਪਤਾ ਲੱਗੇ ਕੌਣ ਉਹ ਸੰਤ ਹੈ ਜਿਸਦੇ ਬਾਰੇ ਆਪ ਬਾਣੀ ਵਿਚ ਬਾਰ-ਬਾਰ ਫੁਰਮਾਨ ਕਰਦੇ ਹੋ? ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕੁਝ ਪ੍ਰਮਾਣ ਦੇ ਕੇ 'ਸੰਤਨਾ ਕੀ ਰੀਤਿ' ਬਾਰੇ ਦੱਸਣ ਦੀ ਕ੍ਰਿਪਾਲਤਾ ਕੀਤੀ ਅਤੇ ਦ੍ਰਿਸ਼ਟਮਾਨ ਜਗਤ ਵਿਚੋਂ ਕੁਝ ਪ੍ਰਮਾਣ ਆਪ ਜੀ ਨੇ ਲਏ - 1. ਚੰਦਨ ਦਾ ਬ੍ਰਿਛ 2. ਕਿਸ਼ਤੀ ਦਾ 3. ਪ੍ਰਿਥਵੀ ਦਾ 4. ਅਕਾਸ਼ ਦਾ 5. ਸੂਰਜ ਦਾ 6. ਹਵਾ ਦਾ ਅਤੇ 7. ਅੱਗ ਦਾ। ਇਨ੍ਹਾਂ ਸੱਤਾਂ ਦ੍ਰਿਸ਼ਟਾਂਤਾਂ ਰਾਹੀਂ ਸੰਤਾਂ ਦੀ ਰੀਤਿ ਬਾਰੇ ਫੁਰਮਾਨ ਕੀਤਾ ਹੈ। ਪਹਿਲਾਂ ਕਿਹਾ ਕਿ ਕਿਸੇ ਨੇ ਚੰਦਨ ਦੇ ਬ੍ਰਿਛ ਨੂੰ ਜਾਂ ਕਿਸੇ ਹੋਰ ਲੱਕੜੀ ਦੇ ਬ੍ਰਿਛ ਨੂੰ ਤਿੱਖੇ ਸ਼ਸ਼ਤਰ ਜਾਂ ਕੁਹਾੜੇ ਆਦਿਕ ਨਾਲ ਕੱਟ ਸੁੱਟਿਆ ਪਰ ਉਸ ਬ੍ਰਿਛ ਨੇ ਆਪਣੇ ਮਨ ਵਿਚ ਕੋਈ ਗੁੱਸਾ ਨਹੀਂ ਕੀਤਾ। ਸਗੋਂ ਉਸ ਕੱਟਣ ਵਾਲੇ ਦੇ ਕਾਰਜ ਨੂੰ ਲੈ ਕੇ ਸਵਾਰਨ ਦਾ ਜਤਨ ਕੀਤਾ ਤੇ ਤਿਲ ਮਾਤਰ ਵੀ ਦੋਸ਼ ਨਹੀਂ ਦਿਤਾ। ਹੇ ਭਾਈ ਤੂੰ ਸੰਤਾਂ ਦੀ ਰੀਤਿ ਸੁਣਨਾ ਕਰ। ਚੰਦਨ ਦੇ ਬ੍ਰਿਛ ਵਾਂਗ ਜੋ ਮਹਾਤਮਾ ਹਨ ਇਨ੍ਹਾਂ ਨੂੰ ਕੌੜੇ ਬਚਨ ਨਿਰਾਦਰ ਦੇ ਕੀਤੇ ਜਾਂ ਨਿੰਦਿਆ ਕੀਤੀ ਅਤੇ ਸੰਤਾਂ ਦੀ ਹੋ ਰਹੀ ਪ੍ਰਭਤਾ ਦੀ ਈਰਖਾ ਕਰਦਿਆਂ ਬੇਮਤਲਬੇ ਦੋਸ਼ ਅਰੋਪਣ ਲਗਾਏ ਅਤੇ ਉਨ੍ਹਾਂ ਦੀ ਪ੍ਰਭਤਾ ਨੂੰ ਮਿੱਟੀ ਵਿਚ ਮਿਲਾਉਣ ਦਾ ਜਤਨ ਕੀਤਾ ਪਰ ਸੰਤਾਂ ਨੇ ਆਪਣੇ ਮਨ ਵਿਚ ਕੋਈ ਗੁੱਸਾ ਨਹੀਂ ਕੀਤਾ। ਆਪਣੇ ਮਨ ਵਿਚ ਇਹੋ ਸ਼ੁਭ ਇੱਛਾ ਰਖੀ ਕਿ ਇਸ ਭਟਕੇ ਜੀਵ ਦਾ ਵੀ ਭਲਾ ਕੀਤਾ ਜਾਵੇ ਤੇ ਅਜਿਹੇ ਦੁਸ਼ਟ ਪੁਰਸ਼ ਨੂੰ ਨਾ ਹੀ ਕੋਈ ਸਰਾਪ ਦਿਤਾ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਬੁਰੀ ਚਿਤਵਨੀ ਉਸ ਬਾਰੇ ਚਿਤਵੀ। ਇਸ ਦੇ ਵਿਪਰੀਤ ਉਸਦੇ ਭਲੇ ਲਈ ਅਰਦਾਸ ਕਰਦੇ ਹਨ -

*ਨਾਨਕ ਨਾਮ ਚੜ੍ਹਦੀ ਕਲਾ।*
*ਤੇਰੇ ਭਾਣੇ ਸਰਬੱਤ ਕਾ ਭਲਾ।*

ਬਾਣੀ ਦਾ ਫੁਰਮਾਨ ਹੈ –

*ਸਸਤ੍ਰਿ ਤੀਖਣਿ ਕਾਟਿ ਡਾਰਿਓ*
*ਮਨਿ ਨ ਕੀਨੋ ਰੋਸੁ।।*
*ਕਾਜੁ ਉਆ ਕੋ ਲੇ ਸਵਾਰਿਓ*
*ਤਿਲੁ ਨ ਦੀਨੋ ਦੋਸੁ।।*
*ਮਨ ਮੇਰੇ ਰਾਮ ਰਉ ਨਿਤ ਨੀਤਿ।।*
*ਦਇਆਲ ਦੇਵ ਕ੍ਰਿਪਾਲ ਗੋਬਿੰਦ*
*ਸੁਨਿ ਸੰਤਨਾ ਕੀ ਰੀਤਿ।।*

*ਅੰਗ – ੧੦੧੭*

ਦੂਸਰਾ ਦ੍ਰਿਸ਼ਟਾਂਤ ਆਪ ਨੇ ਕਿਸ਼ਤੀ ਦਾ ਦਿਤਾ ਕਿ ਜਿਵੇਂ ਕਿਸੇ ਸਾਗਰ ਤੋਂ ਪਾਰ ਲੰਘਣਾ ਹੈ ਅਤੇ ਉਹ ਦੂਰ ਤੋਂ ਪੈਦਲ ਚਲ ਕੇ ਆਇਆ ਤਾਂ ਸਰੀਰ ਥਕੇਵੇਂ ਨਾਲ ਚੂਰ-ਚੂਰ ਹੋਇਆ-ਹੋਇਆ ਸੀ ਪਰ ਜਦੋਂ ਉਹ ਨਉਕਾ ਵਿਚ ਚੜ੍ਹ ਕੇ ਉਸਦੇ ਉਪਰ ਪੈਰ ਰੱਖ ਕੇ ਬੈਠ ਗਿਆ ਤਾਂ ਉਸਦਾ ਥਕੇਵਾਂ ਦੂਰ ਹੋ ਗਿਆ ਅਤੇ ਉਸੇ ਨਉਕਾ ਉਪਰ ਬੈਠ ਕੇ ਵੱਡੇ ਸਾਗਰ ਨੂੰ ਪਾਰ ਹੋਣ ਦਾ ਦੁਖ ਨਾ ਵਿਆਪਿਆ ਅਤੇ ਸਹਿਜੇ ਹੀ ਸਮੁੰਦਰ ਤੋਂ ਪਾਰ ਹੋ ਗਿਆ। ਇਸਦਾ ਦਾ – ਦ੍ਰਿਸ਼ਟਾਂਤ ਇਹ ਹੈ ਕਿ ਜਦੋਂ ਸੰਤਾਂ ਦੀ ਸੰਗਤ ਰੂਪ ਨਉਕਾ ਵਿਚ ਕੋਈ ਆ ਕੇ ਬੈਠ ਗਿਆ ਤਾਂ ਜੋ ਸਰੀਰ ਵਿਚ ਜਨਮ-ਮਰਣ ਦਾ ਸੰਕਟ ਸੀ ਅਤੇ ਕਰੋੜਾਂ ਜਨਮਾਂ ਵਿਚ ਵੱਖਰੀਆਂ-ਵੱਖਰੀਆਂ ਦੇਹਾਂ ਧਾਰਨ ਦਾ ਦੁਖ ਸੀ, ਜਿਵੇਂ ਕਿ-

*ਕਈ ਜਨਮ ਭਏ ਕੀਟ ਪਤੰਗਾ।।*
*ਕਈ ਜਨਮ ਗਜ ਮੀਨ ਕੁਰੰਗਾ।।*
*ਕਈ ਜਨਮ ਪੰਖੀ ਸਰਪ ਹੋਇਓ।।*
*ਕਈ ਜਨਮ ਹੈਵਰ ਬ੍ਰਿਖ ਜੋਇਓ।।*

*ਅੰਗ – ੧੭੬*

ਉਹ ਸੰਤਾਂ ਦੇ ਸ਼ੁਧ ਉਪਦੇਸ਼ ਸੁਣਨ ਨਾਲ ਅਤੇ ਉਨ੍ਹਾਂ ਉਪਦੇਸ਼ਾਂ ਦੀ ਕਮਾਈ ਕਰਨ ਨਾਲ ਕਰਮ, ਉਪਾਸ਼ਨਾ, ਗਿਆਨ ਰਾਹੀਂ ਮਲ, ਵਿਖਸ਼ੇਪਤਾ ਅਤੇ ਅਗਿਆਨ ਦਾ ਪੜਦਾ ਦੂਰ ਹੋ ਗਿਆ ਤਾਂ ਉਹ ਸਮੁੰਦਰ ਤੋਂ ਸੰਤਾਂ ਦੀ ਕ੍ਰਿਪਾ ਨਾਲ ਬਚਨ ਦੀ ਕਮਾਈ ਕਰਕੇ ਪਾਰ ਹੋ ਗਿਆ ਅਤੇ ਸਾਰੇ ਦੁਖਾਂ ਤੋਂ ਆਪਣੇ ਆਪ ਨੂੰ ਬਰੀ ਕਰ ਲਿਆ ਗਿਆ।

*ਸੰਤਹੁ ਸਾਗਰੁ ਪਾਰਿ ਉਤਰੀਐ।।*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ।।*

*ਅੰਗ – ੭੪੭*

*ਚਰਣ ਤਲੈ ਉਗਾਹਿ ਬੈਸਿਓ*
*ਸ੍ਰਮੁ ਨ ਰਹਿਓ ਸਰੀਰਿ।।*
*ਮਹਾ ਸਾਗਰੁ ਨਹ ਵਿਆਪੈ*
*ਖਿਨਹਿ ਉਤਰਿਓ ਤੀਰਿ।। ਅੰਗ – ੧੦੧੭*

ਹੁਣ ਤੀਸਰਾ ਦ੍ਰਿਸ਼ਟਾਂਤ ਪ੍ਰਿਥਵੀ ਦਾ ਦੇ ਕੇ ਦਸਦੇ ਹਨ ਕਿ-

*ਚੰਦਨ ਅਗਰ ਕਪੂਰ ਲੇਪਨ*
*ਤਿਸੁ ਸੰਗੇ ਨਹੀ ਪ੍ਰੀਤਿ।।*
*ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ*
*ਮਨਿ ਨ ਮਨੀ ਬਿਪਰੀਤਿ।।*

*ਅੰਗ – ੧੦੧੭*

ਆਪ ਨੇ ਇਸ ਦ੍ਰਿਸ਼ਟਾਂਤ ਰਾਹੀਂ ਦੱਸਿਆ ਕਿ ਕੋਈ ਪੁਰਸ਼ ਪ੍ਰਿਥਵੀ ਤੇ ਮੂਤ੍ਰ ਕਰਦਾ ਹੈ, ਕੋਈ ਤਿਲ-ਤਿਲ ਕਰਕੇ ਖੋਦਦਾ ਹੈ ਪਰ ਪ੍ਰਿਥਵੀ ਉਸਦੀ ਅਵੱਗਿਆ ਜਾਣ ਕੇ ਮਨ ਵਿਚ ਉਲਟੀ ਸਿੱਧੀ ਗੱਲ ਨਹੀਂ ਸੋਚਦੀ ਬਲਕਿ ਉਸਦਾ ਭਲਾ ਹੀ ਕਰਦੀ ਹੈ। ਮਕਾਨ ਬਣਾਏ ਜਾਂਦੇ ਹਨ, ਖਾਣ ਪੀਣ ਵਾਸਤੇ ਅਨੇਕ ਕਿਸਮ ਦੇ ਅਨਾਜ ਪੈਦਾ ਕੀਤੇ ਜਾਂਦੇ ਹਨ, ਫਲਾਂ ਦੇ ਅਨੇਕ ਦਰਖਤ, ਅਨੇਕਾਂ ਤਰ੍ਹਾਂ ਦੇ ਫਲ ਦਿੰਦੇ ਹਨ। ਸ਼ਹਿਦ ਦੀਆਂ ਮੱਖੀਆਂ ਅੰਮ੍ਰਿਤ ਵਰਗਾ ਸ਼ਹਿਦ ਪ੍ਰਿਥਵੀ ਉਤੇ ਲੱਗੇ ਫੁੱਲਾਂ ਤੋਂ ਬਣਾਉਂਦੀਆਂ ਹਨ। ਆਦਮੀ ਪ੍ਰਿਥਵੀ ਤੇ ਤੁਰਦਾ ਹੈ ਤੇ ਜੀਵਨ ਨਿਰਬਾਹ ਕਰਦਾ ਹੈ। ਥਾਂ-ਥਾਂ ਤੇ ਟਿਊਬਵੈਲ ਲਾ ਕੇ ਧਰਤੀ ਦਾ ਪੇਟ ਪਾੜਿਆ ਪਰ ਧਰਤੀ ਆਪਣੇ ਪੇਟ ਵਿਚ ਸਾਂਭ ਰੱਖਿਆ ਨਿਰਮਲ ਜਲ, ਫਸਲਾਂ ਤੇ ਪੀਣ ਲਈ ਦਿੰਦੀ ਹੈ ਅਤੇ ਕਿਸੇ ਗੱਲੋਂ ਵੀ ਉਲਟੀ ਬਿਰਤੀ ਨਹੀਂ ਕਰਦੀ। ਇਸੇ ਤਰ੍ਹਾਂ ਹੇ ਭਾਈ! ਤੂੰ ਸੰਤਾਂ ਦੀ ਰੀਤਿ ਸੁਣ। ਚਾਹੇ ਕੋਈ ਬਾਵਨ ਚੰਦਨ ਤੇ ਕਪੂਰ ਆਦਿਕਾਂ ਦਾ ਲੇਪ ਭਾਵ ਸੰਤਾਂ ਦੀ ਉਸਤਤੀ ਰੂਪੀ ਬਚਨ ਉਚਾਰਦਾ ਹੈ ਪਰ ਉਸ ਗੁਰਮੁਖ ਨਾਲ ਉਸਦੇ ਬਚਨ ਸੁਣਕੇ ਸੰਤਾਂ ਦੀ ਵਿਸ਼ੇਸ਼ ਪ੍ਰੀਤੀ ਨਹੀਂ ਹੁੰਦੀ ਅਤੇ ਦੂਸਰੇ ਪਾਸੇ ਵਿਸ਼ਟਾ ਅਤੇ ਮੂਤ੍ਰ ਰੂਪ ਕੋਈ ਦੁਸ਼ਟ ਆਤਮਾ ਨਿੰਦਿਆ, ਈਰਖਾ ਅਤੇ ਨੁਕਸਾਨ ਪਹੁੰਚਾਉਣ ਦੀਆਂ ਗੋਂਦਾਂ ਗੁੰਦਦਾ ਹੈ। ਥੋੜੀ-ਥੋੜੀ ਗੱਲ ਵਿਚ ਸੰਤਾਂ ਦੇ ਉਤੇ ਮਨੋਕਲਪਿਤ ਦੋਸ਼ ਅਰੋਪਦਾ ਹੈ ਵਾਹਿਗੁਰੂ ਦੇ ਪਿਆਰੇ ਉਸ ਨਿੰਦਕ ਦੇ ਹਿਰਦੇ ਬੇਧਕ, ਜ਼ਹਿਰ ਭਰੇ ਹੋਏ ਬਚਨ, ਜੋ ਮਨਮੁਖ, ਨਿੰਦਕ ਦੇ ਹਿਰਦੇ ਵਿਚ ਨਿਵਾਸ ਰਖਦੇ ਹਨ ਉਨ੍ਹਾਂ ਨੂੰ ਸੁਣ ਕੇ ਆਪਣੇ ਮਨ ਨੂੰ ਅਸ਼ਾਂਤ ਨਹੀਂ ਕਰਦਾ ਅਤੇ ਨਾ ਹੀ ਉਸਦੇ ਬੁਰੇ ਵਾਸਤੇ ਚਿਤਵਨੀ ਕਰਦੇ ਹਨ। ਸਗੋਂ ਜੇ ਉਹ ਸੰਤਾਂ ਦੀ ਸੰਗਤ ਵਿਚ ਆ ਜਾਵੇ ਤਾਂ ਉਸਦਾ

ਭਲਾ ਹੀ ਕਰਦੇ ਹਨ।

***ਖੋਦ ਖਾਦ ਧਰਤੀ ਸਹੈ
ਕਾਟ ਕੂਟ ਬਨਰਾਇ।।
ਬੋਲ ਕਬੋਲ ਸਾਧੂ ਸਹੈ
ਅਉਰ ਪਹਿ ਸਹਿਆ ਨ ਜਾਇ।।***

ਇਹ ਸੰਤਾਂ ਦੀ ਜੀਵਨ ਮਰਯਾਦਾ ਹੈ ਜਿਸ ਅਨੁਸਾਰ ਨਿੰਦਕ, ਬੇਮੁਖ, ਸੰਤਾਂ ਨਾਲ ਅਕਾਰਣ ਵੈਰ ਕਰ ਲੈਂਦੇ ਹਨ। ਇਨ੍ਹਾਂ ਨੂੰ ਦਰਸ਼ਨ ਮਾਤਰ ਦਾ ਵੀ ਫਲ ਪ੍ਰਾਪਤ ਹੋ ਜਾਂਦਾ ਹੈ।

ਗੁਰ ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਅਕਬਰ ਗੁਰੂ ਅਮਰਦਾਸ ਜੀ ਦੇ ਸ਼ਰਧਾ ਭਾਵਨਾ ਨਾਲ ਦਰਸ਼ਨ ਕਰਨ ਆਇਆ ਅਤੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ। ਉਸ ਵੇਲੇ ਉਸਦਾ ਛੋਟਾ ਭਾਈ ਕਾਸਮ ਬੇਗ ਉਸਦੇ ਨਾਲ ਹੀ ਆਇਆ ਸੀ ਪਰ ਉਸ ਸਮੇਂ ਉਸ ਨੇ ਗੁਰੂ ਮਹਾਰਾਜ ਜੀ ਦੀ ਮਹਿਮਾ ਨਾ ਜਾਣਦੇ ਹੋਏ ਉਨ੍ਹਾਂ ਨੂੰ ਇਕ ਮਨੁੱਖ ਦੇ ਰੂਪ ਵਿਚ ਹੀ ਦੇਖਿਆ ਅਤੇ ਅਕਬਰ ਦੀ ਨਿਮਰਤਾ ਤੇ ਸ਼ਰਧਾ ਤੇ ਭਾਰੀ ਤਰਕ ਕੀਤੀ, ਤੇ ਨਿੰਦਿਆ ਵੀ ਕੀਤੀ। ਐਸਾ ਹੋਇਆ ਕਿ ਰਾਤ ਨੂੰ ਖਾਣਾ ਖਾਣ ਸਮੇਂ ਉਸਦੇ ਗਲ ਵਿਚ ਇਕ ਹੱਡੀ ਫਸ ਗਈ ਜਿਸ ਕਾਰਨ ਉਸ ਦੀ ਮ੍ਰਿਤੂ ਹੋ ਗਈ ਅਤੇ ਉਹ ਈਰਖਾਲੂ ਸੁਭਾਅ ਦੇ ਮੁਤਾਬਿਕ ਨਖਿੱਧ ਜੂਨੀਆਂ ਵਿਚ ਚਲਿਆ ਗਿਆ। ਸਮਾਂ ਬੀਤਦਾ ਗਿਆ ਗੁਰੂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਜਹਾਂਗੀਰ ਦੇ ਨਾਲ ਇਕ ਬਹੁਤ ਭਿਆਨਕ ਸ਼ੇਰ ਦੇ ਸ਼ਿਕਾਰ ਲਈ ਗਏ। ਉਸ ਸ਼ੇਰ ਦੀ ਭਿਆਨਕਤਾ ਨੂੰ ਅਨੁਭਵ ਕਰਕੇ ਘੋੜੇ ਲਿੱਦ ਕਰਨ ਲਗ ਗਏ ਅਤੇ ਹਾਥੀ ਡਰ ਗਏ ਤੇ ਚਿੰਗਾੜਾਂ ਮਾਰਨ ਲਗ ਗਏ ਅਤੇ ਪੈਰ ਪਿਛੇ ਨੂੰ ਹਟਾ ਰਹੇ ਨੇ। ਕੋਈ ਵੀ ਸੂਰਮਾਂ ਉਸ ਸ਼ੇਰ ਨਾਲ ਮੁਕਾਬਲਾ ਕਰਨ ਦਾ ਹੌਂਸਲਾ ਨਹੀਂ ਧਾਰਦਾ। ਉਸ ਵੇਲੇ ਗੁਰੂ ਛੇਵੇਂ ਪਾਤਸ਼ਾਹ ਜੀ ਨੇ ਸ੍ਰੀ ਸਾਹਿਬ ਨਾਲ ਸ਼ੇਰ ਦਾ ਮੁਕਾਬਲਾ ਕੀਤਾ ਅਤੇ ਉਸ ਨੂੰ ਮਾਰ ਲਿਆ। ਜਹਾਂਗੀਰ ਨੇ ਇਕ ਪ੍ਰਕਾਸ਼ ਦੇ ਰੂਪ ਵਿਚ ਉਸਦੀ ਰੂਹ ਤੱਕੀ, ਤੇ ਪੁੱਛਣ ਤੇ ਗੁਰੂ ਮਹਾਰਾਜ ਜੀ ਨੇ ਦੱਸਿਆ ਕਿ ਇਹ ਤੇਰਾ ਚਾਚਾ ਕਾਸਮ ਬੇਗ ਹੈ। ਇਸਨੇ ਗੁਰੂ ਤੀਜੇ ਪਾਤਸ਼ਾਹ ਦੀ ਨਿੰਦਿਆ ਕੀਤੀ ਸੀ ਅਤੇ ਆਪਣੀ ਫੌਜ ਵਿਚ ਬਹੁਤ ਹੀ ਈਰਖਾਲੂ ਬਚਨ ਕੀਤੇ ਸੀ। ਜਿਸਦੇ ਫਲਸਰੂਪ ਇਹਨੂੰ ਜੂਨੀਆਂ ਵਿਚ ਘੁੰਮਣਾ ਪਿਆ ਪਰ ਗੁਰੂ ਮਹਾਰਾਜ ਦੇ ਦਰਸ਼ਨਾਂ ਦਾ ਫਲ ਅਜੇ ਬਾਕੀ ਸੀ। (ਗੁਰੂ ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਦਾ ਫਲ ਵੀ ਹੁਣੇ ਹੀ ਮਿਲਣਾ ਸੀ) ਸੋ ਇਸ ਫਲ ਵਜੋਂ ਗੁਰੂ ਛੇਵੇਂ ਪਾਤਸ਼ਾਹ ਜੀ ਦੇ ਪਵਿੱਤਰ ਹਸਤ ਕਮਲਾਂ ਰਾਹੀਂ ਬੱਧ ਹੋਣਾ ਸੀ। ਇਹ ਨਰਕਾਂ ਵਿਚ ਜਾਣ ਤੋਂ ਬਚ ਗਿਆ। ਇਸੇ ਤਰ੍ਹਾਂ ਨਾਲ ਸੰਤਾਂ ਦਾ ਵਰਤਾਰਾ ਸੰਸਾਰ ਨਾਲ ਹੋਇਆ ਕਰਦਾ ਹੈ।

ਚੌਥੇ ਦ੍ਰਿਸ਼ਟਾਂਤ ਵਿਚ ਗੁਰੂ ਮਹਾਰਾਜ ਜੀ ਅਕਾਸ਼ ਦਾ ਜ਼ਿਕਰ ਕਰਦੇ ਹਨ –

***ਊਚ ਨੀਚ ਬਿਕਾਰ ਸੁਕ੍ਰਿਤ
ਸੰਲਗਨ ਸਭ ਸੁਖ ਛਤ੍ਰ।।
ਮਿਤ੍ਰ ਸਤ੍ਰ ਨ ਕਛੂ ਜਾਨੈ
ਸਰਬ ਜੀਅ ਸਮਤ।।     ਅੰਗ – ੧੦੧੮***

ਹੇ ਭਾਈ! ਸੰਤਾਂ ਦੀ ਮਰਯਾਦਾ ਸੁਣ! ਸੰਤ ਹੰਕਾਰੀਆਂ ਵਿਚ, ਨਿਮਰਤਾ ਵਾਲਿਆਂ ਵਿਚ, ਪਾਪੀਆਂ ਤੇ ਪੁੰਨੀਆਂ ਇਤਿਆਦਿਕ ਸਾਰਿਆਂ ਨਾਲ ਭਲੀ ਪ੍ਰਕਾਰ ਵਰਤਦੇ ਹਨ, ਕਿਸੇ ਨਾਲ ਰਾਗ–ਦ੍ਵੈਸ਼ ਨਹੀਂ ਰਖਦੇ ਨਾ ਹੀ ਕਿਸੇ ਨਾਲ ਸ਼ਤਰੂ ਭਾਵਨਾ ਰੱਖਦੇ ਹਨ, ਇਕ ਸਮਾਨ ਦ੍ਰਿਸ਼ਟੀ ਨਾਲ ਸਾਰਿਆਂ ਨੂੰ ਦੇਖਦੇ ਹਨ। (ਪਰ ਸੰਸਾਰੀ ਲੋਕਾਂ ਦੀ ਸੋਚ ਇਸ ਦੇ ਬਹੁਤ ਵਿਪਰੀਤ ਹੋਣ ਕਰਕੇ ਸੰਤਾਂ ਦੀ ਇਸ ਰਾਗ ਦ੍ਵੈਸ਼ ਰਹਿਤ, ਵੈਰੀ, ਮਿੱਤਰ ਰਹਿਤ ਦੇ ਬਾਰੇ ਮਹਾਨ ਤਰਕ ਕਰਦੇ ਹਨ। ਉਨ੍ਹਾਂ ਦੇ ਜੋ ਸ਼ਤਰੂ ਹਨ ਜਾਂ ਜਿਸਨੂੰ ਉਨ੍ਹਾਂ ਨੇ ਆਪਣੇ ਮਨ ਵਿਚ ਸ਼ਤਰੂਤਾ ਧਾਰ ਕੇ ਵੈਰ ਭਾਵ ਦਾ ਵਰਤਾਵ ਕਰਨ ਦਾ ਇਰਾਦਾ ਬਣਾਇਆ ਹੋਇਆ ਹੈ ਜਿਵੇਂ ਕਿ ਅਜਕਲ **Political** ਪਾਰਟੀਆਂ ਆਪਸ ਵਿਚ ਸ਼ਤਰੂਤਾ ਰਖਦੀਆਂ ਹੋਈਆਂ ਸੰਤਾਂ ਤੋਂ ਵੀ ਇਹ ਭਾਲਦੇ ਹਨ ਕਿ ਉਹ ਸਾਡੇ ਹਿਤ ਦੀ ਹੀ ਗੱਲ ਕਰਨ ਅਤੇ ਅਸਾਡੇ ਵਿਪਰੀਤ ਰਾਜਸੀ ਪਾਰਟੀ ਦੇ ਕਿਸੇ ਬੰਦੇ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਆਪਣੇ ਕੀਰਤਨ ਸਮਾਗਮਾਂ ਵਿਚ ਨਾ ਆਉਣ ਦੇਣ। ਜੇ ਕੋਈ ਆ ਜਾਵੇ ਤਾਂ ਸੰਤਾਂ ਦੀ ਨਿੰਦਿਆ ਕਰਦੇ ਹਨ ਕਿ ਉਹ ਤਾਂ ਫਲਾਣੀ ਪਾਰਟੀ ਨਾਲ ਮਿਲ ਗਿਆ ਹੈ। ਇਨ੍ਹਾਂ ਮੂਰਖਾਂ ਨੂੰ ਸੰਤਾਂ ਦੇ ਸੁਭਾਅ ਦਾ ਨਾ ਪਤਾ ਹੋਣ ਕਰਕੇ ਅਤੇ ਬਾਣੀ ਦੇ ਉਚ ਆਦੇਸ਼ਾਂ ਦੀ ਸੂਝ ਨਾ ਹੋਣ ਕਰਕੇ ਅਜਿਹਾ ਅੰਧਕਾਰ ਮਨ ਨੂੰ ਘੇਰਦਾ ਹੈ।) ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰਦੇ ਹਨ–

***ਜਬ ਧਾਰੈ ਕੋਊ ਬੈਰੀ ਮੀਤੁ।।
ਤਬ ਲਗੁ ਨਿਹਚਲੁ ਨਾਹੀ ਚੀਤੁ।।
ਜਬ ਲਗੁ ਮੋਹ ਮਗਨ ਸੰਗਿ ਮਾਇ।।
ਤਬ ਲਗੁ ਧਰਮਰਾਇ ਦੇਇ ਸਜਾਇ।।
ਅੰਗ – ੨੭੮***

'ਚਲਦਾ.............।

# ਸਤਿਕਾਰਯੋਗ (ਬੀਜੀ) ਮਾਤਾ ਰਣਜੀਤ ਕੌਰ ਜੀ - ਨੂਰਾਨੀ ਜੀਵਨ 8 ਅਗਸਤ - ਆਗਮਨ ਦਿਵਸ ਨੂੰ ਸਮਰਪਿਤ)

*ਸੰਤ ਬਾਬਾ ਲਖਬੀਰ ਸਿੰਘ ਜੀ*
*ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ*

ਗੁਰੂ ਪਿਆਰੀ ਸਾਧਸੰਗਤ ਜੀਓ! ਆਓ, ਸਭ ਮਾਈ ਭਾਈ ਫਤਹਿ ਦਾ ਸਿਮਰਨ ਕਰੀਏ -

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

ਅੱਜ ਸਾਰੀਆਂ ਸੰਗਤਾਂ ਇਸ ਪਾਵਨ ਅਸਥਾਨ ਰਤਵਾੜਾ ਸਾਹਿਬ ਵਿਖੇ ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਸਤਿਕਾਰਯੋਗ ਮਾਤਾ ਜੀ (ਰਣਜੀਤ ਕੌਰ) ਦਾ ਪਵਿੱਤਰ ਜਨਮ ਦਿਹਾੜਾ ਮਨਾ ਰਹੀਆਂ ਹਨ। 11 ਵਜੇ ਤੋਂ ਆਪ ਜੀ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ, ਨਾਮ ਦੀ ਮਹਿਮਾ, ਸਤਿਕਾਰਯੋਗ ਮਾਤਾ ਜੀ ਦੇ ਜੀਵਨ ਬਾਰੇ ਅਮੋਲਕ ਬਚਨ ਬੜੇ ਪਿਆਰ ਨਾਲ ਸਰਵਣ ਕੀਤੇ ਨੇ। ਅੱਜ ਦੇ ਸਮਾਗਮ ਵਿਚ ਜਿਥੇ ਦੂਰ-ਦੁਰਾਡੇ ਤੋਂ ਹਰ ਜਗ੍ਹਾ ਤੋਂ ਅਨੇਕਾਂ ਸੰਗਤਾਂ ਇਸ ਅਸਥਾਨ 'ਤੇ ਪਹੁੰਚੀਆਂ ਨੇ ਉਥੇ ਬਹੁਤ ਸਾਰੇ ਜੱਥੇ, ਮਹਾਂਪੁਰਖ ਅਤੇ ਉਹ ਗੁਰਮੁਖ ਪਿਆਰੇ ਜਿਹੜੇ ਰਾਜਨੀਤੀ ਦੇ ਵਿਚ ਵੀ ਸਮਾਜ ਦੀ ਬੜੀ ਵੱਡੀ ਸੇਵਾ ਕਰ ਰਹੇ ਨੇ, ਉਹਨਾਂ ਨੇ ਵੀ ਹਾਜ਼ਰੀ ਲਵਾਈ ਹੈ। ਇਹ ਸਭ ਪਿਆਰ ਹੈ, ਖਿੱਚ ਹੈ ਮਾਤਾ ਜੀ ਦੇ ਪਿਆਰ ਦੀ ਤੇ ਉਨ੍ਹਾਂ ਦੀ ਕਮਾਈ ਦੀ। ਕੁਛ ਵਿਚਾਰ ਸ਼ੁਰੂ ਕਰਨ ਤੋਂ ਪਹਿਲਾਂ, ਆਓ ਆਪਾਂ ਪਹਿਲਾਂ ਮਾਤਾ ਜੀ ਦੇ ਮਾਤਾ ਜੀ, ਜਿਨ੍ਹਾਂ ਦਾ ਨਾਮ ਸੀ ਸਤਿਕਾਰਯੋਗ ਮਾਤਾ ਹਰਨਾਮ ਕੌਰ ਜੀ। ਆਪ ਜੀ ਦੇ ਪਿਤਾ ਸੰਤ ਬਾਬਾ ਹੀਰਾ ਸਿੰਘ ਜੀ, ਦਾਉਦਪੁਰ ਵਾਲੇ। ਆਪਾਂ ਉਹਨਾਂ ਨੂੰ ਸੀਸ ਝੁਕਾਈਏ ਅਤੇ ਮਾਤਾ ਹਰਨਾਮ ਕੌਰ ਜੀ ਨੂੰ ਵੀ ਆਪਾਂ ਧੰਨ ਆਖੀਏ ਕਿਉਂਕਿ ਜੋ ਮਹਾਂਪੁਰਸ਼ ਹੁੰਦੇ ਨੇ, ਸੰਤ ਹੁੰਦੇ ਨੇ, ਉਹ ਸਰੀਰ ਨਹੀਂ ਹੁੰਦੇ। ਚਾਹੇ ਸਰੀਰ ਭਾਈ ਦਾ ਹੈ, ਚਾਹੇ ਬੀਬੀ ਦਾ ਹੈ। ਕਈ ਵਾਰ ਅਸੀਂ ਭੁਲੇਖੇ ਵਿਚ ਰਹਿੰਦੇ ਹਾਂ ਪਰ ਸੰਤ ਇਕ ਅਵਸਥਾ ਹੈ। ਜਿਥੇ ਸਾਡੇ ਸੰਤ ਮਹਾਰਾਜ ਜੀ, ਹੋਰ ਮਹਾਂਪੁਰਸ਼ ਬ੍ਰਹਮ ਗਿਆਨੀ, ਉਸੇ ਤਰ੍ਹਾਂ ਹੀ ਸਾਡੇ ਮਾਤਾ ਜੀ, ਜਿਨ੍ਹਾਂ ਦੀ ਕਮਾਈ ਬੇਅੰਤ ਹੈ। ਜਿਨ੍ਹਾਂ ਨੂੰ ਅਸੀਂ ਅਖਬਾਰਾਂ ਵਿਚ, 'ਆਤਮ ਮਾਰਗ' ਮੈਗਜ਼ੀਨ ਵਿਚ ਵੀ ਸੰਤ ਮਾਤਾ ਜੀ ਲਿਖ ਕੇ ਸਤਿਕਾਰ ਕਰਦੇ ਹਾਂ। ਆਓ! ਉਹਨਾਂ ਦੇ ਮਾਤਾ ਜੀ ਨੂੰ ਵੀ ਪਹਿਲਾਂ ਧੰਨ ਆਖੀਏ, ਜਿਸ ਘਰ ਵਿਚ ਉਹਨਾਂ ਦਾ ਜਨਮ ਹੋਇਆ। ਜਿਥੇ ਬ੍ਰਹਮ ਗਿਆਨੀ ਮਹਾਂਪੁਰਸ਼ ਉਹਨਾਂ ਦੇ ਪਿਤਾ ਜੀ ਸਨ, ਆਪ ਜੀ ਦੇ ਪਤੀ ਪ੍ਰਮੇਸ਼ਰ ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਵਾਲੇ ਅਤੇ ਮਾਤਾ ਜੀ ਦੀ ਕਿੰਨੀ ਕਮਾਈ ਹੈ -

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥*
*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥*
*ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥*
*ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ਰਹਾਉ ॥*
*ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥*
*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ੨ ॥*
*ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥*
*ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ ੩ ॥*
*ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥*
*ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥* ਅੰਗ - ੪੮੮

***'ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥'*** ਉਹ ਮਾਤਾ ਧੰਨ ਹੈ। ਕਿਹੜੇ ਮਾਤਾ ਜੀ? ਜਿਨ੍ਹਾਂ ਦੀ ਆਪਾਂ ਅੱਜ ਵਿਚਾਰ ਕਰ ਰਹੇ ਹਾਂ। ਮਾਤਾ ਜੀ ਦੇ ਮਾਤਾ, ਮਾਤਾ ਹਰਨਾਮ ਕੌਰ ਜੀ ਅਤੇ ਪਿਤਾ ਸੰਤ ਬਾਬਾ ਹੀਰਾ ਸਿੰਘ ਜੀ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਰੰਗਲੇ ਸੱਜਣ' ਵਿਚ ਸਤਿਕਾਰਯੋਗ ਸੰਤ ਬਾਬਾ ਹੀਰਾ ਸਿੰਘ ਜੀ ਨੂੰ 'ਸੰਤ' ਲਿਖਿਆ ਹੈ। ਕਿੰਨੀ ਕਮਾਈ ਸੀ ਉਹਨਾਂ ਦੀ ਕਿ ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਵਾਲੇ ਅਜੇ ਆਪ ਜੀ ਧਮੋਟ ਨਗਰ 'ਤੇ ਸਰੀਰ ਕਰਕੇ ਨਹੀਂ ਸੀ ਆਏ। ਨਾ ਮਾਤਾ ਜੀ ਸਰੀਰ ਕਰਕੇ ਸੰਸਾਰ 'ਤੇ ਆਏ ਨੇ। ਦੋਹਾਂ ਦੇ ਆਉਣ ਤੋਂ ਪਹਿਲਾਂ ਹੀ ਸੰਤ ਬਾਬਾ ਹੀਰਾ ਸਿੰਘ ਜੀ ਨੇ ਰਿਸ਼ਤਾ ਕਰ ਦਿਤਾ। ਪਿਆਰੇ ਮਹਾਂਪੁਰਸ਼ਾਂ ਦੇ ਪਿਤਾ ਜਥੇਦਾਰ ਬਾਬਾ ਕਰਤਾਰ ਸਿੰਘ ਜੀ ਨੂੰ ਕਿਹਾ ਕਿ ਤੁਹਾਡੇ ਘਰ ਜਿਹੜਾ ਹੁਣ ਇਕ ਬਹੁਤ ਬੰਦਗੀ ਵਾਲਾ ਬਾਲਕ ਆਉਣਾ ਹੈ, ਉਹ ਆਤਮਾ/ਰੂਹ ਐਸੀ ਹੈ ਜਿਹਨੇ

ਕਿੰਨਿਆਂ ਨੂੰ ਤਾਰਨਾ ਹੈ, ਕੋਈ ਗਿਣਤੀ ਨਹੀਂ ਤੇ ਸਾਡੇ ਘਰ ਜਿਹੜੀ ਧੀ ਆਏਗੀ ਉਹਨਾਂ ਦਾ ਦਰਗਾਹ ਤੋਂ ਸੰਜੋਗ ਹੈ। ਰਿਸ਼ਤਾ ਪਹਿਲਾਂ ਕਰ ਦਿਤਾ। ਐਸੀ ਬੰਦਗੀ ਵਾਲੇ ਸਨ ਉਹ। ਮਾਤਾ ਹਰਨਾਮ ਕੌਰ ਜੀ, ਜਿਨ੍ਹਾਂ ਦਾ ਦਿਲ ਕਿੰਨਾਂ ਹੀ ਨਰਮ ਸੀ, ਉਹਨਾਂ ਦਾ ਅਸਰ ਵੀ ਸਤਿਕਾਰਯੋਗ ਬੀਜੀ ਉਤੇ ਕਿੰਨਾਂ ਸੀ।

ਮਾਤਾ ਜੀ ਹਰਨਾਮ ਕੌਰ ਜੀ ਇਕ ਦਿਨ ਬਜ਼ਾਰ ਵਿਚ ਗਏ। ਜੋੜਾ ਖਰੀਦਿਆ। ਜਿਹੜੇ ਪੈਸੇ ਉਸ ਨੇ ਮੰਗੇ, ਦੇ ਦਿਤੇ। ਵੈਸੇ ਕਈ ਬੀਬੀਆਂ ਦਾ ਸੁਭਾਅ ਹੁੰਦੈ, ਜੇ 500 ਰੁਪਏ ਮੀਟਰ ਵਾਲਾ ਕੱਪੜਾ ਹੈ, ਕੱਪੜੇ ਵਾਲਾ ਜੇ 300 ਵੀ ਕਹਿ ਦੇਵੇ, ਤਾਂ ਵੀ ਰੇਟ ਪੱਖੋਂ ਸੰਤੁਸ਼ਟ ਨਹੀਂ ਹੁੰਦੀਆਂ।

ਪਰ ਮਾਤਾ ਹਰਨਾਮ ਕੌਰ ਜੀ ਦਾ ਸੁਭਾਅ ਵੱਖਰਾ ਸੀ। ਜਦੋਂ ਕੋਈ ਚੀਜ਼ ਖਰੀਦਦੇ ਸੀ। ਜਿੰਨੇ ਪੈਸੇ ਦੁਕਾਨਦਾਰ ਨੇ ਮੰਗੇ ਓਨੇ ਹੀ ਦੇ ਦਿੰਦੇ ਸੀ।

ਇਕ ਜੁੱਤੀ ਖਰੀਦੀ ਆਪ ਨੇ, ਜਿੰਨੇ ਪੈਸੇ ਉਹਨੇ ਮੰਗੇ, ਓਨੇ ਹੀ ਦੇ ਦਿਤੇ। ਘਰ ਆ ਰਹੇ ਨੇ, ਕੁਛ ਮੀਲ ਦੂਰ ਆ ਗਏ, ਓਥੇ ਹੀ ਨਹੀਂ, ਕੁੱਛ ਮੀਲ। ਵਿਚਾਰ ਆਈ ਕਿ ਇਹ ਜੁੱਤੀ ਬੜੀ ਚੰਗੀ ਹੈ। ਉਹਨੇ ਪੈਸੇ ਬੜੇ ਥੋੜ੍ਹੇ ਲਏ ਨੇ, ਉਹਨੂੰ ਕੀ ਬਚਿਆ ਹੋਏਗਾ। ਓਥੋਂ ਹੀ ਵਾਪਸ ਫੇਰ ਚਲੇ ਗਏ, ਉਸ ਨੂੰ ਪੈਸੇ ਹੋਰ ਦਿਤੇ ਕਿ ਤੂੰ ਹੋਰ ਪੈਸੇ ਲੈ, ਤੈਨੂੰ ਤਾਂ ਇਸ ਵਿਚੋਂ ਕੋਈ ਬੱਚਤ ਹੀ ਨਹੀਂ ਹੋਈ ਹੋਣੀ। ਕਿੰਨਾਂ ਓਹਨਾਂ ਦਾ ਨਰਮ ਦਿਲ ਸੀ। ਦੂਜਿਆਂ ਵਾਸਤੇ ਕਿੰਨਾਂ ਸੋਚਦੇ ਸਨ ਉਹ। ਉਹ ਅਸਰ ਮਹਾਂਪੁਰਸ਼ ਸੰਤ ਬਾਬਾ ਹੀਰਾ ਸਿੰਘ ਜੀ ਦਾ, ਉਹਨਾਂ ਦੀਆਂ ਅਸੀਸਾਂ, ਉਹਨਾਂ ਦਾ ਪਿਆਰ, ਆਪ ਜੀ ਨੂੰ ਮਿਲਿਆ।

ਮਾਤਾ ਜੀ ਨੇ ਸਾਰਾ ਜੀਵਨ ਸੇਵਾ ਵਿਚ ਲਾਇਆ। ਦਾਸ ਦੇ ਅੰਦਰ ਬੈਠਿਆਂ ਇਕ ਖਿਆਲ ਆਇਆ ਕਿ ਦੁਨੀਆਂ ਵਿਚ ਮਾਵਾਂ ਬੜੀਆਂ ਨੇ। ਆਪਾਂ ਪੜ੍ਹਦੇ ਹਾਂ ਕਿ ਆਹ ਮਾਂ ਪੰਜ ਪੁੱਤਰਾਂ ਦੀ ਮਾਂ ਹੈ। ਬੜੀ ਭਾਗਾਂ ਵਾਲੀ ਹੈ। ਆਹ ਮਾਂ ਸੱਤ ਪੁੱਤਰਾਂ ਦੀ ਮਾਂ ਹੈ। ਇਹਦੀਆਂ ਐਨੀਆਂ ਧੀਆਂ, ਐਨੇ ਪੁੱਤਰ ਨੇ ਬੜੀ ਕਰਮਾਂ ਵਾਲੀ ਮਾਂ ਹੈ। ਪਰ ਅਸੀਂ ਕਹਿੰਦੇ ਹਾਂ ਕਿ ਸਾਡੀ ਮਾਂ, ਲੱਖਾਂ ਧੀਆਂ-ਪੁੱਤਰਾਂ ਦੀ ਮਾਂ ਹੈ। ਉਸ ਮਾਤਾ ਦਾ ਪਵਿੱਤਰ ਜਨਮ ਦਿਹਾੜਾ ਆਪਾਂ ਮਨਾ ਰਹੇ ਹਾਂ।

ਸੰਤ ਮਹਾਰਾਜ ਜੀ ਸਰੀਰ ਕਰਕੇ ਸਾਡੀਆਂ ਇਹਨਾਂ ਅੱਖਾਂ ਤੋਂ ਕੁਝ ਸਮਾਂ ਪਹਿਲਾਂ ਅਲੋਪ ਹੋ ਗਏ ਪਰ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ- ੨੭੩*

ਉਹ ਸਦਾ ਹੀ ਨਾਲ ਨੇ, ਸਦਾ ਹੀ ਅੰਗ-ਸੰਗ ਨੇ। ਜਿਥੇ ਮਹਾਂਪੁਰਸ਼ਾਂ ਦੀ ਤਪਸਿਆ ਹੈ, ਬੰਦਗੀ ਹੈ, ਉਸੇ ਤਰ੍ਹਾਂ ਸਤਿਕਾਰਯੋਗ ਮਾਤਾ ਜੀ ਦੀ ਬੰਦਗੀ ਹੈ। ਸੰਤ ਮਹਾਰਾਜ ਜੀ ਤੇ ਸਤਿਕਾਰਯੋਗ ਮਾਤਾ ਜੀ ਦੀ ਕਮਾਈ ਸਦਕਾ ਇਸ ਅਸਥਾਨ ਦੇ ਜਿੰਨੇ ਅਦਾਰੇ ਚੱਲ ਰਹੇ ਨੇ, ਸੰਗਤਾਂ ਜੁੜ ਰਹੀਆਂ ਨੇ, ਇਹ ਉਹਨਾਂ ਦੀ ਕਮਾਈ ਕਰਕੇ ਹੀ ਹੈ।

ਮਾਤਾ ਜੀ ਜਿਸ ਵੇਲੇ ਘਰ ਵਿਚ ਰਹੇ, ਓਸ ਵੇਲੇ ਮਾਤਾ ਪਿਤਾ ਦੀ ਆਗਿਆ ਮੰਨ ਕੇ ਤੇ ਇਕ ਨੇਕ ਧੀ ਬਣ ਕੇ, ਸੰਸਾਰ ਨੂੰ ਇਕ ਐਸਾ ਸੰਦੇਸ਼ ਦਿਤਾ ਕਿ ਇਕ ਧੀ ਕਿਸ ਤਰ੍ਹਾਂ ਦੀ ਚਾਹੀਦੀ ਹੈ। ਜਦੋਂ ਸੰਤ ਮਹਾਰਾਜ ਜੀ ਦੇ ਜੀਵਨ ਸਾਥੀ ਬਣੇ, ਉਸ ਵੇਲੇ ਸੰਸਾਰ ਨੂੰ ਐਸਾ ਸੰਦੇਸ਼ ਦਿੱਤਾ ਕਿ ਆਪਣੇ ਪਤੀ ਪ੍ਰਮੇਸ਼ਰ ਦੀ ਆਗਿਆ ਵਿਚ ਰਹਿ ਕੇ ਕਿਵੇਂ ਮੋਢੇ ਨਾਲ ਮੋਢਾ ਜੋੜ ਕੇ ਸਾਰਾ ਜੀਵਨ ਸਾਥ ਦੇਣਾ ਹੈ। ਚਾਹੇ ਸਿੰਧ ਦਾ ਸਮਾਂ ਸੀ। ਜੋ ਮਹਾਂਪੁਰਸ਼ਾਂ ਨੇ ਆਪਣੇ ਜੀਵਨ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਹੈ, ਧਰਮ ਦਾ ਪ੍ਰਚਾਰ ਕੀਤੈ, ਉਹਦੇ ਅੰਦਰ ਸਤਿਕਾਰਯੋਗ ਮਾਤਾ ਜੀ ਦਾ ਬਹੁਤ ਵੱਡਾ ਸਾਥ ਹੈ। ਸਿੰਧ ਦੇ ਵਿਚ ਪ੍ਰਚਾਰ ਹੋਇਆ ਤਾਂ ਸਤਿਕਾਰਯੋਗ ਮਾਤਾ ਜੀ ਨਾਲ ਨੇ। ਜੇ ਆਪ ਜੀਆਂ ਨੇ ਸਰਵਿਸ ਕੀਤੀ ਹੈ ਤਾਂ ਉਸ ਵੇਲੇ ਵੀ ਸਾਰਾ ਜੀਵਨ ਸਾਥ ਦਿਤਾ ਹੈ। ਜਿਸ ਵੇਲੇ ਚੰਡੀਗੜ੍ਹ ਆਪ ਜੀ ਸਰਵਿਸ ਕਰਦੇ ਸੀ, ਉਸ ਤੋਂ ਪਹਿਲਾਂ ਪਟਿਆਲੇ ਸਰਵਿਸ ਕਰਦੇ ਸੀ। ਰਾੜਾ ਸਾਹਿਬ ਵਾਲੇ ਸੰਤ ਮਹਾਰਾਜ ਜੀ ਦੇ ਦੀਵਾਨ ਆਪ ਲਵਾਉਂਦੇ। ਪਟਿਆਲੇ ਤੋਂ ਬਾਅਦ ਚੰਡੀਗੜ੍ਹ ਸੈਕਟਰੀਏਟ ਆਪ ਜੀ ਨੇ ਸਰਵਿਸ ਕੀਤੀ। ਓਸ ਵੇਲੇ ਵੀ ਮਾਤਾ ਜੀ ਨੇ ਸਾਰੀਆਂ ਜ਼ਿੰਮੇਵਾਰੀਆਂ ਨਿਭਾਈਆਂ। ਮਾਤਾ ਜੀ ਦੇ ਜ਼ਿੰਮੇਵਾਰੀਆਂ ਨਿਭਾਉਣ ਕਰਕੇ ਹੀ ਮਹਾਂਪੁਰਸ਼ਾਂ ਨੇ ਐਡੀ ਵੱਡੀ ਪੱਧਰ 'ਤੇ ਪ੍ਰਚਾਰ ਕੀਤਾ। ਜਿਥੇ ਅੱਜ ਕੇਵਲ ਇਥੇ ਬੈਠੀਆਂ ਸੰਗਤਾਂ ਨੂੰ ਹੀ ਨਹੀਂ ਬਲਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅੱਜ ਮਿਲ ਰਹੀਆਂ ਨੇ, ਉਥੇ ਮਹਾਂਪੁਰਸ਼ਾਂ ਦਾ ਪਰਿਵਾਰ ਵੀਰ ਮਨਜੀਤ ਸਿੰਘ ਜੀ, ਵੀਰ ਨ੍ਰਿਪਜੀਤ ਸਿੰਘ ਜੀ, ਛੋਟੀ ਭੈਣ

ਰੂਪੀ ਜੀ ਉਹਨਾਂ ਨੂੰ ਵੀ ਲੱਖਾਂ ਵਧਾਈਆਂ ਸਾਰੀਆਂ ਸੰਗਤਾਂ ਦੇ ਰਹੀਆਂ ਹਨ। ਮਾਤਾ ਜੀ ਦੀ ਅਸੀਸ ਤੇ ਅਸ਼ੀਰਵਾਦ ਵਾਸਤੇ ਸਾਰੀਆਂ ਸੰਗਤਾਂ ਅਰਦਾਸਾਂ ਕਰ ਰਹੀਆਂ ਨੇ।

ਚੰਡੀਗੜ੍ਹ ਜਿਸ ਵੇਲੇ ਆਪ ਜੀ ਆਏ, ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲੇ ਦੀਵਾਨ ਲਗਾਇਆ ਕਰਦੇ, ਸਾਰੀ ਸੰਭਾਲ ਆਪ ਜੀਆਂ ਨੇ ਕਰਨੀ। ਰਾਤ ਦਾ ਸਮਾਂ ਬਹੁਤ ਹੋ ਜਾਣਾ, ਦੀਵਾਨ ਤੋਂ ਬਾਅਦ ਸੰਗਤ ਨੂੰ ਸੰਭਾਲਣਾ, ਜਥੇ ਦੀ ਸੇਵਾ ਕਰਨੀ, ਆਪਣੇ ਪਿਆਰੇ ਮਹਾਂਪੁਰਸ਼ ਅਤੇ ਮਾਤਾ ਜੀ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਜਿਸ ਵੇਲੇ ਅੰਮ੍ਰਿਤ ਵੇਲੇ ਉਠਦੇ, ਆਪ ਜੀ ਪੌੜੀ ਦੇ ਰਸਤੇ ਅੱਗੇ ਪੈ ਜਾਂਦੇ ਸੀ। ਕਿਤੇ ਐਸਾ ਨਾ ਹੋਵੇ ਕਿ ਸਾਨੂੰ ਉੱਠਣ ਵਿਚ ਦੇਰ ਹੋ ਜਾਵੇ। ਇਹ ਮਹਾਂਪੁਰਸ਼ ਆਪ ਦਸਿਆ ਕਰਦੇ ਸੀ। ਕਈ ਵਾਰ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਦੇਖਣਾ ਕਿ ਇਹ ਬਹੁਤ ਥੱਕੇ ਨੇ, ਇਹਨਾਂ ਨੂੰ ਤਾਂ ਕੁਛ ਮਿੰਟ ਹੀ ਹੋਏ ਪਿਆਂ ਨੂੰ, ਅਸੀਂ ਸਹਿਜ ਨਾਲ ਅੱਗੇ ਲੰਘ ਜਾਈਏ, ਇਹ ਥੋੜ੍ਹੇ ਮਿੰਟ ਹੋਰ ਆਰਾਮ ਕਰ ਲੈਣ ਪਰ ਜਗ੍ਹਾ ਨਹੀਂ ਸੀ ਛੱਡਦੇ, ਕਿਤੇ ਐਸਾ ਨਾ ਹੋਵੇ ਕਿ ਸੰਤ ਮਹਾਰਾਜ ਜੀ ਕੋਲੋਂ ਦੀ ਲੰਘ ਜਾਣ। ਉਤੋਂ ਦੀ ਲੰਘ ਸਕਦੇ ਸੀ, ਲਾਗੇ ਤੋਂ ਨਹੀਂ ਸੀ ਲੰਘ ਸਕਦੇ। ਆਪ ਜੀ ਨੇ ਉਸੇ ਵੇਲੇ ਉਠ ਪੈਣਾ ਤੇ ਸੇਵਾ 'ਚ ਲਗ ਜਾਣਾ।

ਕਰਜ਼ਾ ਲੈ ਲੈਣਾ, ਕਰਜ਼ਾ ਲੈ ਕੇ ਦੀਵਾਨ ਲਵਾਉਣੇ। ਕੋਲੋਂ ਖਰਚਾ ਕਰਨਾ ਤੇ ਜਦੋਂ ਸਾਲ ਦੇ ਛੇ ਮਹੀਨੇ ਵਿਚ ਸਾਰਾ ਪਿਛਲਾ ਕਰਜ਼ਾ ਲਹਿ ਜਾਣਾ ਤੇ ਫੇਰ ਸੰਤ ਮਹਾਰਾਜ ਜੀ ਨੂੰ ਜਾ ਕੇ ਬੇਨਤੀ ਕਰਨੀ ਕਿ ਸਾਨੂੰ ਫੇਰ ਦੀਵਾਨ ਦੇ ਦਿਓ। ਇਸ ਤਰ੍ਹਾਂ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਮਾਤਾ ਜੀ ਨੇ ਆਪ ਜੀ ਦਾ ਹਰ ਜਗ੍ਹਾ ਸਾਥ ਦਿਤਾ।

ਯੂ.ਪੀ ਦੇ ਵਿਚ ਜਿਸ ਵੇਲੇ ਆਪ ਜੀ ਗਏ, ਇਹ ਕਹਿ ਦੇਈਏ ਕਿ ਭਾਵੇਂ ਸਤਿਕਾਰਯੋਗ ਮਾਤਾ ਜੀ ਦਾ ਸਰੀਰ ਬੀਬੀ ਦਾ ਸਰੀਰ ਹੈ ਪਰ ਸ਼ੇਰਾਂ ਵਾਂਗੂੰ, ਮਰਦਾਂ ਵਾਂਗੂੰ ਰਹੇ। ਉਥੇ ਇਕੱਲੇ ਰਹਿਣਾ ਜੰਗਲਾਂ ਵਿਚ ਕੋਈ ਸੌਖਾ ਨਹੀਂ ਸੀ। ਆਪ ਜੀ ਨੇ ਘਰ-ਘਰ ਜਾ ਕੇ ਮਹਾਂਪੁਰਸ਼ਾਂ ਦੇ ਨਾਲ ਗੁਰਮਤਿ ਦਾ ਪ੍ਰਚਾਰ ਕੀਤਾ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਚਨ ਆਉਂਦਾ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ- ੭੪੯*

ਭਾਵ ਉਹਨਾਂ ਦਾ ਸਾਰਾ ਜੀਵਨ ਹੀ ਪਰਉਪਕਾਰ ਹੈ।

ਕਈ ਵਾਰੀ ਅਸੀਂ ਸੋਚਦੇ ਹਾਂ ਕਿ ਇਹ ਸੰਤ ਸ਼ਬਦ ਜਾਂ ਗੁਰਮੁਖ ਸ਼ਬਦ, ਇਧਰ ਨਹੀਂ ਲਗਦਾ। ਪਿਆਰਿਓ! ਜਿਹੜੇ ਬੰਦਗੀ ਵਾਲੇ ਹਨ, ਗੁਰੂ ਘਰ ਦੇ ਵਿਚ ਦੇਖਿਆ ਜਾਵੇ ਤਾਂ ਇਹ ਸ੍ਰੀ ਗੁਰੂ ਨਾਨਕ ਸਾਹਿਬ ਦਾ ਘਰ ਹੈ, ਜਿਥੇ ਗੁਰੂ ਕੇ ਸੰਤਾਂ, ਮਹਾਂਪੁਰਸ਼ਾਂ, ਸਿੰਘਾਂ ਨੇ ਕਮਾਈ ਕੀਤੀ ਹੈ, ਸੇਵਾ ਤੇ ਸਿਮਰਨ ਕਰਕੇ ਕਿੰਨੀਆਂ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ ਹੈ ਉਥੇ ਗੁਰੂ ਘਰ ਵਿਚ ਉਹ ਸਿੰਘਣੀਆਂ, ਉਹ ਮਾਤਾਵਾਂ, ਉਹ ਬੀਬੀਆਂ ਕਿੰਨੀਆਂ ਹੀ ਹੋਈਆਂ ਨੇ ਜਿਨ੍ਹਾਂ ਨੇ ਸਾਰਾ ਜੀਵਨ ਹੀ ਗੁਰੂ ਸੇਵਾ, ਲੇਖੇ ਵਿਚ ਲਾਇਆ ਹੈ। ਆਪਾਂ ਉਹਨਾਂ ਨੂੰ ਸੀਸ ਝੁਕਾਉਂਦੇ ਹਾਂ, ਨਮਸ਼ਕਾਰ ਕਰਦੇ ਹਾਂ। ਉਹ ਗੁਰਮੁਖ ਸ਼ਬਦ ਜਿਹੜਾ ਹੈ ਉਹ ਸਾਂਝਾ ਸ਼ਬਦ ਹੈ। ਉਹ ਬੰਦਗੀ ਵਾਲੇ ਪਿਆਰਿਓ ਸੰਤ ਨੇ, ਉਹ ਗੁਰਮੁਖ ਨੇ। ਉਹ ਕਾਹਦੇ ਵਾਸਤੇ ਆਏ ਨੇ? ਭਾਈ ਸਾਹਿਬ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ -

*ਧਰਤੀ ਅੰਦਰਿ ਬਿਰਖੁ ਹੋਇ*
*ਪਹਿਲੋਂ ਦੇ ਜੜ ਪੈਰ ਟਿਕਾਈ।*
*ਉਪਰਿ ਝੁਲੈ ਝੱਟੁਲਾ ਠੰਢੀ ਛਾਉਂ ਸੁ ਥਾਉਂ ਸੁਹਾਈ।*
*ਪਵਣੁ ਪਾਣੀ ਪਾਲਾ ਸਹੈ*
*ਸਿਰ ਤਲਵਾਇਆ ਨਿਹਚਲੁ ਜਾਈ।*
*ਫਲੁ ਦੇ ਵੱਟ ਵਗਾਇਆ ਸਿਰਿ ਕਲਵਤੁ ਲੈ ਲੋਹੁ ਤਰਾਈ।*
*ਗੁਰਮੁਖਿ ਜਨਮ ਸਕਾਰਥਾ ਪਰਉਪਕਾਰੀ ਸਹਜਿ ਸੁਭਾਈ।*
*ਮਿਤ੍ਰੁ ਨ ਸਤ੍ਰੁ ਨ ਮੋਹੁ ਧ੍ਰੋਹੁ ਸਮਦਰਸੀ ਗੁਰ ਸਬਦ ਸਮਾਈ।*
*ਸਾਧ ਸੰਗਤਿ ਗੁਰਮਤਿ ਵਡਿਆਈ॥* *ਭਾਈ ਗੁਰਦਾਸ ਜੀ*

ਇਕ ਮਿੱਥ ਕੇ ਪਰਉਪਕਾਰ ਕਰਦੇ ਨੇ ਇਕ ਸਹਿਜ ਸੁਭਾਅ। ਆਪ ਜੀ ਨੇ ਸਵੇਰ ਤੋਂ ਮਾਂ ਸ਼ਬਦ ਬਾਰੇ ਬਹੁਤ ਪਿਆਰ ਦੇ ਸ਼ਬਦ ਸਰਵਣ ਕੀਤੇ ਨੇ। ਐਸੇ ਸ਼ਬਦ ਕਿ ਰੱਬ ਦਾ ਦੂਜਾ ਨਾਮ ਮਾਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਪ੍ਰਮੇਸ਼ਰ-ਵਾਹਿਗੁਰੂ ਦੇ ਬੇਅੰਤ ਨਾਮ ਆਉਂਦੇ ਹਨ। ਉਥੇ ਇਹ ਵੀ ਬਚਨ ਆਉਂਦਾ ਹੈ -

*ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥*
*ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥*
*ਤੂੰ ਮੇਰਾ ਰਾਖਾ ਸਭਨੀ ਥਾਈ*

*ਤਾ ਭਉ ਕੇਹਾ ਕਾੜਾ ਜੀਉ ॥* *ਅੰਗ - ੧੦੩*

ਇਹ ਸ਼ਬਦ ਆਉਂਦੇ ਨੇ ਉਥੇ ਕਿ ਰੱਬ ਦਾ ਪਿਆਰ ਜਿਹੜਾ ਹੈ ਕਹਿੰਦੇ, ਜੇ ਦੇਖਣਾ ਹੋਵੇ ਮਾਂ ਦੇ ਰਾਹੀਂ ਮਿਲਦੈ। 'ਮਾਂ' ਜਿਹੜਾ ਸ਼ਬਦ ਹੈ ਨਾ, ਆਮ ਤੁਸੀਂ ਦੇਖੋ ਜੇ ਕੋਈ ਕਿਸੇ ਬੱਚੇ ਨੂੰ ਘੂਰਦਾ ਹੈ। ਪਿਤਾ ਕਹਿੰਦੈ ਜਾਂ ਕੋਈ ਹੋਰ ਕਹਿੰਦੈ ਤੇ ਬੱਚਾ ਤਾਂ ਵੀ ਮਾਂ ਵਲ ਆਉਂਦਾ ਹੈ। ਜੇ ਕੁਛ ਮਾਂ ਕਹਿੰਦੀ, ਤਾਂ ਵੀ ਬੱਚਾ ਮਾਂ ਵਲ ਆਉਂਦੈ। ਮਾਂ ਦੇ ਅੰਦਰ ਕਿੰਨੀ ਖਿੱਚ ਹੁੰਦੀ ਹੈ, ਕਿੰਨਾਂ ਪਿਆਰ ਹੁੰਦੈ। ਇਕ ਦਿਨ ਇਕ ਪ੍ਰੇਮੀ ਦਸ ਰਿਹਾ ਸੀ, ਕਹਿਣ ਲੱਗਿਆ, ਜਦੋਂ ਪਾਕਿਸਤਾਨ ਬਣਿਆ ਹੈ, ਸਾਡੀ ਭੈਣ ਵਿਛੜ ਗਈ। ਬਹੁਤ ਸਾਰੀਆਂ ਧੀਆਂ-ਭੈਣਾਂ ਰਹਿ ਗਈਆਂ ਸੀ, ਐਸਾ ਸਮਾਂ ਸੀ ਪਾਕਿਸਤਾਨ ਜਦੋਂ ਬਣਿਆ। ਬਹੁਤ ਦੇਰ ਹੋ ਗਈ ਪਰ ਸਾਡੀ ਮਾਤਾ, ਸਾਡੀ ਬੇਬੇ ਧੀ ਨੂੰ ਯਾਦ ਕਰਦੀ ਹੈ। ਸਾਰਿਆਂ ਨੇ ਕਿਹਾ ਕਿ ਹੁਣ ਰਹਿਣ ਦੇ, ਛੱਡ ਦੇ। ਜੇ ਕਿਤੇ ਤੇਰੀ ਧੀ ਜਿਉਂਦੀ ਹੁੰਦੀ, ਐਨੇ ਸਾਲ ਹੋ ਗਏ, ਮਿਲਦੀ ਨਾ? ਉਹ ਖਤਮ ਹੋ ਗਈ ਹੋਣੀ ਹੈ। ਸਾਰੇ ਕਹਿੰਦੇ ਨੇ, ਪਰਿਵਾਰ ਕਹਿੰਦਾ ਹੈ, ਰਿਸ਼ਤੇਦਾਰ ਕਹਿੰਦੇ ਨੇ। ਤੂੰ ਧੀ ਨੂੰ ਕਿਉਂ ਯਾਦ ਰੱਖਦੀ ਹੈਂ? ਛੱਡ ਦੇ।

ਕਹਿੰਦੇ, ਪਰ ਸਾਡੀ ਬੇਬੇ ਕਹਿੰਦੀ, ਨਹੀਂ, ਮੇਰੀ ਧੀ ਜਿਉਂਦੀ ਹੈ।

ਕਹਿੰਦੇ, ਤੈਨੂੰ ਕੀ ਭਰੋਸਾ ਹੈ?

ਕਹਿੰਦੀ, ਜੇ ਮੇਰੀ ਧੀ ਮਰਦੀ ਤਾਂ ਮੇਰੇ ਦਿਲ ਵਿਚ ਚੀਰ ਪੈਣਾ ਸੀ, ਉਹ ਨਹੀਂ ਪਿਆ। ਮੈਨੂੰ ਪਤਾ ਲਗ ਜਾਣਾ ਸੀ। ਸੱਚਮੁੱਚ ਉਹ ਬਜ਼ੁਰਗ ਮਾਤਾ ਤਾਂ ਚੜ੍ਹਾਈ ਕਰ ਗਈ। ਉਹ ਧੀ ਬਾਅਦ ਵਿਚ ਆ ਕੇ ਪਰਿਵਾਰ ਨੂੰ ਮਿਲੀ।

ਕਹਿਣ ਲੱਗੇ, ਸਾਡੀ ਮਾਤਾ ਸੱਚ ਕਹਿੰਦੀ ਸੀ।

ਮਾਂ, ਧੀਆਂ, ਪੁੱਤਰਾਂ ਨਾਲ ਕਿਵੇਂ ਜੁੜੀ ਹੁੰਦੀ ਹੈ, ਧੀ-ਪੁੱਤਰ ਹਜ਼ਾਰਾਂ ਕਿਲੋਮੀਟਰ ਵੀ ਦੂਰ ਬੈਠਾ ਹੋਵੇ। ਜੇ ਕਿਤੇ ਮਾਂ ਦੇ ਪੁੱਤਰ ਨੂੰ ਜਰਾ ਜਿੰਨੀ ਵੀ ਕਿਤੇ ਵੀ ਤਕਲੀਫ ਹੋਵੇ, ਮਾਂ ਨੂੰ ਹਜ਼ਾਰਾਂ ਕਿਲੋਮੀਟਰ ਬੈਠਿਆਂ ਪਤਾ ਲਗਦਾ ਹੈ ਕਿ ਮੇਰੀ ਧੀ, ਮੇਰਾ ਪੁੱਤਰ, ਇਸ ਵੇਲੇ ਕਿਸੇ ਦੁਖ ਵਿਚ ਹੈ, ਕਿਸੇ ਸੰਕਟ ਵਿਚ ਹੈ, ਉਹਨੂੰ 'ਮਾਂ' ਕਹਿੰਦੇ ਨੇ। ਮਾਂ ਦਾ ਪਿਆਰ ਹਰ ਵੇਲੇ ਕਿਉਂਕਿ ਜਿਹਦਾ ਨਾਂ ਹੀ ਮਾਂ ਹੈ ਪਿਆਰਿਓ ਧੀਆਂ, ਪੁੱਤਰਾਂ ਨੂੰ ਪਿਆਰ ਮਾਂ ਦਾ ਸਦਾ ਹੀ ਮਿਲਦਾ ਰਹਿੰਦਾ ਹੈ। ਅਸੀਸ ਮਿਲਦੀ ਰਹਿੰਦੀ ਹੈ। ਕਿਸੇ ਤਰ੍ਹਾਂ ਦੀ ਵੀ ਓਲਾਦ ਹੋਵੇ ਪਰ ਮਾਂ ਦੀ ਹਮੇਸ਼ਾ ਅਸੀਸ ਰਹਿੰਦੀ ਹੈ। ਮਾਤਾ ਦੀਆਂ ਅਸੀਸਾਂ ਦੋ-ਚਾਰ ਨੂੰ ਨਹੀਂ, ਲੱਖਾਂ ਨੂੰ ਜ਼ਿੰਦਗੀ ਵਿਚ ਮਿਲੀਆਂ ਨੇ।

ਯੂ.ਪੀ ਦੇ ਅੰਦਰ ਜਿਸ ਵੇਲੇ ਮਹਾਂਪੁਰਸ਼ਾਂ ਨੇ ਪ੍ਰਚਾਰ ਸ਼ੁਰੂ ਕੀਤਾ ਉਸ ਵੇਲੇ ਘਰ-ਘਰ ਜਾ ਕੇ ਆਪ ਨੇ ਪ੍ਰਚਾਰ ਕਰਨਾ। ਨਾ ਸਪੀਕਰ ਸਨ, ਨਾ ਸ਼ਾਮਿਆਨੇ ਸਨ ਨਾ ਕੋਈ ਹੋਰ ਸਾਧਨ ਸੀ। ਕਈ ਜਗ੍ਹਾ ਟਰੈਕਟਰ ਵੀ ਨਹੀਂ ਸੀ ਜਾਂਦਾ। ਬਾਅਦ 'ਚ ਭਾਵੇਂ ਕੋਲ ਗੱਡੀ ਹੋ ਗਈ। ਗੱਡੀ ਵੀ ਨਹੀਂ ਸੀ ਜਾਂਦੀ। ਰਸਤੇ ਬੜੇ ਕੱਚੇ ਸਨ। ਕਈ-ਕਈ ਕਿਲੋਮੀਟਰ ਪੈਦਲ ਤੁਰ ਕੇ ਜਾਣਾ। ਉਸ ਵੇਲੇ ਮਹਾਂਪੁਰਸ਼ ਇਥੇ ਫਾਰਮ ਦਾ ਕੰਮ ਸੰਭਾਲਦੇ, ਸਾਰਾ ਧਿਆਨ ਸਤਿਕਾਰਯੋਗ ਮਾਤਾ ਜੀ ਵੀ ਰਖਦੇ ਤੇ ਘਰ ਦਾ ਸਾਰਾ ਕੰਮ ਕਰਕੇ, ਫੇਰ ਹਰ ਦੀਵਾਨ ਦੇ ਉਤੇ ਮਹਾਂਪੁਰਸ਼ਾਂ ਦੇ ਨਾਲ ਜਾਣਾ। ਕਿਤੇ ਹੀ ਕੋਈ ਐਸਾ ਦਿਨ ਹੋਏਗਾ ਜਿਸ ਦਿਨ ਨਹੀਂ ਗਏ। ਨਹੀਂ ਤਾਂ ਹਰ ਦੀਵਾਨ 'ਤੇ ਜਾਂਦੇ ਸਨ। ਓਥੇ ਸੰਗਤਾਂ ਨੂੰ ਪ੍ਰੇਰਨਾ ਕਰਦੇ ਸੀ, ਗਰਮੀ ਸਰਦੀ ਕੱਚੇ ਰਾਹ, ਕਈ ਜਗ੍ਹਾ ਪਾਣੀ ਵੀ ਲੰਘਣਾ, ਕਈ-ਕਈ ਕਿਲੋਮੀਟਰ ਪੈਦਲ ਜਾਣਾ। ਦਾਸ ਨੂੰ ਬਚਪਨ ਤੋਂ ਮਿਲਾਪ ਹੋਇਆ ਹਰ ਇਕ ਨੂੰ ਆਪਣਾ ਪਿਆਰਾ ਬੱਚਾ ਸਮਝ ਕੇ ਪਿਆਰ ਦਿੰਦੇ। ਸਿਰ 'ਤੇ ਹੱਥ ਰਖਦੇ ਤੇ ਕਿਸੇ ਦਾ ਔਗੁਣ ਨਹੀਂ ਸੀ ਚਿਤਾਰਦੇ। ਕੋਈ ਵੀ ਮਿਲ ਜਾਵੇ, ਕਿਸੇ ਧਰਮ ਦਾ, ਕੋਈ ਵੀ। ਸਭ ਦੇ ਨਾਲ ਆਪ ਜੀ ਪਿਆਰ ਕਰਦੇ। ਯੂ.ਪੀ ਵਿਚ 12 ਸਾਲ ਮਹਾਂਪੁਰਸ਼ਾਂ ਨੇ ਜੋ ਗੁਰਮਤਿ ਦਾ ਪ੍ਰਚਾਰ ਕੀਤਾ ਹੈ, ਉਹਦੇ ਵਿਚ ਸਤਿਕਾਰਯੋਗ ਮਾਤਾ ਜੀ ਦੀ ਦੇਣ ਜਿਹੜੀ ਹੈ, ਉਹ ਬਹੁਤ ਵੱਡੀ ਹੈ।

ਜੇ ਆਪ ਜੀ ਇਥੇ ਆਏ, ਸਾਰੀਆਂ ਸੰਗਤਾਂ ਜਾਣਦੀਆਂ ਨੇ ਇਥੋਂ ਦੀਆਂ ਕਿ ਜਦੋਂ ਮਹਾਂਪੁਰਸ਼ ਦੀਵਾਨ ਲਾਉਂਦੇ, ਭੋਗ ਪੈਂਦੇ, ਹੁਕਮਨਾਮਾ ਲਿਆ ਜਾਂਦਾ, ਫੇਰ ਸਤਿਕਾਰਯੋਗ ਮਾਤਾ ਜੀ ਉਠ ਕੇ ਖੜ੍ਹੇ ਹੋ ਜਾਂਦੇ। ਸਿੱਧੇ ਬਚਨ ਮਾਈਆਂ ਨੂੰ ਕਰਨੇ ਕਿ ਤੁਸੀਂ ਕੀ ਮਾਤਾ ਰਾਣੀਆਂ ਨੂੰ ਮੰਨਦੇ ਓਂ, ਕੀ ਗੁੱਗੇ ਦੇ ਜਾਂਦੇ ਓਂ, ਛੱਡੋ ਬੀਬੀਓ ਇਹਨਾਂ ਗੱਲਾਂ ਨੂੰ। ਐਸੇ ਬਚਨ ਸੁਣਾ-ਸੁਣਾ ਕੇ ਕਿੰਨੀ ਪ੍ਰੇਰਨਾ ਦੇ ਦਿੰਦੇ ਸੀ ਕਿ ਜਿਥੇ ਐਨੀ ਸੰਗਤ ਮਹਾਂਪੁਰਸ਼ਾਂ ਦੇ ਬਚਨ ਸੁਣਨ

ਨਾਲ ਅੰਮ੍ਰਿਤ ਛਕਣ ਵਾਸਤੇ ਤਿਆਰ ਹੁੰਦੀ ਉਥੇ ਬੀਜੀ ਦੇ ਬਚਨਾਂ ਨਾਲ ਵੀ ਬਹੁਤ ਸਾਰੀਆਂ ਬੀਬੀਆਂ ਜਿਹੜੀਆ ਸੀ ਉਹ ਜੈਕਾਰੇ ਛੱਡ ਕੇ ਤਿਆਰ ਹੋ ਜਾਂਦੀਆਂ, ਅੰਮ੍ਰਿਤ ਛਕ ਲੈਂਦੀਆਂ ਕਿ ਅੱਜ ਤੋਂ ਬਾਅਦ ਅਸੀਂ ਗੁੱਗੇ ਨੂੰ ਨਹੀਂ ਮੰਨਣਾ, ਮਾਤਾ ਰਾਣੀ ਨੂੰ ਨਹੀਂ ਮੰਨਣਾ। ਅਸੀਂ ਸ਼ਬਦ ਗੁਰੂ ਦੇ ਲੜ ਲੱਗਣਾ ਹੈ, ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣਾ ਹੈ। ਅਸੀਂ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਹੈ।

ਸੋ ਇਉਂ ਮਾਤਾ ਜੀ ਦਾ ਸਾਰਾ ਜੀਵਨ ਹੀ ਪਰਉਪਕਾਰੀ ਜੀਵਨ ਰਿਹਾ। ਉਹ ਬਚਨ ਢੁਕਦੇ ਨੇ-

*ਗੁਰਮੁਖਿ ਜਨਮ ਸਕਾਰਥਾ ਪਰਉਪਕਾਰੀ ਸਹਜਿ ਸੁਭਾਈ॥*
*ਭਾਈ ਗੁਰਦਾਸ ਜੀ*

ਕਿਉਂਕਿ ਜਿਹੜੇ ਗੁਰਮੁਖ ਹੁੰਦੇ ਨੇ, ਸੰਤ ਹੁੰਦੇ ਨੇ, ਉਹ ਅਕਾਲ ਪੁਰਖ ਵਾਹਿਗੁਰੂ ਨਾਲ ਜੁੜੇ ਹੁੰਦੇ ਨੇ ਤੇ ਭਾਈ ਸਾਹਿਬ ਉਹਨਾਂ ਦੀ ਸਿਫਤ ਇਕ ਜਗ੍ਹਾ ਹੋਰ ਕਰਦੇ ਨੇ -

*ਗੁਰਮੁਖਿ ਹੈ ਨਿਰਵੈਰ ਨ ਵੈਰ ਵਿਰੋਧੀਐ।*
*ਭਾਈ ਗੁਰਦਾਸ ਜੀ*

ਸਾਰਾ ਸੰਸਾਰ ਵੈਰ ਦੀ ਅੱਗ ਵਿਚ ਸੜਿਆ ਪਿਐ ਪਰ ਜਿਹੜੇ ਰੱਬ ਦੇ ਪਿਆਰੇ ਗੁਰਮੁਖ ਨੇ ਉਹਨਾਂ ਅੰਦਰ ਕੋਈ ਵੈਰ-ਵਿਰੋਧ ਨਹੀਂ ਹੁੰਦਾ। -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ - ੧੩੮੧*

ਭਾਈ ਸਾਹਿਬ ਕਹਿੰਦੇ ਨੇ ਕਿ ਜਿਹੜੇ ਐਸੇ ਗੁਰਮੁਖ ਨੇ, ਨਾਮ ਬਾਣੀ ਨਾਲ ਜੁੜੇ ਹੋਏ, ਉਹ ਨਿਰਵੈਰ ਹੁੰਦੇ ਨੇ। ਭਾਵ ਸਾਰਾ ਸੰਸਾਰ ਹੀ ਉਹਨਾਂ ਦਾ ਆਪਣਾ ਹੁੰਦੈ। ਜਿਵੇਂ ਸੰਤ ਮਹਾਰਾਜ ਜੀ ਕਿਹਾ ਕਰਦੇ ਕਿ ਅਸੀਂ ਇਕੋ ਆਤਮਾ ਨੂੰ ਸਾਰਿਆਂ ਵਿਚ ਦੇਖਦੇ ਹਾਂ। ਇਸੇ ਤਰ੍ਹਾਂ ਮਾਤਾ ਜੀ ਸਭ ਨਾਲ ਪਿਆਰ ਕਰਦੇ, ਉਹਨਾਂ ਦੇ ਜੀਵਨ ਐਸੇ ਨੇ ਜਿਵੇਂ ਭਾਈ ਗੁਰਦਾਸ ਜੀ ਆਪਣੀ ਬਾਣੀ 'ਚ ਕਹਿੰਦੇ ਨੇ ਕਿ ਵੇਖੋ ਇਕ ਪਾਸੇ ਸੰਸਾਰ ਹੈ, ਇਕ ਪਾਸੇ ਰੱਬ ਦੇ ਪਿਆਰੇ ਇਸ ਰੂਪ ਵਿਚ ਨੇ, ਸੰਸਾਰ ਤਾਂ ਸੜ ਰਿਹਾ ਹੈ ਵੈਰ ਦੀ ਅੱਗ ਵਿਚ ਪਰ ਜਿਹੜੇ ਰੱਬ ਦੇ ਪਿਆਰੇ ਨੇ, ਉਹ ਨਿਰਵੈਰ ਨੇ ਉਹ ਸਭ ਦੇ ਭਲੇ ਦੀ ਅਰਦਾਸ ਕਰਦੇ ਨੇ।

*ਗੁਰਮੁਖਿ ਪੰਡਿਤੁ ਹੋਇ ਜਗ ਪਰਬੋਧੀਐ।*
*ਗੁਰਮੁਖਿ ਆਪੁ ਗਵਾਇ ਅੰਦਰੁ ਸੋਧੀਐ।*
*ਗੁਰਮੁਖਿ ਸਤੁ ਸੰਤੋਖੁ ਨ ਕਾਮੁ ਕਰੋਧੀਐ।*
*ਗੁਰਮੁਖਿ ਹੈ ਨਿਰਵੈਰ ਨ ਵੈਰ ਵਿਰੋਧੀਐ।*
*ਚਹੁ ਵਰਨਾ ਉਪਦੇਸੁ ਸਹਜਿ ਸਮੋਧੀਐ।*
*ਧੰਨੁ ਜਣੇਂਦੀ ਮਾਉ ਜੋਧਾ ਜੋਧੀਐ॥ ਭਾਈ ਗੁਰਦਾਸ ਜੀ*

ਐਸਾ ਜੀਵਨ ਹੈ ਸਤਿਕਾਰਯੋਗ ਮਾਤਾ ਜੀ ਦਾ। ਜਿਨ੍ਹਾਂ ਦੀ ਸਾਨੂੰ ਬਹੁਤ ਦੇਣ ਹੈ। ਅੱਜ ਸਾਰੀਆਂ ਸੰਗਤਾਂ ਜੋ ਪਿਆਰ ਵਿਚ ਇਥੇ ਪਹੁੰਚੀਆਂ ਨੇ। ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ, ਇੰਟਰਨੈੱਟ 'ਤੇ ਵੀ ਇਹ ਪਿਆਰ ਵਾਲਾ ਪ੍ਰੋਗਰਾਮ ਸਰਵਣ ਕਰ ਰਹੀਆਂ ਨੇ। ਆਓ! ਸਤਿਕਾਰਯੋਗ ਮਾਤਾ ਜੀ ਵਲੋਂ ਸਾਰੀਆਂ ਲੱਖਾਂ ਸੰਗਤਾਂ ਨੂੰ, ਧੀਆਂ-ਪੁੱਤਰਾਂ ਨੂੰ, ਅਸ਼ੀਰਵਾਦ ਤੇ ਅਸੀਸਾਂ ਮਿਲ ਰਹੀਆਂ ਹਨ।

ਸਾਰੀ ਜਿੰਨੀ ਸੇਵਾ ਹੈ, ਅਸਥਾਨ ਦੀ, ਸਾਰੇ ਪਿਆਰੇ ਮਹਾਂਪੁਰਸ਼ਾਂ ਤੇ ਬੀਜੀ ਦੇ ਪਿਆਰ ਵਿਚ ਲੱਗੇ ਹੋਏ ਨੇ, ਚਾਹੇ ਕਿਸੇ ਵੀ ਥਾਂ 'ਤੇ ਕੋਈ ਹੈ।

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮਾਂ ਦੇ ਬਹੁਤ ਪਿਆਰੇ ਸ਼ਬਦ ਆਉਂਦੇ ਨੇ। ਜਿਵੇਂ ਜਿਥੇ ਓਸ ਅਕਾਲ ਪੁਰਖ ਵਾਹਿਗੁਰੂ ਨੂੰ ਬੇਅੰਤ ਨਾਵਾਂ ਨਾਲ ਕੋਈ ਯਾਦ ਕਰਦੈ, ਕੋਈ ਗੋਬਿੰਦ ਕਹਿੰਦੈ, ਕੋਈ ਠਾਕੁਰ ਕਹਿੰਦੈ, ਕੋਈ ਬੀਠਲਾ ਕਹਿੰਦੈ, ਵਾਹਿਗੁਰੂ ਅਸੀਂ ਕਹਿ ਕੇ ਯਾਦ ਕਰਦੇ ਹਾਂ, ਹੋਰ ਬੇਅੰਤ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਹਨ, ਉਥੇ ਉਸ ਮਾਲਕ ਨੂੰ, ਵਾਹਿਗੁਰੂ ਨੂੰ ਮਾਂ ਕਰਕੇ ਵੀ ਬਹੁਤ ਯਾਦ ਕੀਤਾ ਜਾਂਦਾ ਹੈ। ਕਈ ਤਾਂ ਮੰਨਦੇ ਹੀ ਓਸ ਨੂੰ ਮਾਂ ਨੇ।

ਇਕ ਬੇਨਤੀ ਹੈ ਕਿ ਇਹ ਇਸ ਤਰ੍ਹਾਂ ਨਹੀਂ ਕਿ ਇਕ ਦੀ ਵਡਿਆਈ ਹੈ। ਇਹ ਸੰਤ ਮਹਾਰਾਜ ਜੀ ਤੇ ਮਾਤਾ ਜੀ ਦੀ ਕ੍ਰਿਪਾ ਨਾਲ, ਉਹਨਾਂ ਦੇ ਅਸ਼ੀਰਵਾਦ ਨਾਲ, ਅਸੀਂ ਸਾਰੇ ਹੀ ਉਨ੍ਹਾਂ ਦੇ ਬੱਚੇ ਇਕੱਠੇ ਹੋ ਕੇ ਲੱਗੇ ਹਾਂ। ਸਾਰੀਆਂ ਸੰਗਤਾਂ ਦੇ ਕਰਕੇ, ਸਾਰੇ ਟਰੱਸਟੀ, ਸਾਰੇ ਅਸਥਾਨ ਵਾਲੇ, ਇਕੱਠੇ ਹੋ ਕੇ ਸੇਵਾ ਵਿਚ ਲੱਗੇ ਨੇ। ਪਿਆਰ ਨਾਲ ਫਤਹਿ ਬੁਲਾਓ -

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕਾ ਫ਼ਤਹਿ।*

# ਸਰਬ ਰੋਗ ਕਾ ਅਉਖਦੁ ਨਾਮੁ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥*
*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥*
*ਰਹਾਉ ॥ ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥* *ਅੰਗ- ੬੨੮*
*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥*
*ਜਿਨ ਕਉ ਨਦਰਿ ਕਰਮੁ ਹੋਵੈ*
*ਹਿਰਦੈ ਤਿਨਾ ਸਮਾਣੀ ॥*
*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ*
*ਜਪਿਹੁ ਸਾਰਿਗਪਾਣੀ ॥*
*ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥*
*ਅੰਗ - ੯੨੦*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ ਸਾਹਿਬ ਜੀਓ। ਪਾਤਸ਼ਾਹ ਦੀ ਰਹਿਮਤ ਹੋਈ ਹੈ। ਹਫਤਾਵਾਰੀ ਸਤਿਸੰਗ ਸਮਾਗਮ ਦੇ ਅੰਦਰ ਸਾਨੂੰ ਗੁਰੂ ਦਰਬਾਰ ਦੇ ਵਿਚ ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਆਪ ਜੀ ਆਪਣੇ ਰੁਝੇਵਿਆਂ ਭਰਪੂਰ ਜ਼ਿੰਦਗੀ ਦੇ ਵਿਚੋਂ ਸਮਾਂ ਕੱਢ ਕੇ, ਕੰਮਾਂ ਕਾਰਾਂ ਨੂੰ ਪਿੱਠ ਦੇ ਕੇ, ਸਤਿਗੁਰੂ ਦੇ ਦਰਬਾਰ ਵਿਚ ਪਹੁੰਚੇ ਹੋਂ।

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* *ਅੰਗ- ੧੦੭੬*

ਇਹ ਬਹੁਤ ਵੱਡੀ ਕੀਰਤਨ ਭਗਤੀ ਹੈ ਜੋ ਕਿ - ***'ਕਲਜੁਗ ਮਹਿ ਕੀਰਤਨੁ ਪਰਧਾਨਾ।'*** ਸਭ ਤੋਂ ਵੱਡਾ ਪੁੰਨ ਇਹੀ ਹੈ - ***ਕਲਿ ਮਹਿ ਏਹੋ ਪੁੰਨੁ***

***ਗੁਣ ਗੋਵਿੰਦ ਗਾਹਿ ॥ ਅੰਗ - ੯੬੨***

ਜਦੋਂ ਅਸੀਂ ਸਾਰੇ ਰਲ ਕੇ ਗਾਉਂਦੇ ਹਾਂ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਸਾਰੇ ਸੰਸਾਰ ਦੇ ਵਿਚ ਇਕ ਵਾਇਰਸ ਫੈਲੀ ਹੈ, ਜਿਸ ਦੀ ਗੱਲ ਸਾਰੇ ਕਰਦੇ ਨੇ, ਕਰੋਨਾ ਵਾਇਰਸ ਦੀ। ਸਾਡੇ ਅੰਦਰ ਵੀ ਇਸ ਦਾ ਫੋਬੀਆ ਹੋ ਗਿਆ ਕਿ ਪਤਾ ਨਹੀਂ ਕੀ ਬਣਨਾ ਹੈ। ਜਦੋਂ ਕਿ ਪਾਤਸ਼ਾਹ ਜੀ ਮਹਾਰਾਜ ਦਸ ਰਹੇ ਹਨ ਕਿ -

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* *ਅੰਗ-੨੭੪*

ਇਹ ਤਾਂ ਪਹਿਲਾਂ ਹੀ ਪਾਤਸ਼ਾਹ ਨੇ ਫੁਰਮਾਨ ਕਰ ਦਿਤਾ ਕਿ -

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*
*ਅੰਗ- ੬੮੭*

ਇਹ ਸਾਰਾ ਸੰਸਾਰ ਹੀ ਰੋਗੀ ਹੈ। ਇਥੋਂ ਤਕ ਕਹਿ ਦਿਤਾ ਕਿ ਜੋ ਵੀ ਦਿਸ ਰਿਹਾ ਹੈ -

*ਜੋ ਜੋ ਦੀਸੈ ਸੋ ਸੋ ਰੋਗੀ ॥* *ਅੰਗ- ੧੧੪੦*

ਫੇਰ ਰੋਗ ਤੋਂ ਰਹਿਤ ਕੋਈ ਹੈ? ਕਹਿੰਦੇ ਨੇ ਹੈ -

*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥* *ਅੰਗ- ੧੧੪੦*

ਗੁਰੂ ਕੀ ਹੈ? ਗੁਰੂ ਹੈ ਬਾਣੀ, ਦੇਹ ਨਹੀਂ ਗੁਰੂ। ਬਾਣੀ ਹੀ ਗੁਰੂ ਹੈ, ਬਾਣੀ ਹੀ ਰਸਤਾ ਦਸਦੀ ਹੈ ਕਿ ਕਿੱਥੇ ਅਸੀਂ ਪਹੁੰਚਣਾ ਹੈ। ਕਿੱਥੇ ਦਵਾਈ ਪਈ ਹੈ। ਹੈ ਤਾਂ ਸਭ ਦੇ ਅੰਦਰ। ਕੋਈ ਐਸਾ ਇਨਸਾਨ ਨਹੀਂ ਜਿਸਦੇ ਕੋਲ ਇਹ ਦਵਾਈ ਹੈ ਨਹੀਂ-

*ਹਰਿ ਅਉਖਧੁ ਸਭ ਘਟ ਹੈ ਭਾਈ ॥* *ਅੰਗ- ੨੫੯*

ਪਤਾ ਕਿਉਂ ਨਹੀਂ ਲਗਦਾ, ਜਦੋਂ ਸਾਡੇ ਅੰਦਰ ਹੀ ਪਈ ਹੈ, ਨਾਮ ਦੀ ਦਵਾਈ -

*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥* *ਅੰਗ- ੨੫੯*

ਕਿਉਂਕਿ ਵਿਧੀ ਨਹੀਂ ਪਤਾ ਲਗਦੀ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ - ੯੮੨*

ਇਹ ਜੁਗੋ-ਜੁਗ ਅਟੱਲ ਹੈ, ਇਹ ਰੋਗ ਤੋਂ ਰਹਿਤ ਹੈ। ਸਾਨੂੰ ਵੀ ਇਹ ਜੁਗਤ ਦਸਦੀ ਹੈ ਕਿ ਕਿਸ ਤਰ੍ਹਾਂ ਦੇ ਨਾਲ –

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭*

ਉਹ ਦਿਸ਼ਾ ਦਸ ਰਹੀ ਹੈ ਕਿ ਕਿੱਥੇ ਨਾਮ ਪਿਆ ਹੈ। ਉਥੇ ਤਕ ਪਹੁੰਚਣ ਵਾਸਤੇ ਜੋ ਸਾਰਾ **process** ਹੈ, ਜੋ ਧਾਰਨ ਕਰਨਾ ਹੈ। ਉਹ ਜਿਵੇਂ ਅਸੀਂ ਕੋਈ ਫਾਰਮੂਲਾ ਲਗਾ ਲਈਏ, ਮੁਸ਼ਕਲ ਹੱਲ ਹੋ ਜਾਂਦੀ ਹੈ। ਜੇ ਐਲਜ਼ੈਬਰਾ ਵਿਚ ਕੈਲਕੁਲੇਸ਼ਨਜ਼ ਕਰੀ ਚੱਲੋ, ਫਾਰਮੂਲਾ ਪਤਾ ਨਹੀਂ, ਨੈੱਟ ਨਤੀਜੇ 'ਤੇ ਨਹੀਂ ਪਹੁੰਚ ਸਕਦੇ। ਇਸੇ ਤਰ੍ਹਾਂ ਇਸ ਘਰ ਦੇ ਵਿਚ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ- ੧੨੯੧*

ਹੁਣ ਰੋਗ ਤੋਂ ਰਹਿਤ ਸਤਿਗੁਰ ਜੀ, ਸਾਨੂੰ ਵੀ ਇਹ ਦਸ ਰਹੇ ਹਨ ਕਿ ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਇਲਾਜ, ਕੋਈ ਹੈ? –

*ਕਲਜੁਗ ਨਾਨਕ ਨਾਮੁ ਸੁਖਾਲਾ। ਭਾਈ ਗੁਰਦਾਸ ਜੀ*

ਸਤਿਗੁਰੂ ਜੀ ਲੈ ਕੇ ਆਏ –

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ਅੰਗ- ੮੧੧*

ਰਸਨਾ, ਰਸ ਨਾਲ ਭਰ ਜਾਂਦੀ ਹੈ, ਜਦੋਂ ਅਸੀਂ ਨਾਮ ਜਪਦੇ ਹਾਂ, ਬਾਣੀ ਪੜ੍ਹਦੇ ਹਾਂ, ਗਾਉਂਦੇ ਹਾਂ। ਫਲ ਵੀ ਬਹੁਤ ਹੈ –

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ- ੨੮੯*

ਜਦੋਂ ਅਸੀਂ ਇਹ ਕਰਦੇ ਹਾਂ ਤਾਂ ਸਾਰੇ ਦੁਖ, ਸਾਰੇ ਹੀ ਰੋਗ ਦੂਰ ਹੋ ਜਾਂਦੇ ਹਨ ਕਿਉਂਕਿ ਜਿਹੜੇ ਰੋਗ ਹਨ ਉਹਨਾਂ ਦੀ ਗਿਣਤੀ ਕੀਤੀ ਗਈ ਹੈ। ਜਾਨਵਰਾਂ ਨੂੰ, ਪੰਛੀਆਂ ਨੂੰ, ਹੋਰ ਜੀਵਾਂ ਨੂੰ ਇਕ-ਇਕ ਰੋਗ ਹੈ। ਪਰ ਇਸ ਇਨਸਾਨ ਦੇ ਵਿਚ ਪੰਜ ਅਸਾਧ ਰੋਗ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ ਦਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਇਹ ਚੋਰ ਹਨ। ਆਸਾ, ਅੰਦੇਸਾ, ਤ੍ਰਿਸ਼ਨਾ ਇਹ ਡੈਣਾਂ ਹਨ। ਕਿੰਨਾਂ ਕੁਝ ਲੱਗਿਆ ਹੋਇਆ ਹੈ, ਕਹਿੰਦੇ ਇਹਦੇ ਵਿਚ ਕੀ ਆਸ ਰੱਖੀਏ –

*ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥*
*ਅੰਗ- ੪੮੬*

ਸਭ ਤੋਂ ਵੱਡਾ ਜਿਹੜਾ ਰੋਗ ਹੈ। ਹਉਮੈ ਰੋਗ ਹੈ।

*ਹਉਮੈ ਰੋਗੁ ਮਾਨੁਖ ਕਉ ਦੀਨਾ ॥*
*ਕਾਮ ਰੋਗਿ ਮੈਗਲੁ ਬਸਿ ਲੀਨਾ ॥ ਅੰਗ- ੧੧੪੦*

ਕਾਮ ਦਾ ਰੋਗ ਜੇ ਹਾਥੀ ਨੂੰ ਹੈ ਤਾਂ ਦੇਖੋ ਸਾਰੀ ਜ਼ਿੰਦਗੀ ਆਦਮੀ ਦੀ ਗੁਲਾਮੀ ਕਰਦੈ –

*ਕਾਲਬੂਤ ਕੀ ਹਸਤਨੀ ਮਨ ਬਉਰਾ ਰੇ*
*ਚਲਤੁ ਰਚਿਓ ਜਗਦੀਸ ॥*
*ਕਾਮ ਸੁਆਇ ਗਜ ਬਸਿ ਪਰੇ*
*ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥ ਅੰਗ - ੩੩੬*

ਚਲੋ ਇਹ ਤਾਂ ਇਕ-ਇਕ ਦੀ ਗੱਲ ਹੈ। ਸਾਡੇ ਵਿਚ ਸਾਰੇ ਰੋਗ ਹਨ। ਪਾਤਸ਼ਾਹ ਜੀ ਦਾ ਫੁਰਮਾਨ ਹੈ –

*ਜੋ ਜੋ ਦੀਸੈ ਸੋ ਸੋ ਰੋਗੀ ॥ ਅੰਗ - ੧੧੪੦*

ਕਿਉਂਕਿ ਵਾਤਾਵਰਣ ਦੂਸ਼ਿਤ ਹੋ ਗਿਆ। ਇਹਦੇ ਵਿਚ ਵਾਇਰਸ ਫੈਲ ਗਈ। ਇਹਦੇ ਵਿਚ ਅਸੀਂ ਸਾਰੇ ਹੀ ਸਾਹ ਲੈਂਦੇ ਹਾਂ। ਬਾਹਰਲੇ ਦੇਸ਼ਾਂ ਵਿਚ ਤਾਂ ਪਾਤਸ਼ਾਹ ਦੀ ਫੇਰ ਵੀ ਕ੍ਰਿਪਾ ਕਹਿ ਲਓ, ਇਥੇ ਤਾਂ ਇਸ ਗੱਲ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ ਕਿ ਪਾਣੀ ਤੇ ਹਵਾ, ਜਲਵਾਯੂ ਦੂਸ਼ਿਤ ਨਾ ਹੋਵੇ ਕਿਉਂਕਿ ਇਹਦੇ ਵਿਚ ਸਭ ਨੇ ਰਹਿਣਾ ਹੈ, ਇਹਦੇ ਸਾਫ ਰਹਿਣ ਦੀ ਸਭ ਨੂੰ ਲੋੜ ਹੈ –

*ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥ ਅੰਗ- ੧੩੮੩*

ਬਹੁਤ ਲੋੜ ਹੈ –

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥*
*ਅੰਗ - ੮*

ਇਹ ਜਿਹੜੀ ਪਾਣੀ ਤੇ ਹਵਾ ਹੈ ਜੇ ਇਹ ਪਵਿੱਤਰ ਹੈ ਤਾਂ ਫੇਰ ਦੇਖ ਲਓ ਕਿੰਨਾ ਸਾਫ ਸੁਥਰਾ ਵਾਤਾਵਰਣ ਹੈ। ਇਥੇ ਸਾਰੇ ਹੀ ਆ ਕੇ ਸੰਗਤ 'ਚ ਬੈਠਦੇ ਹਨ, ਪੰਗਤ 'ਚ ਬੈਠਦੇ ਹਨ ਇਹ ਇਕ ਪਰੰਪਰਾ ਚਲੀ ਆਉਂਦੀ ਹੈ। 'ਪਹਿਲਾਂ ਪੰਗਤ ਪਾਛੈ ਸੰਗਤ'। ਜੋ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ 52 ਆਖਰੀ ਬਚਨ ਹਨ ਉਹਨਾਂ ਦੇ ਵਿਚ ਵੀ ਇਹ ਆਇਆ ਹੈ ਕਿ ਪਹਿਲਾਂ ਲੰਗਰ ਬਣਾਉਣਾ, ਚਲਾਉਣਾ, ਫੇਰ ਮੰਦਰ ਆਪੇ ਹੀ ਬਣ ਜਾਣਾ। ਇਸ ਤਰ੍ਹਾਂ –

*ਭੂਖੇ ਭਗਤਿ ਨ ਕੀਜੈ ॥*
*ਯਹ ਮਾਲਾ ਅਪਨੀ ਲੀਜੈ ॥ ਅੰਗ - ੬੫੬*

ਹੁਣ ਜਦੋਂ ਵੀ ਲੰਗਰ ਛਕੋ। ਆਪਾਂ ਆਮ ਰੋਟੀ ਕਹਿੰਦੇ ਹਾਂ, ਲੰਗਰ 'ਚ ਪ੍ਰਸ਼ਾਦਾ ਕਿਹਾ ਜਾਂਦਾ ਹੈ।

ਕਿਉਂਕਿ ਉਹ ਪ੍ਰਸ਼ਾਦ ਹੈ। ਉਹ ਪ੍ਰਸ਼ਾਦ ਕਿਵੇਂ ਬਣ ਗਿਆ? ਕਿਉਂਕਿ ਉਹਦੇ ਉਤੇ ਦ੍ਰਿਸ਼ਟੀ ਪੈਂਦੀ ਹੈ, ਉਹ ਭਾਵਨਾ ਬਣਦੀ ਹੈ, ਨਾਮ ਜਪਦੇ ਹੋਏ ਇਹ ਪ੍ਰਸ਼ਾਦਾ ਪਕਾਉਂਦੀਆਂ ਹਨ ਬੀਬੀਆਂ, ਉਹਦੇ ਫੇਰ **basic element** ਬਦਲ ਜਾਂਦੇ ਹਨ। ਜਦੋਂ ਅੰਮ੍ਰਿਤ ਛਕਾਉਂਦੇ ਹਨ, ਦ੍ਰਿਸ਼ਟੀ ਪਾ ਕੇ ਪੰਜ ਬਾਣੀਆਂ ਦਾ ਪਾਠ ਹੁੰਦਾ ਹੈ, ਪਾਣੀ ਦੀ ਤਾਸੀਰ ਬਦਲ ਗਈ, ਉਹ ਅੰਮ੍ਰਿਤ ਬਣ ਗਿਆ -

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥* *ਅੰਗ- ੨੮੭*

ਇਸੇ ਤਰ੍ਹਾਂ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ - ੨੯੩*

ਇਹ ਸਰੀਰ ਦੇ ਵਿਚ ਵੀ ਹੈ। ਸਤਿਗੁਰੂ ਦੇ ਦਰ 'ਤੇ ਆ ਕੇ -

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥* *ਅੰਗ - ੬੨੭*

ਜਿਹੜੇ ਰੋਗ ਹਨ, ਹੈ ਤਾਂ ਅੰਦਰ ਹੀ, ਉਹ ਸਾਰਿਆਂ ਦਾ ਡੇਰਾ ਭੰਨ ਦਿਤਾ। ਕਿਵੇਂ? ਜਦੋਂ ਇਸ ਮੰਤਰ ਦੀ ਵਰਤੋਂ ਕੀਤੀ। ਇਹ ਮੰਤਰ ਉਸ ਨਾਮ ਤਕ ਪਹੁੰਚਾ ਦਿੰਦਾ ਹੈ। ਪੰਜ ਪਿਆਰੇ, ਪ੍ਰੈਕਟੀਕਲ ਰੂਪ ਦੇ ਵਿਚ, ਗੁਰੁ ਦੀ ਹਜ਼ੂਰੀ ਦੇ ਵਿਚ, ਸਾਡਾ ਗੁਰੂ, ਬਾਣੀ ਹੈ, ਸ਼ਬਦ ਹੈ, ਇਸ ਕਰਕੇ ਪ੍ਰੈਕਟੀਕਲ ਰੂਪ ਦੇ ਵਿਚ ਪੰਜ ਪਿਆਰੇ ਅੰਮ੍ਰਿਤ ਛਕਾਉਣ ਸਮੇਂ ਇਹ ਮੰਤਰ ਦ੍ਰਿੜ੍ਹ ਕਰਵਾਉਂਦੇ ਹਨ। ਮੂਲਮੰਤ੍ਰ, ਗੁਰਮੰਤ੍ਰ। ਪਿਛਲੇ ਸਤਿਸੰਗ ਤੋਂ ਵਿਚਾਰ ਕਰਦੇ ਆ ਰਹੇ ਹਾਂ ਕਿ -

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥* *ਅੰਗ- ੯੪*

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* *ਅੰਗ- ੨੯੩*

ਫੇਰ ਅੰਦਰ ਦਾ ਰਸਤਾ ਖੁਲ੍ਹਦਾ ਹੈ, **self research** ਹੁੰਦੀ ਹੈ। ਬੈਠ ਕੇ ਪਤਾ ਲਗਦਾ ਹੈ ਕਿ ਇਹ ਮੰਤਰ ਬਹੁਤ **forceful** ਹੈ। ਜਿਹੜਾ ਉਸ ਨਾਮ ਤਕ ਪਹੁੰਚਾ ਦਿੰਦਾ ਹੈ ਕਿਉਂਕਿ ਨਾਮ ਕੋਈ ਬਾਹਰੋਂ ਨਹੀਂ ਦਿੰਦਾ। ਬਾਹਰੋਂ ਗੁਰੂ ਮੰਤਰ ਦਿੰਦੇ ਹਨ। ਨਾਮ ਤਾਂ ਅੰਦਰ ਹੈ। ਸਤਿਗੁਰੂ ਜੀ ਨਿਸ਼ਾਨੀ ਦਸਦੇ ਹਨ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ - ੨੯੩*

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ - ੨੯੩*

ਇਕ ਚੀਜ਼ ਦੇ ਨਾਲ ਦੂਜੀ ਟਕਰਾਈ, ਆਹਟ ਦੀ ਆਵਾਜ਼ ਆਈ ਪਰ ਇਕ ਅੰਦਰ ਆਵਾਜ਼ ਐਸੀ ਹੈ ਉਹ ਤਾਂ ਸੁਣਾਈ ਦਿੰਦੀ ਹੈ, ਜਦੋਂ ਅਸੀਂ ਪੂਰੇ ਟਿਕਾਅ 'ਚ ਬੈਠਦੇ ਹਾਂ। ਅੰਮ੍ਰਿਤ ਵੇਲਾ ਹੋਵੇ, ਸਰੀਰ ਨੂੰ ਸੌਂ ਕੇ ਐਨਰਜੀ ਮਿਲੀ ਹੁੰਦੀ ਹੈ। ਦਿਮਾਗ 'ਤੇ ਕੋਈ ਭਾਰ ਨਹੀਂ, ਪੇਟ 'ਤੇ ਕੋਈ ਭਾਰ ਨਹੀਂ, ਉਸ ਸਮੇਂ ਕੀ ਕਰੋ? ਉਸ ਸਮੇਂ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥* *ਅੰਗ - ੬੧੧*

ਫੇਰ ਕੀ ਹੋਏਗਾ? -

*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥*
*ਅੰਗ- ੬੧੧*

ਕਰੋੜਾਂ ਹੀ ਵਿਘਨ, ਜਿਹੜੇ ਨੇ, ਉਤਰ ਜਾਂਦੇ ਨੇ। ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਜਾਂਦੇ ਹਾਂ। ਉਸ ਸਰੋਵਰ ਦੇ ਵਿਚ ਇਸ਼ਨਾਨ ਕਰਦੇ ਹਾਂ, ਪਾਣੀ ਦੇ ਉਤੇ ਬਾਣੀ ਦਾ ਅਸਰ ਹੈ, ਤਾਸੀਰ ਬਦਲ ਗਈ, ਅੰਮ੍ਰਿਤ ਦਾ ਸਰੋਵਰ ਬਣ ਗਿਆ। ਲਗਾਤਾਰ ਬਾਣੀ ਪੜ੍ਹੀ ਜਾਂਦੀ ਹੈ। ਪਾਣੀ ਦੇ ਉਤੇ ਬਹੁਤ ਛੇਤੀ ਅਸਰ ਹੁੰਦਾ ਹੈ, ਇਹ ਅਸਰ ਕਬੂਲਦਾ ਹੈ। ਪਹਿਲਾਂ ਹਵਨ ਕਰਦੇ ਸਨ। ਉਹਦੇ ਨਾਲ ਵਾਤਾਵਰਣ ਪਵਿੱਤਰ ਹੁੰਦਾ, ਅਹੂਤੀਆਂ ਪਾਈਆਂ ਜਾਂਦੀਆਂ ਸੀ। ਕਈਆਂ ਨੂੰ ਤਾਂ ਹਵਨ ਕਰਦੇ-ਕਰਦੇ ਸਾਲਾਂ ਦੇ ਸਾਲ ਲੰਘ ਜਾਂਦੇ। ਅੱਗ 'ਚੋਂ ਸ਼ਕਤੀ ਪ੍ਰਗਟ ਹੁੰਦੀ, ਫੇਰ ਨੁਕਸਾਨ ਵੀ ਕਈਆਂ ਦੇ ਹੋ ਜਾਂਦੇ। ਤਾਂਹੀ ਸਤਿਗੁਰੂ ਜੀ ਨੇ ਜਦ ਸ਼ਕਤੀ ਪ੍ਰਗਟ ਕੀਤੀ, ਇਥੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ। ਨਾਮ ਨਾਲ ਜੋੜਿਆ ਜਾਂਦਾ ਹੈ ਤੇ ਜਿਹੜੀ ਸ਼ਕਤੀ ਪ੍ਰਗਟ ਕੀਤੀ ਉਹ ਪਾਣੀ ਦੇ ਵਿਚੋਂ ਪ੍ਰਗਟ ਕੀਤੀ। ਬਾਣੀ ਦੇ ਨਾਲ, ਇਹ ਕਿਸੇ ਦਾ ਨੁਕਸਾਨ ਨਹੀਂ ਕਰਦੀ -

*ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥*
*ਆਪਿ ਅਡੋਲੁ ਨ ਕਬਹੂ ਡੋਲੈ ॥* *ਅੰਗ- ੨੯੪*

ਕਦੇ ਵੀ ਡੋਲਦਾ ਹੀ ਨਹੀਂ ਜੇ ਇਹਦੇ ਨਾਲ ਜੁੜ ਜਾਓ। ਅਸੀਂ ਡੋਲਦੇ ਹਾਂ -

*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥*
*ਅੰਗ- ੭੨੪*

'ਚਲਦਾ.........।'

# ਪਰਾ ਅਤੇ ਅਪਰਾ ਵਿਦਿਆ ਦੇ ਸੁਮੇਲ ਦਾ ਕੇਂਦਰ-ਰਤਵਾੜਾ ਸਾਹਿਬ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਆਪ ਜੀ ਸਮੂੰਹ ਸੰਗਤਾਂ ਅਤੇ ਪਾਠਕ ਜਨਾਂ ਨੂੰ ਭਲੀ-ਭਾਂਤ ਗਿਆਤ ਹੈ ਕਿ ਰਤਵਾੜਾ ਸਾਹਿਬ ਟਰੱਸਟ ਜਦੋਂ ਤੋਂ ਹੋਂਦ ਵਿਚ ਆਇਆ ਹੈ ਉਸੇ ਸਮੇਂ ਤੋਂ ਗੁਰਮਤਿ ਦੇ ਪ੍ਰਚਾਰ ਤੇ ਪਰਉਪਕਾਰੀ ਕਾਰਜਾਂ ਲਈ ਦਿਨ ਰਾਤ ਤੱਤਪਰ ਹੈ। ਇਸ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ (ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਨੇ ਇਸ ਟਰੱਸਟ ਦੀ ਡੀਡ ਰਜਿਸਟਰਡ ਕਰਨ ਸਮੇਂ ਇਸ ਦੇ ਮੰਤਵਾਂ ਅਤੇ ਉਦੇਸ਼ਾਂ ਦੀ ਲੰਬੀ ਲੜੀ ਦਰਸਾਈ ਹੈ। ਉਹਨਾਂ ਹੀ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਟਰੱਸਟ ਗੁਰਮਤਿ ਦੇ ਸਿਧਾਂਤ ਅਨੁਸਾਰ, ਸਾਂਝੀਵਾਲਤਾ ਦਾ ਪ੍ਰਚਾਰ ਅਤੇ ਪਰਉਪਕਾਰ ਦੇ ਕਾਰਜ ਕਰ ਰਿਹਾ ਹੈ।

ਇਹਨਾਂ ਹੀ ਕਾਰਜਾਂ ਦੀ ਲੜੀ ਤਹਿਤ ਪਿਆਰੇ ਮਹਾਂਪੁਰਸ਼ਾਂ ਦਾ ਇਹ ਸੁਪਨਾ ਸੀ ਕਿ ਗੁਰਮਤਿ ਦੇ ਸਿਧਾਂਤ 'ਦੇਗ ਤੇਗ ਜਗ ਮੈ ਦੋਉ ਚਲੈ' ਦੀ ਰੂਪਮਾਨਤਾ ਕਿਵੇਂ ਹੋਵੇ। ਗੁਰਮਤਿ ਅਨੁਸਾਰ ਦੇਗ ਅਤੇ ਤੇਗ ਦਾ ਆਪਸੀ ਸੁਮੇਲ ਹੈ। ਇਨ੍ਹਾਂ ਦੋਨਾਂ ਦੀ ਪੂਰਤੀ ਪਰਾ ਅਤੇ ਅਪਰਾ ਵਿਦਿਆ ਦੇ ਸੁਮੇਲ ਨਾਲ ਹੀ ਹੋ ਸਕਦੀ ਹੈ। ਇਸ ਕਰਕੇ ਜਿਥੇ ਟਰੱਸਟ ਨਾਮ ਬਾਣੀ, ਗੁਰਮਤਿ ਦਾ ਪ੍ਰਚਾਰ, ਪਸਾਰ ਲਈ ਦਿਨ ਰਾਤ ਤੱਤਪਰ ਹੈ ਉਥੇ ਨਾਲੋਂ ਨਾਲ ਬੱਚਿਆਂ ਨੂੰ ਦੁਨਿਆਵੀ ਵਿਦਿਆ ਦੇ ਕੇ, ਉਹਨਾਂ ਦੇ ਜੀਵਨ ਗੁਰਮਤਿ ਸਿਧਾਂਤਾਂ ਦੇ ਧਾਰਨੀ ਬਣਾਉਣ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਸਾਂਝੀਵਾਲਤਾ ਦਾ ਪੈਗਾਮ ਦੁਨੀਆਂ ਵਿਚ ਫੈਲਾਉਣਾ ਹੈ। ਇਸ ਵੀਜ਼ਨ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਨੇ ਸੰਨ 2000 ਵਿਚ ਟੈਕਨਾਲੋਜੀ ਦੇ ਵਧਦੇ ਪ੍ਰਭਾਵ ਅਤੇ ਭਵਿੱਖ ਵਿਚ ਇਸ ਦੀ ਮਹੱਤਤਾ ਨੂੰ ਦੇਖਦਿਆਂ ਆਈ.ਟੀ ਕਾਲਜ (ਇਨਫਰਮੇਸ਼ਨ ਟੈਕਨਾਲੋਜੀ) ਦਾ ਆਰੰਭ ਕੀਤਾ ਜਿਸ ਵਿਚ ਸਭ ਤੋਂ ਪਹਿਲਾ ਕੋਰਸ B.C.A ਦਾ ਸੀ। ਇਸ ਕੋਰਸ ਵਿਚ ਅਨੇਕਾਂ ਬੱਚਿਆਂ ਨੇ ਦਾਖਲਾ ਲਿਆ ਜਿਨ੍ਹਾਂ ਵਿਚ ਬਹੁਤਾਤ ਬੱਚੇ ਰੂਰਲ (ਪੇਂਡੂ) ਖੇਤਰ ਨਾਲ ਸਬੰਧਿਤ ਸਨ। ਅੱਜ ਉਨ੍ਹਾਂ ਵਿਚ ਜ਼ਿਆਦਾਤਰ ਬੱਚੇ ਜਿਨ੍ਹਾਂ ਨੇ ਇਹ ਕੋਰਸ ਕੀਤਾ ਵਿਦੇਸ਼ਾਂ ਵਿਚ ਸੈੱਟ ਹੋ ਕੇ ਆਪਣਾ ਸੁਚੱਜਾ ਜੀਵਨ ਬਸਰ ਕਰ ਰਹੇ ਹਨ।

ਉਸ ਤੋਂ ਬਾਅਦ ਉਨ੍ਹਾਂ ਨੇ CBSE ਬੋਰਡ ਨਾਲ ਸੰਬੰਧਿਤ (10+2) ਦਾ ਸਕੂਲ ਆਰੰਭ ਕੀਤਾ। ਦੋਨਾਂ ਅਦਾਰਿਆਂ, ਕਾਲਜ ਤੇ ਸਕੂਲ ਲਈ, ਆਪਣੀ ਦੇਖ ਰੇਖ ਹੇਠ ਬਹੁ-ਮੰਜ਼ਲੀਆਂ ਇਮਾਰਤਾਂ ਦਾ ਨਿਰਮਾਣ ਕਰਵਾਇਆ। ਇਨ੍ਹਾਂ ਸਕੂਲਾਂ, ਕਾਲਜਾਂ ਵਿਚ ਜ਼ਿਆਦਾਤਰ ਰੂਰਲ (ਪੇਂਡੂ) ਖੇਤਰ ਨਾਲ ਸੰਬੰਧਿਤ ਖਾਸ ਕਰਕੇ ਇਲਾਕੇ ਦੇ ਬੱਚਿਆਂ ਨੇ ਦਾਖਲੇ ਲਏ ਤੇ ਆਪਣਾ ਭਵਿੱਖ ਰੋਸ਼ਨ ਬਣਾਇਆ। ਅੱਜ ਰਤਵਾੜਾ ਸਾਹਿਬ ਇਲਾਕੇ ਦੇ ਬਹੁਤ ਬੱਚੇ ਇਨ੍ਹਾਂ ਸਕੂਲਾਂ/ਕਾਲਜਾਂ ਵਿਚ ਪੜ੍ਹ ਕੇ, ਦੇਸ਼ਾਂ-ਵਿਦੇਸ਼ਾਂ ਵਿਚ ਨਾਮਣਾ ਖੱਟ ਰਹੇ ਹਨ। ਉਨ੍ਹਾਂ ਦਾ ਸੁਪਨਾ ਸੀ ਕਿ ਸਾਡੇ ਬੱਚੇ ਇਕ ਚੰਗੇ ਇਨਸਾਨ ਬਣਨ ਮਿਆਰੀ ਵਿਦਿਆ ਦੇ ਨਾਲ-ਨਾਲ ਇਨ੍ਹਾਂ ਬੱਚਿਆਂ ਦਾ ਜੀਵਨ ਵੀ ਉੱਚਾ-ਸੁੱਚਾ ਹੋਵੇ। ਇਹ ਧਰਮ ਦੇ ਗੁਣਾਂ ਦੇ ਧਾਰਨੀ ਬਣਨ।

31 ਅਕਤੂਬਰ 2001 ਵਿਚ ਉਨ੍ਹਾਂ ਨੇ ਆਪਣਾ ਪੰਜ ਭੌਤਿਕ ਸਰੀਰ ਉਹਲੇ ਕਰਨ ਤੋਂ ਪਹਿਲਾਂ ਟਰੱਸਟ ਦੀ ਵਾਗਡੋਰ, ਟਰੱਸਟ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਜੀ ਨੂੰ ਸੌਂਪਣਾ ਕੀਤੀ। ਇਨ੍ਹਾਂ ਵਲੋਂ ਟਰੱਸਟ ਤੇ ਸੰਗਤ ਦੇ ਸਹਿਯੋਗ ਨਾਲ 2001 ਤੋਂ ਬਾਅਦ ਪੰਜਾਬ ਬੋਰਡ ਨਾਲ ਸਬੰਧਿਤ 10+2 ਦਾ ਸਕੂਲ ਖੋਲ੍ਹਿਆ ਗਿਆ ਜੋ ਕਿ ਅੰਗ੍ਰੇਜ਼ੀ ਮੀਡੀਅਮ ਦਾ ਹੈ। ਇਹ ਸਕੂਲ ਵੀ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ। ਬਾਦ ਵਿਚ ਸਮੇਂ ਦੀ ਲੋੜ ਅਨੁਸਾਰ B.C.A ਕਾਲਜ ਨੂੰ B.Ed ਕਾਲਜ ਵਿਚ ਬਦਲ ਦਿਤਾ ਗਿਆ। ਹਜ਼ਾਰਾਂ ਬੱਚੇ ਇਸ ਕਾਲਜ ਵਿਚ ਪੜ੍ਹ ਕੇ ਅਧਿਆਪਕ ਬਣ, ਬੱਚਿਆਂ ਨੂੰ ਪੜ੍ਹਾਉਣ ਦੇ ਸਮਰੱਥ ਬਣੇ।

ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਟਰੱਸਟ ਵਲੋਂ ਨਰਸਿੰਗ ਸਕੂਲ ਸ਼ੁਰੂ ਕੀਤਾ ਗਿਆ। ਸੰਨ 2015 ਵਿਚ ਇਸ ਕਾਲਜ ਦੀ ਵੀ ਵਿਸ਼ਾਲ ਇਮਾਰਤ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਦੇਖ-ਰੇਖ ਹੇਠ ਬਣਾਈ ਗਈ। ਇਸ ਵਿਚ

ਸ਼ੁਰੂਆਤੀ ਦੌਰ ਵਿਚ (G.N.M) ਕੋਰਸ ਸ਼ੁਰੂ ਕੀਤਾ ਗਿਆ ਜੋ ਕਿ ਅੱਜ ਤੱਕ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ। ਭਵਿੱਖ ਵਿਚ B.S.C ਨਰਸਿੰਗ ਵੀ ਜਲਦੀ ਸ਼ੁਰੂ ਹੋ ਰਹੀ ਹੈ।

ਉਪਰੋਕਤ ਵੀਚਾਰ ਕਰਨ ਦਾ ਭਾਵ ਹੈ ਕਿ ਟਰੱਸਟ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਦਾ ਇਹ ਵੀਜ਼ਨ ਸੀ ਕਿ ਇਸ ਪਛੜੇ ਇਲਾਕੇ ਵਿਚ ਗੁਰਮਤਿ ਦੇ ਪ੍ਰਚਾਰ ਦੇ ਨਾਲ-ਨਾਲ ਵਿਦਿਆ ਦਾ ਇੰਤਜ਼ਾਮ ਵੀ ਕੀਤਾ ਜਾਵੇ। ਇਹ ਵਿਦਿਆ ਕੇਵਲ ਡਿਗਰੀ ਹਾਸਲ ਕਰਨ ਹਿਤ ਹੀ ਨਹੀਂ ਸਗੋਂ ਇਥੋਂ ਪੜ੍ਹ ਕੇ ਬੱਚੇ ਇਕ ਚੰਗੇ ਇਨਸਾਨ ਬਣ ਕੇ ਨਿਕਲਣ, ਜਿਨ੍ਹਾਂ ਦਾ ਉਚਾ ਸੁੱਚਾ ਜੀਵਨ ਬਣੇ। ਇਸੇ ਵੀਜ਼ਨ ਨੂੰ ਮੁੱਖ ਰਖਦੇ ਹੋਏ ਇਹ ਵਿਦਿਅਕ ਅਦਾਰੇ ਚੱਲ ਰਹੇ ਹਨ। ਇਸ ਵੇਲੇ ਦੋ ਸਕੂਲ, ਦੋ ਕਾਲਜ ਚੜ੍ਹਦੀ ਕਲਾ ਵਿਚ ਟਰੱਸਟ ਦੇ ਅਧੀਨ ਚਲ ਰਹੇ ਹਨ। ਜਿਨ੍ਹਾਂ ਵਿਚ ਮਿਆਰੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਵੀ ਦਿਤੀ ਜਾਂਦੀ ਹੈ। ਇਕ ਚੰਗੇ ਸ਼ਹਿਰੀ, (ਇਨਸਾਨ) ਬਣਨ ਲਈ ਪ੍ਰੇਰਨਾ ਦਿਤੀ ਜਾਂਦੀ ਹੈ। ਮਾਇਕ ਤੌਰ 'ਤੇ ਫੀਸਾਂ ਚੌਗਿਰਦੇ ਦੇ ਵਿਦਿਅਕ ਅਦਾਰਿਆਂ ਨਾਲੋਂ ਕਾਫੀ ਘੱਟ ਵਸੂਲੀਆਂ ਜਾਂਦੀਆਂ ਹਨ। ਇਹ ਵਸੂਲੀਆਂ ਫੀਸਾਂ ਬੱਚਿਆਂ ਦੀ ਭਲਾਈ ਲਈ ਹੀ ਖਰਚ ਕੀਤੀਆਂ ਜਾਂਦੀਆਂ ਹਨ। ਉਚ ਵਿਦਿਆ ਦੇ ਧਾਰਨੀ, ਸੁਚੱਜੇ ਅਧਿਆਪਕ ਸਾਹਿਬਾਨ ਪਾਰਦਰਸ਼ੀ ਢੰਗ ਨਾਲ ਰੱਖੇ ਜਾਂਦੇ ਹਨ। ਜੋ ਵੀ ਫੀਸਾਂ ਦੇ ਰੂਪ ਵਿਚ ਮਾਇਆ ਆਉਂਦੀ ਹੈ ਉਹ ਕਿਸੇ ਹੋਰ ਕਾਰਜ 'ਤੇ ਖਰਚ ਨਹੀਂ ਕੀਤੀ ਜਾਂਦੀ। ਸਗੋਂ ਬੱਚਿਆਂ ਲਈ ਹੋਰ ਨਵੀਆਂ ਯੋਜਨਾਵਾਂ ਉਲੀਕੀਆਂ ਜਾਂਦੀਆਂ ਹਨ ਤਾਂ ਜੋ ਇਥੋਂ ਦੇ ਬੱਚੇ ਸੰਸਾਰ ਭਰ ਵਿਚ ਮੁਕਾਬਲੇ ਵਿਚ ਨਾਮਣਾ ਖੱਟਣ।

ਬਹੁਤ ਸਾਰੇ ਬੱਚਿਆਂ ਨੇ ਇਥੋਂ ਪੜ੍ਹ ਕੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਿਆ, ਚਾਹੇ ਉਹ ਖੇਡਾਂ ਦਾ, ਸੰਗੀਤ ਦਾ, ਗਤਕੇ ਦਾ, ਧਾਰਮਿਕ ਫਿਲਮਾਂ ਦਾ, ਯੂਨੀਵਰਸਿਟੀਆਂ, ਬੋਰਡਾਂ ਵਿਚ ਅਤੇ 15 ਅਗਸਤ, 26 ਜਨਵਰੀ ਦੀਆਂ ਪਰੇਡਾਂ ਵਿਚ ਹਿੱਸਾ ਲੈ ਕੇ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ। ਇਹ ਸਾਰਾ ਕੁਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਖਸ਼ਿਸ਼, ਮਹਾਂਪੁਰਸ਼ਾਂ ਦੀਆਂ ਅਸੀਸਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਸੰਭਵ ਹੋ ਰਿਹਾ ਹੈ। ਟਰੱਸਟ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਜੀ ਦਾ ਵੀ ਇਹੀ ਵੀਜ਼ਨ ਹੈ ਕਿ ਇਨ੍ਹਾਂ ਨੂੰ ਹੋਰ ਚੜ੍ਹਦੀ ਕਲਾ ਵਿਚ ਲੈ ਕੇ ਜਾਣਾ ਹੈ। ਨਵੇਂ-ਨਵੇਂ ਕੋਰਸ ਲਿਆਂਦੇ ਜਾਣ ਤਾਂ ਜੋ ਬੱਚੇ ਮੁਕਾਬਲੇ ਦੇ ਯੁੱਗ ਵਿਚ ਪਿੱਛੇ ਨਾ ਰਹਿਣ। ਉਹ ਖੁਦ ਸਮੇਂ-ਸਮੇਂ ਇਨ੍ਹਾਂ ਅਦਾਰਿਆਂ ਵਿਚ ਆਪ ਜਾ ਕੇ ਅਦਾਰਿਆਂ ਦਾ ਨਿਰੀਖਣ ਪਰਖਣ ਕਰਕੇ ਪ੍ਰਬੰਧਕਾਂ ਨੂੰ ਸੁਝਾਅ ਦੇ ਕੇ ਨਵੀਂ ਦਿਸ਼ਾ ਪ੍ਰਦਾਨ ਕਰ ਰਹੇ ਹਨ। ਆਉਣ ਵਾਲੇ ਸਮੇਂ ਵਿਚ ਭਵਿੱਖਤ ਵਿਉਂਤਬੰਦੀ, ਗੁਰੂ ਕ੍ਰਿਪਾ ਸਦਕਾ ਹੈ ਕਿ ਹੋਰ ਬੁਲੰਦੀਆਂ ਵਿਚ ਇਨ੍ਹਾਂ ਵਿਦਿਅਕ ਅਦਾਰਿਆਂ ਨੂੰ ਲੈ ਕੇ ਜਾਇਆ ਜਾਵੇ।

ਆਉ! ਇਸ ਵਿਦਿਆ ਦੇ ਖੇਤਰ ਦੀ ਲੜੀ ਵਿਚ ਨਰਸਿੰਗ ਸਕੂਲ ਤੇ ਬੀ.ਐਡ ਕਾਲਜ ਦੇ ਦਾਖਲੇ ਸ਼ੁਰੂ ਹੋ ਚੁਕੇ ਹਨ। 10+2 ਪਾਸ ਬੱਚੀਆਂ ਲਈ ਨਰਸਿੰਗ ਸਕੂਲ ਵਿਚ G.N.M ਕੋਰਸ ਹੈ ਜਿਸਦੀਆਂ ਸੀਮਿਤ ਸੀਟਾਂ ਹਨ। ਇਹ ਕੇਵਲ ਲੜਕੀਆਂ ਲਈ ਹੈ। ਹੋਸਟਲ ਵੀ ਉਪਲੱਬਧ ਹੈ। ਬਹੁਤ ਹੀ ਨਾ-ਮਾਤਰ ਚਾਰਜ ਲੈ ਕੇ ਹੋਸਟਲ ਦੀ ਸਹੂਲਤ ਬੱਚੀਆਂ ਨੂੰ ਦਿਤੀ ਜਾ ਰਹੀ ਹੈ। ਦੂਸਰਾ ਕਾਲਜ ਬੀ.ਐਡ ਦਾ ਹੈ। ਇਸ ਵਿਚ ਬੀ.ਏ/ਸਨਾਤਕ ਪੱਧਰ ਪਾਸ ਕਿਸੇ ਵੀ ਸਟਰੀਮ ਦਾ ਬੱਚਾ ਹੋਵੇ, ਦਾਖਲਾ ਲੈ ਸਕਦਾ ਹੈ। ਹੋਸਟਲ ਨਾਮਾਤਰ ਚਾਰਜ ਲੈ ਕੇ ਉਪਲੱਬਧ ਕਰਵਾਇਆ ਜਾ ਰਿਹਾ ਹੈ।

ਸਿਲੇਬਸ ਦੀ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਪੀਰੀਅਡ ਵੀ ਰਖਿਆ ਜਾ ਰਿਹਾ ਹੈ। ਵੱਖ-ਵੱਖ ਵਿਦਵਾਨ ਸਮੇਂ-ਸਮੇਂ ਆ ਕੇ ਧਰਮ ਦੇ ਸਿਧਾਂਤਾਂ ਤੋਂ ਜਾਣੂ ਕਰਵਾਉਂਦੇ ਹੋਏ ਇਕ ਚੰਗੇ ਇਨਸਾਨ ਬਣਨ ਲਈ ਪ੍ਰੇਰਨਾਦਾਇਕ ਸਿੱਧ ਹੋਣਗੇ। ਵਿਦਿਅਕ ਅਦਾਰਿਆਂ ਦਾ ਅੰਦਰਲਾ ਅਤੇ ਬਾਹਰਲਾ ਵਾਤਾਵਰਣ ਸਾਰਾ ਹੀ ਰੂਹਾਨੀਅਤ ਭਰਪੂਰ ਹੈ। ਰਤਵਾੜਾ ਸਾਹਿਬ ਅਸਥਾਨ ਦਾ ਸਮੁੱਚਾ ਚੌਗਿਰਦਾ ਹਰਿਆਵਲ ਭਰਪੂਰ ਤੇ ਨਾਮ ਬਾਣੀ ਦੀਆਂ ਸੂਖਸ਼ਮ ਕਿਰਨਾਂ ਨਾਲ ਸ਼ਾਂਤੀ ਬਖਸ਼ਿਸ਼ ਕਰ ਰਿਹਾ ਹੈ।

ਆਉ! ਸਮੂੰਹ ਸੰਗਤਾਂ ਤੇ ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਬੱਚੀਆਂ ਨੇ 10+2 ਕੀਤੀ ਹੈ। ਉਹ GNM, Nany care, E.C.C.E (Early Childhood Care) N.T.T (ਨਰਸਰੀ ਟੀਚਰ ਟਰੇਨਿੰਗ ) ਕੋਰਸ ਕਰ ਸਕਦੀਆਂ ਹਨ। ਬੀ.ਏ ਪਾਸ ਬੀ.ਐਡ ਵਿਚ ਦਾਖਲਾ ਲੈ ਸਕਦੀਆਂ ਹਨ। ਇਹ

ਸਾਰੇ ਉਹ ਕੋਰਸ ਹਨ ਜਿਨ੍ਹਾਂ ਦੀ ਵਿਦੇਸ਼ਾਂ ਵਿਚ ਬਹੁਤ ਮੰਗ ਹੈ। ਇਨ੍ਹਾਂ ਰਾਹੀਂ ਬੱਚੀਆਂ ਵਿਦੇਸ਼ਾਂ ਵਿਚ ਜਾ ਕੇ ਰੋਜ਼ੀ-ਰੋਟੀ ਕਮਾਉਂਦੇ ਹੋਏ ਸੁਚੱਜਾ ਜੀਵਨ ਬਸਰ ਕਰ ਸਕਦੀਆਂ ਹਨ।

ਆਉ! ਲੜਕੀਆਂ ਦੇ ਸੁਨਹਿਰੀ ਭਵਿੱਖ ਹਿਤ ਇਨ੍ਹਾਂ ਅਦਾਰਿਆਂ ਵਿਚ ਦਾਖਲਾ ਕਰਵਾਉ। ਚਾਹਵਾਨ ਬੱਚੀਆਂ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੀਆਂ ਹਨ -

**GNM ਨਰਸਿੰਗ ਕੋਰਸ ਵਾਸਤੇ -**

62802-94356, 82848-53375, 99880-01264

**N.T.T, E.C.C.E, Nany care ਅਤੇ**

**ਬੀ.ਐਡ ਵਾਸਤੇ**

**95015-14382, 62806-88734, 99888-11059, 88470-00523**

ਸੋ ਰਤਵਾੜਾ ਸਾਹਿਬ ਨੂੰ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿਚ ਜੇਕਰ ਪਰਿਭਾਸ਼ਿਤ ਕਰਨਾ ਹੋਵੇ ਤਾਂ ਉਪਰੋਕਤ ਦੇ ਅਧਾਰ ਤੇ ਕਹਿ ਸਕਦੇ ਹਾਂ ਕਿ ਪਰਾ ਤੇ ਅਪਰਾ ਵਿਦਿਆ ਦੇ ਸੁਮੇਲ ਦਾ ਕੇਂਦਰ - ਰਤਵਾੜਾ ਸਾਹਿਬ ਹੈ। ਪਰਾ ਵਿਦਿਆ ਉਹ ਗਿਆਨ ਹੈ ਜੋ ਮਨੁੱਖ ਨੂੰ ਪ੍ਰਮਾਤਮਾ, ਆਤਮ ਸਰੂਪ ਅਤੇ ਸੱਚ ਦੀ ਪ੍ਰਾਪਤੀ ਕਰਾਉਂਦਾ ਹੈ। ਇਹ ਅਧਿਆਤਮਿਕ ਗਿਆਨ ਹੈ ਜੋ ਮੁਕਤੀ ਵਲ ਲੈ ਜਾਂਦਾ ਹੈ। ਜਿਵੇਂ ਕਿ ਪ੍ਰਮਾਤਮਾ ਦੀ ਭਗਤੀ, ਆਤਮ ਗਿਆਨ, ਬ੍ਰਹਮ ਦੀ ਪਛਾਣ ਅਤੇ ਗੁਰਬਾਣੀ ਦੇ ਅਸਲ ਅਰਥ ਸਮਝਣਾ। ਅਪਰਾ ਵਿਦਿਆ ਸੰਸਾਰਿਕ ਜਾਂ ਲੌਕਿਕ ਗਿਆਨ ਹੈ। ਇਸ ਵਿਚ ਉਹ ਸਾਰੀਆਂ ਵਿਦਿਆਵਾਂ ਆਉਂਦੀਆਂ ਹਨ ਜੋ ਦੁਨਿਆਵੀ ਜੀਵਨ ਚਲਾਉਣ ਲਈ ਲਾਭਦਾਇਕ ਹਨ। ਜਿਵੇਂ ਕਿ ਭਾਸ਼ਾਵਾਂ, ਗਣਿਤ, ਵਿਗਿਆਨ, ਮੈਡੀਕਲ ਇਤਿਹਾਸ ਆਦਿਕ।

ਸੋ ਥੋੜ੍ਹੇ ਸ਼ਬਦਾਂ ਵਿਚ ਅਪਰਾ ਵਿਦਿਆ ਦੁਨੀਆਂ ਨੂੰ ਜਾਣਨ ਵਾਲਾ ਗਿਆਨ ਤੇ ਪਰਾ ਵਿਦਿਆ ਆਪਣੇ ਆਪ ਤੇ ਪ੍ਰਮਾਤਮਾ ਨੂੰ ਜਾਣਨ ਵਾਲਾ ਗਿਆਨ ਹੈ। ਗੁਰਮਤਿ ਅਨੁਸਾਰ ਸਿਰਫ ਸੰਸਾਰਿਕ ਵਿਦਿਆ ਕਾਫੀ ਨਹੀਂ ਮਨੁੱਖ ਦਾ ਅਸਲ ਮਨੋਰਥ ਪਰਾ ਵਿਦਿਆ ਰਾਹੀਂ ਅਕਾਲ ਪੁਰਖ ਦੀ ਪਹਿਚਾਣ ਕਰਨਾ ਹੈ।

*(ਪੰਨਾ 14 ਦੀ ਬਾਕੀ)*

ਲਿਆ ਕਿ ਹੁਣ ਅਸਾਡੇ ਰਾਜੇ ਨੂੰ ਹੋਸ਼ ਆ ਰਹੀ ਹੈ। ਸਾਰੇ ਛੁਪ ਕੇ ਬੈਠੇ ਸਨ ਰਾਜੇ ਨੂੰ ਜਦੋਂ ਹੋਸ਼ ਆਈ ਤਾਂ ਉਸ ਨੇ ਰਾਈਫਲ ਰੱਖ ਦਿਤੀ, ਵੰਡੋਲੀਅਰ ਲਾਹ ਦਿਤਾ ਅਤੇ ਇਧਰ-ਉਧਰ ਦੇਖਣ ਲੱਗਿਆ। ਉਸੇ ਵੇਲੇ ਵਜ਼ੀਰ ਤੇ ਮਿਲਟਰੀ ਸੈਕਟਰੀ ਰਾਜੇ ਦੇ ਕੋਲ ਆ ਕੇ ਸੈਲੂਟ ਕਰਕੇ ਕਹਿਣ ਲੱਗੇ, "ਹਜ਼ੂਰ! ਗੁਸਤਾਖੀ ਮਾਫ ਕਰਨਾ ਆਪ ਨਸ਼ੇ ਦੇ ਐਨਾ ਅਧੀਨ ਹੋ ਗਏ ਸੀ ਕਿ ਆਪ ਨੂੰ ਸੁਰਤ ਹੀ ਨਾ ਰਹੀ। ਉਸ ਵੇਲੇ ਆਪ ਨੇ ਜ਼ਬਰਦਸਤੀ ਇਕ ਸਿਪਾਹੀ ਦੀ ਵਰਦੀ ਪਹਿਨ ਕੇ ਪਹਿਰਾ ਦੇਣਾ ਸ਼ੁਰੂ ਕਰ ਦਿਤਾ। ਸ਼ੁਕਰ ਹੈ ਪ੍ਰਭੂ ਦਾ, ਅਸਾਡੇ ਮਹਾਰਾਜ ਨਸ਼ੇ ਤੋਂ ਹੋਸ਼ ਵਿਚ ਪਰਤ ਆਏ ਹਨ। ਉਸੇ ਵੇਲੇ ਸ਼ਾਹੀ ਵਸਤਰ ਦਿਤੇ ਗਏ ਅਤੇ ਇਸ ਨੇ ਪਾਸ ਹੀ ਗਾਰਦ ਦੇ ਕਮਰੇ ਵਿਚ ਵਸਤਰ ਬਦਲ ਲਏ। ਜਿਉਂ-ਜਿਉਂ ਸੁਰਤ ਆਉਂਦੀ ਜਾਵੇ ਤਿਉਂ-ਤਿਉਂ ਮਨ ਵਿਚ ਸ਼ਰਮਿੰਦਾ ਹੁੰਦਾ ਚਲਿਆ ਜਾਵੇ ਕਿ ਮੈਂ ਕੀ ਕੰਮ ਕੀਤਾ, ਇਹ ਲੋਕ ਕੀ ਕਹਿਣਗੇ, ਕਲ੍ਹ ਨੂੰ ਇਹ ਗੱਲ ਫੈਲੇਗੀ। ਆਪਣੇ ਅਸਲੀ ਸਰੂਪ ਵਿਚ ਆ ਕੇ ਮਹਲਾਂ ਵਿਚ ਚਲਿਆ ਗਿਆ। ਦੂਜੇ ਦਿਨ ਵਜ਼ੀਰ ਨਾਲ ਗੱਲ ਕੀਤੀ ਕਿ ਵਜ਼ੀਰ ਸਾਹਿਬ! ਮੈਂ ਤਾਂ ਹੈਰਾਨ ਹਾਂ ਕਿ ਨਸ਼ੇ ਵਿਚ ਕਿੰਨੀ ਤਾਕਤ ਹੈ ਕਿ ਇਹ ਬੰਦੇ ਨੂੰ ਬਿਲਕੁਲ ਹੀ ਭੁਲਾ ਦਿੰਦਾ ਹੈ। ਮੈਂ ਤੁਹਾਡੀਆਂ ਗੱਲਾਂ ਹੀ ਸੁਣੀਆਂ ਹਨ ਪਰ ਮੈਨੂੰ ਬਿਲਕੁਲ ਨਹੀਂ ਪਤਾ ਕਿ ਮੈਨੂੰ ਤੁਸੀਂ ਕਦੋਂ ਬੱਘੀ ਵਿਚ ਪਾ ਕੇ ਲਿਆਏ, ਕਦੋਂ ਮੈਂ ਵਰਦੀ ਪਹਿਨ ਲਈ, ਇਹ ਤਾਂ ਮੈਨੂੰ ਫੇਰ ਹੋਸ਼ ਆਈ ਤੇ ਪਤਾ ਲੱਗਿਆ। ਕਹਿਣ ਲੱਗਿਆ, "ਵਜ਼ੀਰ ਸਾਹਿਬ! ਮੇਰੇ ਮਨ ਵਿਚ ਇਕ ਗੱਲ ਉਭਰ ਕੇ ਸਾਮ੍ਹਣੇ ਆਈ ਹੈ ਕਿ ਦੇਖੋ ਸ਼ਰਾਬ ਦੇ ਨਸ਼ੇ ਵਿਚ ਕਿੰਨੀ ਤਾਕਤ ਹੈ ਕਿ ਮੇਰੀ ਸਾਰੀ ਹੋਸ਼ ਹੀ ਭੁਲਾ ਦਿਤੀ ਪਰ ਜੋ ਮਾਇਆ ਦਾ ਨਸ਼ਾ ਹੈ ਉਸ ਵਿਚ ਕਿੰਨੀ ਤਾਕਤ ਹੋਣੀ ਹੈ? ਉਸ ਨਸ਼ੇ ਦੀ ਕਿੰਨੀ ਮਿਆਦ ਹੈ? ਜਿਵੇਂ ਮੈਂ ਭੁੱਲ ਗਿਆ ਕਿ ਮੈਂ ਰਾਜਾ ਨਹੀਂ ਹਾਂ, ਸਿਪਾਹੀ ਹਾਂ ਮੈਨੂੰ ਲਗਦਾ ਹੈ ਕਿ ਇਵੇਂ ਜਿਵੇਂ ਇਹ ਜੀਵ ਪੂਰੀ ਤਰ੍ਹਾਂ ਨਾਲ ਭੁੱਲ ਗਿਆ ਕਿ ਮੈਂ ਪ੍ਰਮੇਸ਼ਰ ਦੀ ਅੰਸ ਨਹੀਂ ਹਾਂ, ਮੈਂ ਜੀਵ ਹਾਂ।" ਸੋ ਇਸ ਤਰ੍ਹਾਂ ਨਾਲ ਸੰਸਾਰ ਪੂਰੀ ਤਰ੍ਹਾਂ ਨਾਲ ਭੁੱਲਿਆ ਪਿਆ ਹੈ।

*'ਚਲਦਾ..........।'*

# ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਵਿਧੀ (ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾ ਕੀ ਦੇਹ)

*ਡਾ. ਸਰੂਪ ਸਿੰਘ ਅਲੱਗ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪ ਗੁਰੂ ਹਨ, ਪਥ ਪਰਦਰਸ਼ਕ ਹਨ, ਜਿਨ੍ਹਾਂ ਵਿਚ 36 ਮਹਾਂਪੁਰਸ਼ਾਂ ਦੀ ਇਲਾਹੀ ਬਾਣੀ ਹੈ। ਇਨ੍ਹਾਂ 36 ਮਹਾਂਪੁਰਸ਼ਾਂ ਵਿਚੋਂ 6 ਸਿੱਖ ਗੁਰੂ ਸਾਹਿਬਾਨ ਹਨ, 15 ਭਾਰਤ ਵਰਸ਼ ਦੇ ਵੱਖ-ਵੱਖ ਖੇਤਰਾਂ ਵਿਚ 12ਵੀਂ ਸਦੀ ਤੋਂ ਲੈ ਕੇ 16ਵੀਂ ਸਦੀ ਤਕ ਵਿਚਰੇ ਭਗਤ ਜਨ ਹਨ ਜਿਨ੍ਹਾਂ ਵਿਚ ਹਿੰਦੂ ਵੀ ਹਨ ਤੇ ਮੁਸਲਮਾਨ ਵੀ ਹਨ, ਕਥਿਤ ਉਚੀਆਂ ਜਾਤੀਆਂ ਵਾਲੇ ਵੀ ਹਨ ਤੇ ਨੀਵੀਆਂ ਜਾਤਾਂ ਤੇ ਛੋਟੇ-ਛੋਟੇ ਕਾਰੋਬਾਰ ਕਰਨ ਵਾਲੇ ਵੀ ਹਨ। ਇਨ੍ਹਾਂ ਭਗਤ ਪੁਰਸ਼ਾਂ ਵਿਚੋਂ ਕਿਸੇ ਦੀ ਭਾਸ਼ਾ ਹਿੰਦੀ ਹੈ, ਕਿਸੇ ਦੀ ਬ੍ਰਿਜੀ, ਮਰਾਠੀ, ਠੇਠ ਪੰਜਾਬੀ ਜਾਂ ਸੰਤ ਭਾਸ਼ਾ ਹੈ। ਇਨ੍ਹਾਂ ਭਗਤਾਂ ਤੋਂ ਇਲਾਵਾ 4 ਗੁਰੂ ਘਰ ਦੇ ਅੰਨਿਨ ਸਿੱਖ ਸ਼ਰਧਾਲੂ ਹਨ ਅਤੇ 11 ਭੱਟ ਹਨ ਜੋ ਆਪਣੇ ਆਪ ਨੂੰ ਬ੍ਰਾਹਮਣ ਵਿਦਵਾਨ ਅਖਵਾਉਂਦੇ ਹਨ ਅਤੇ ਜੋ ਮੁੱਖ ਤੌਰ 'ਤੇ ਵੱਖ-ਵੱਖ ਥਾਵਾਂ ਦਾ ਭ੍ਰਮਣ ਕਰਕੇ ਧਾਰਮਿਕ ਬੈਠਕਾਂ, ਇਕੱਤਰਤਾਵਾਂ ਵਿਚ ਸ਼ਾਮਲ ਹੋ ਕੇ ਆਪਣੀ ਵਿਦਵਤਾ, ਗਿਆਨ ਤੇ ਡੂੰਘੇ ਅਨੁਭਵਾਂ ਰਾਹੀਂ ਮਾਨਵ ਸਮਾਜ ਨੂੰ ਪ੍ਰਮਾਤਮਾ ਦੀ ਹਸਤੀ ਨਾਲ ਜੋੜਨ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਇਨ੍ਹਾਂ ਸਾਰੇ ਪ੍ਰਭੂ ਪ੍ਰੇਮੀਆਂ ਦੀ ਬਾਣੀ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਇਕੱਤਰ ਕਰਨ ਦਾ ਸਿਲਸਿਲਾ ਚਲ ਪਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਲੱਗਭੱਗ 39 ਹਜ਼ਾਰ ਕਿਲੋਮੀਟਰ ਦਾ ਭ੍ਰਮਣ ਕਰਕੇ ਉਸ ਸਮੇਂ ਦੇ ਵਿਸ਼ਵ ਸਮਾਜ ਨੂੰ ਅਕਾਲ ਪੁਰਖ ਦੀ ਪਰਮ ਸ੍ਰੇਸ਼ਟ ਵਡੱਤਣ ਦੀ ਸੋਝੀ ਕਰਵਾਈ ਤੇ ਧਰਮ ਦੇ ਸਹੀ ਅਰਥਾਂ ਦਾ ਬੋਧ ਕਰਵਾਇਆ। ਆਪਣੀਆਂ ਚਾਰ ਉਦਾਸੀਆਂ (ਪ੍ਰਚਾਰ ਫੇਰੀਆਂ) ਦੌਰਾਨ ਜਿਨ੍ਹਾਂ ਨੂੰ ਉਨ੍ਹਾਂ ਨੇ ਮੁਕੰਮਲ ਕਰਨ ਵਿਚ ਤਕਰੀਬਨ 24 ਸਾਲ ਤਕ ਲੰਮਾ ਸਫ਼ਰ ਕੀਤਾ, ਉਨ੍ਹਾਂ ਨੇ ਕਈ ਪ੍ਰਕਾਰ ਦੇ ਸਾਧੂਆਂ, ਸੰਤਾਂ, ਭਗਤਾਂ ਨਾਲ ਸੰਪਰਕ ਸਥਾਪਿਤ ਕੀਤਾ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਕੇ ਹਰ ਖੇਤਰ ਵਿਚ ਕ੍ਰਾਂਤੀਕਾਰੀ ਸੋਚ ਨੂੰ ਬੜਾਵਾ ਦਿਤਾ। ਇਸ ਦੌਰਾਨ ਉਨ੍ਹਾਂ ਆਪਣੇ ਵਲੋਂ ਜੋ ਵੀ 'ਧੁਰ ਕੀ ਬਾਣੀ' ਰਚੀ ਉਸ ਨੂੰ ਉਹ ਇਕੱਤਰ ਕਰਦੇ ਰਹੇ, ਗਾ-ਗਾ ਕੇ ਮਾਨਵ ਜਾਤ ਨੂੰ ਸੁਣਾ ਕੇ ਉਸ ਦੇ ਕਪਾਟ ਖੋਲ੍ਹਦੇ ਰਹੇ ਤੇ ਜਨ ਸਮੂੰਹ ਨੂੰ ਆਪਣੇ ਵਿਚਾਰਾਂ ਤੇ ਇਲਾਹੀ ਬਾਣੀ ਨਾਲ ਜੋੜਦੇ ਰਹੇ। ਉਨ੍ਹਾਂ ਤੋਂ ਪਹਿਲਾਂ ਹੋ ਚੁੱਕੇ ਭਾਰਤੀ ਸੰਤਾਂ ਦੀ ਰਚੀ ਜੋ ਬਾਣੀ ਉਨ੍ਹਾਂ ਨੂੰ ਆਪਣੇ ਵਿਚਾਰਾਂ ਦੇ ਅਨੁਕੂਲ ਲੱਗੀ ਉਸ ਨੂੰ ਵੀ ਇਕੱਤਰ ਕਰਦੇ ਰਹੇ। ਇਸ ਤਰ੍ਹਾਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਦਾ ਅਮਲ ਉਨ੍ਹਾਂ ਵਲੋਂ ਹੀ ਪ੍ਰਾਰੰਭ ਹੋ ਗਿਆ। ਗੁਰੂ ਸਾਹਿਬ ਦਾ ਮਿਸ਼ਨ ਮਾਨਵ ਜਾਤ ਨੂੰ ਸ਼ਬਦ ਗੁਰੂ ਨਾਲ ਜੋੜਨ ਦਾ ਸੀ ਤਾਂ ਕਿ ਲੁਕਾਈ ਭਰਮਾਂ ਵਹਿਮਾਂ ਦੇ ਵਿਅਰਥ ਚੱਕਰਾਂ ਵਿਚੋਂ ਨਿਕਲ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਵਿਚ ਲਗ ਸਕੇ ਜੋ ਸਾਡਾ ਸਾਰਿਆਂ ਦਾ ਪਾਲਣਹਾਰ ਹੈ, ਪਿਤਾ ਪਰਮੇਸ਼ਵਰ ਹੈ। ਉਨ੍ਹਾਂ ਨੇ ਸਿੱਧਾਂ ਨੂੰ ਇਹ ਗੱਲ ਸਪੱਸ਼ਟ ਰੂਪ ਵਿਚ ਕਹਿ ਦਿਤੀ ਸੀ ਕਿ ਉਨਹਾਂ ਦਾ ਗੁਰੂ ਕੇਵਲ ਤੇ ਕੇਵਲ 'ਸ਼ਬਦ' ਹੈ ਅਤੇ ਉਹ ਇਸ ਸ਼ਬਦ ਗੁਰੂ ਦੇ ਲੜ ਹੀ ਸਾਨੂੰ ਸਾਰਿਆਂ ਨੂੰ ਲਗਾਉਣਾ ਚਾਹੁੰਦੇ ਸਨ ਜਿਸ ਲਈ ਉਨ੍ਹਾਂ ਨੇ ਹਰ ਹੀਲਾ ਵਸੀਲਾ ਜੋੜਿਆ। ਆਪਣੇ ਜੋਤੀ ਜੋਤ ਸਮਾਉਣ ਸਮੇਂ ਉਨ੍ਹਾਂ ਨੇ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਉਹ ਪੋਥੀ ਭੇਂਟ ਕੀਤੀ ਜਿਸ ਵਿਚ ਉਨ੍ਹਾਂ ਦੀ ਆਪਣੀ ਤੇ ਕਈ ਭਗਤਾਂ-ਸੰਤਾਂ ਦੀ ਬਾਣੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਜੋ ਬਾਣੀ ਰਚੀ ਉਹ ਵੀ ਇਸ ਪੋਥੀ ਵਿਚ ਇਕੱਤਰ ਕਰ ਦਿਤੀ ਗਈ ਤੇ ਇਸ ਬਾਣੀ ਦਾ ਹੀ ਗਾਇਨ ਹੋਣ ਲਗ ਪਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤਾਂ ਇਸ ਦੇ ਛੋਟੇ-ਛੋਟੇ ਗੁਟਕੇ ਤਿਆਰ ਕਰਕੇ ਸੰਗਤਾਂ ਵਿਚ ਇਸ ਦਾ ਪ੍ਰਸਾਰ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਤਾਂ ਇਸ ਬਾਣੀ ਨੂੰ ਬਹੁਤ ਮਹਾਨਤਾ ਪ੍ਰਾਪਤ ਹੋਣ ਲਗ ਪਈ। ਸ੍ਰੀ ਗੁਰੂ ਅਰਜਨ ਦੇਵ ਜੀ ਖੁਦ ਬਾਣੀ ਦੇ ਬੋਹਿਥ ਸਨ। ਉਨ੍ਹਾਂ ਨੇ ਆਪਣੇ ਜੀਵਨ ਵਿਚ ਜਿਹੜੀ ਬਾਣੀ ਰਚੀ ਉਸ ਦੇ 2218 ਸ਼ਬਦ ਸਨ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਮਹਿਸੂਸ ਕੀਤਾ ਕਿ ਕੁਝ ਸਵਾਰਥੀ ਤੇ ਚਤੁਰ ਮਨੁਖ ਲਾਲਚ ਵਸ, ਚੌਧਰ ਵਸ ਜਾਂ ਈਰਖਾ ਵਸ ਇਸ ਇਲਾਹੀ

ਬਾਣੀ ਵਿਚ ਮਿਲਾਵਟ ਕਰਨ ਦੇ ਯਤਨ ਕਰਨ ਲਗ ਪਏ ਹਨ ਅਤੇ ਜੇਕਰ ਇਸ ਪਵਿੱਤਰ ਬਾਣੀ ਨੂੰ ਇਕ ਥਾਂ ਇਕੱਤਰ ਕਰਕੇ ਇਸ ਨੂੰ ਸਿੱਕੇਬੰਦ ਰੂਪ ਵਿਚ ਸੰਭਾਲਿਆ ਨਾ ਗਿਆ ਤਾਂ ਇਸ ਵਿਚ ਮਿਲਾਵਟ ਹੋ ਜਾਵੇਗੀ ਅਤੇ ਇਸ ਵਿਚ ਜੋ ਅਕਾਲਪੁਰਖ ਦੀ ਉਸਤਤੀ ਕਰਨ ਦਾ ਮੂਲ ਮਨੋਰਥ ਹੈ, ਉਸ ਵਿਚ ਰਲਗੱਡ ਹੋ ਜਾਣ ਕਾਰਨ ਮਨੁੱਖਤਾ ਫਿਰ ਭੰਬਲ ਭੂਸਿਆਂ ਵਿਚ ਪੈ ਜਾਵੇਗੀ। ਗੁਰੂ ਪਾਤਸ਼ਾਹ ਦੀ ਇਸ ਦੂਰ ਦ੍ਰਿਸ਼ਟਤਾ ਕਾਰਨ ਅਤੇ ਮਾਨਵਤਾ ਨੂੰ ਸ਼ਬਦ ਰੂਪ ਗੁਰੂ ਨਾਲ ਜੋੜਨ ਦੇ ਮਹਾਨ ਉਦੇਸ਼ ਦੀ ਪੂਰਤੀ ਕਾਰਨ ਉਨ੍ਹਾਂ ਨੇ ਵਿਸ਼ੇਸ਼ ਪ੍ਰਯਤਨ ਕਰਕੇ ਜਿੱਥੇ-ਜਿੱਥੇ ਵੀ ਇਹ ਬਾਣੀ ਪਈ ਹੋਈ ਸੀ, ਉਥੋਂ ਇਹ ਪ੍ਰਾਪਤ ਕੀਤੀ ਅਤੇ ਫਿਰ ਰਾਮਸਰ ਅੰਮ੍ਰਿਤਸਰ ਦੇ ਅਸਥਾਨ ਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਇਕੱਠੀ ਹੋਈ ਸਾਰੀ ਬਾਣੀ ਦਾ ਨਰੀਖਣ ਕੀਤਾ ਅਤੇ ਉਸ ਨੂੰ ਇਕ ਬੱਝਵੀਂ ਤਰਤੀਬ ਵਿਚ ਤੇ ਰਾਗਾਂ ਅਨੁਸਾਰ ਉਸਦਾ ਸੰਪਾਦਨ ਕੀਤਾ। ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਜਾਣ ਵਾਲੀ ਬਾਣੀ ਨੂੰ ਆਪਣੇ ਮੁਖਾਰਬਿੰਦ ਦੁਆਰਾ ਉਚਾਰਦੇ ਰਹੇ ਤੇ ਭਾਈ ਗੁਰਦਾਸ ਜੀ ਇਸ ਨੂੰ ਕਲਮਬੰਦ ਕਰਦੇ ਰਹੇ। ਇਹ ਸ਼ਬਦ ਗੁਰੂ ਦੀ ਸਿਰਜਨਾ ਦਾ ਅਮਲ 1601 ਈ: ਵਿਚ ਹਰਿਮੰਦਰ ਸਾਹਿਬ ਦੀ ਸਿਰਜਨਾ ਸੰਪੰਨ ਹੋਣ ਤੇ ਪ੍ਰਾਰੰਭ ਹੋਇਆ ਅਤੇ 15 ਅਗਸਤ 1604 ਈ: ਨੂੰ ਮੁਕੰਮਲ ਹੋਇਆ। ਜਦ ਇਹ ਬਖਸ਼ਿਸ਼ਾਂ ਦਾ ਸਰੋਤ ਇਲਾਹੀ ਗ੍ਰੰਥ ਜਿਸ ਨੂੰ 'ਪ੍ਰਮੇਸਰ ਦੀ ਪੋਥੀ' ਦਾ ਨਾਂ ਦਿਤਾ ਗਿਆ, ਸੰਪੂਰਨ ਹੋਇਆ ਤਾਂ ਭਾਈ ਬੰਨੋ ਨੂੰ ਇਸ ਦੀ ਜਿਲਦਬੰਦੀ ਲਈ, ਇਸ ਨੂੰ ਦੇ ਕੇ ਲਾਹੌਰ ਭੇਜਿਆ ਗਿਆ ਅਤੇ ਜਦ ਇਹ ਸਾਰਾ ਕਾਰਜ ਨੇਪਰੇ ਚੜ੍ਹ ਗਿਆ ਤਾਂ ਰਾਮਸਰ ਦੇ ਅਸਥਾਨ ਤੋਂ ਇਕ ਨਗਰ ਕੀਰਤਨ ਦੇ ਰੂਪ ਵਿਚ ਇਸ ਆਦਿ ਗ੍ਰੰਥ ਸਾਹਿਬ ਨੂੰ ਬਾਬਾ ਬੁੱਢਾ ਜੀ ਨੇ ਆਪਣੇ ਸੀਸ ਤੇ ਸੁਭਾਇਮਾਨ ਕਰਕੇ ਸਾਰੇ ਸ਼ਹਿਰ ਵਿਚੋਂ ਲੰਘਦਿਆਂ ਹਰਿਮੰਦਰ ਸਾਹਿਬ ਆ ਬਿਰਾਜਮਾਨ ਕੀਤਾ। ਸਾਰੇ ਰਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਸੱਚੇ ਪਾਤਸ਼ਾਹ ਚੌਰ ਸਾਹਿਬ ਦੀ ਸੇਵਾ ਕਰਦੇ ਰਹੇ। ਸੰਗਤਾਂ ਫੁੱਲਾਂ ਦੀ ਵਰਖਾ ਕਰਦੀਆਂ ਰਹੀਆਂ। ਹਰ ਪਾਸੇ ਵਿਸਮਾਦੀ ਚਾਅ ਸੀ।

ਜਦ ਇਸ ਮਹਾਨ ਗ੍ਰੰਥ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁਭਾਇਮਾਨ ਕੀਤਾ ਗਿਆ ਤਾਂ ਇਸ ਦਾ ਹਰ ਰੋਜ਼ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਵਿਚ ਪ੍ਰਕਾਸ਼ ਹੁੰਦਾ, ਹੁਕਮਨਾਮਾ ਲਿਆ ਜਾਂਦਾ, ਸਾਰਾ ਦਿਨ ਕੀਰਤਨ ਦੀ ਸੇਵਾ ਚਲਦੀ ਰਹਿੰਦੀ। ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਰਲ ਕੇ ਖੁਦ ਕੀਰਤਨ ਕਰਦੇ। ਇਵੇਂ ਉਥੇ ਇਕ ਇਲਾਹੀ ਵਾਤਾਵਰਨ ਸਿਰਜ ਗਿਆ। ਗੁਰੂ ਸਾਹਿਬ ਨੇ 6 ਹੋਰ ਰਬਾਬੀ ਜੱਥੇ ਦਰਬਾਰ ਸਾਹਿਬ ਵਿਚ ਸਾਰਾ ਦਿਨ ਨਿਰੰਤਰ ਕੀਰਤਨ ਕਰਨ ਲਈ ਆਪਣੇ ਨਾਲ ਰੱਖੇ ਤੇ ਇਹ ਸਾਰੇ ਦੇ ਸਾਰੇ ਰਬਾਬੀ ਜੱਥੇ ਮੁਸਲਮਾਨ ਸ਼ਰਧਾਲੂਆਂ ਦੇ ਹੀ ਸਨ। ਦੂਰ-ਦੂਰ ਤੋਂ ਸੰਗਤਾਂ ਇਸ ਨਵੇਂ ਤੀਰਥ ਅਤੇ ਨਵੇਂ ਗ੍ਰੰਥ ਦੇ ਦਰਸ਼ਨਾਂ ਲਈ ਆਵਣ ਲਗ ਪਈਆਂ। ਉਹ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਦੀਆਂ, ਦਰਬਾਰ ਸਾਹਿਬ ਵਿਚ ਇਕਾਗਰ ਚਿੱਤ ਹੋ ਕੇ ਕੀਰਤਨ ਸੁਣਦੀਆਂ, ਇਕ ਸੰਗਤ ਪੰਗਤ ਵਿਚ ਸਜ ਕੇ ਲੰਗਰ ਛਕਦੀਆਂ ਛਕਾਂਦੀਆਂ, ਨਿਸ਼ਕਾਮ ਸੇਵਾ ਕਰਕੇ ਆਪਣੇ ਹੱਥ ਸੁੱਚੇ ਤੇ ਆਤਮਾ ਸਵੱਛ ਕਰਦੀਆਂ। ਇਵੇਂ ਇਕ ਅਲੌਕਿਕ ਨਜ਼ਾਰਾ ਸ੍ਰੀ ਹਰਿਮੰਦਰ ਸਾਹਿਬ ਚੌਗਿਰਦੇ (ਪਰੀਸਰ) ਵਿਚ ਹਰ ਸਮੇਂ ਦੇਖਣ ਨੂੰ ਮਿਲਦਾ ਜਿਸ ਦੀ ਮਹਿਮਾ ਕਿਸੇ ਵੀ ਵਿਖਿਆਨ ਤੋਂ ਬਾਹਰ ਦੀ ਗੱਲ ਬਣ ਗਈ। ਇਵੇਂ ਜਾਪਦਾ ਜਿਵੇਂ ਅਕਾਲ ਪੁਰਖ ਨੇ ਮਿਹਰ ਵਿਚ ਆ ਕੇ ਆਪਣੀਆਂ ਬਖਸ਼ਿਸ਼ਾਂ ਦੀ ਝੜੀ ਹੀ ਲਗਾ ਦਿਤੀ ਹੋਵੇ।

ਦਿਨ ਛਿਪਣ ਤੋਂ ਮਗਰੋਂ ਰਾਤ ਨੂੰ ਆਦਿ ਗ੍ਰੰਥ ਸਾਹਿਬ ਦਾ ਸੁਖ ਆਸਨ ਕੀਤਾ ਜਾਂਦਾ ਤੇ ਸੰਗਤਾਂ ਸ਼ਬਦ ਗਾਉਂਦੀਆਂ ਹੋਈਆਂ ਇਸ ਪਵਿੱਤਰ ਗ੍ਰੰਥ ਸਾਹਿਬ ਨੂੰ ਆਪਣੇ ਸੀਸ ਤੇ ਬਿਰਾਜਮਾਨ ਕਰਕੇ ਸੁਖ ਅਸਥਾਨ ਤਕ ਛੱਡ ਕੇ ਆਉਂਦੀਆਂ। ਸ੍ਰੀ ਗੁਰੂ ਅਰਜਨ ਦੇਵ ਜੀ, ਜੋ ਖੁਦ ਸਾਖਿਆਤ ਗੁਰੂ ਸਨ ਤੇ ਸ਼ਰਧਾਲੂਆਂ ਲਈ ਅਕਾਲ ਪੁਰਖ ਦਾ ਹੀ ਰੂਪ ਸਨ, ਇਸ ਪਵਿੱਤਰ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਸਾਰੀ ਰਾਤ ਉਸ ਕਮਰੇ ਵਿਚ ਜ਼ਮੀਨ ਤੇ ਬੈਠ ਕੇ ਜਾਂ ਲੇਟ ਕੇ ਕੱਟਦੇ ਜਿੱਥੇ ਇਹ ਮਹਾਨ ਗ੍ਰੰਥ ਸਾਹਿਬ ਸੁਖ ਆਸਨ ਰੂਪ ਵਿਚ ਬਿਰਾਜਮਾਨ ਹੁੰਦੇ। ਉਹ ਜਾਣੀ-ਜਾਣ ਸਨ ਤੇ ਜਾਣਦੇ ਸਨ ਕਿ ਇਸ ਧੁਰ ਕੀ ਬਾਣੀ ਨਾਲ ਸੁਸੱਜਤ ਗ੍ਰੰਥ ਸਾਹਿਬ ਨੇ ਕੁਝ ਸਮਾਂ ਪਾ ਕੇ ਸ਼ਬਦ ਗੁਰੂ ਦੇ ਰੂਪ ਵਿਚ ਸੰਸਾਰ ਵਿਚ ਵਿਦਮਾਨ ਹੋਣਾ ਹੈ ਅਤੇ ਮਜ਼੍ਹਬਾਂ ਮਿਲਤਾਂ ਦੇ ਹੱਦ ਬੰਨ੍ਹਿਆਂ ਨੂੰ ਤੋੜ ਕੇ ਸਾਰੀ ਮਨੁੱਖਾ ਜਾਤੀ ਨੂੰ ਆਪਣੇ ਵਿਚਾਰਾਂ ਦੇ ਕਲਾਵੇ ਵਿਚ ਲੈ ਕੇ ਉਸ ਨੂੰ ਰੂਹਾਨੀਅਤ ਦੇ ਪੱਖੋਂ ਮਾਲਾ-ਮਾਲ ਤੇ ਸਰਸ਼ਾਰ ਕਰਨਾ ਹੈ।

ਆਖ਼ਰ ਉਹ ਘੜੀ ਨੇੜੇ ਆਉਣ ਲੱਗੀ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਦਿ

ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪਣੀ ਸੀ। ਉਨ੍ਹਾਂ ਨੂੰ ਜਦ ਮੰਗਣ ਤੇ ਵੀ ਧੀਰ ਮਲੀਆਂ ਤੋਂ ਪਵਿੱਤਰ ਗ੍ਰੰਥ ਸਾਹਿਬ ਦਾ ਸਰੂਪ ਪ੍ਰਾਪਤ ਨਾ ਹੋ ਸਕਿਆ ਤਾਂ ਉਨ੍ਹਾਂ ਨੇ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਆਪਣੀ ਦਿਬ ਦ੍ਰਿਸ਼ਟੀ ਨਾਲ ਸਾਰਾ ਗ੍ਰੰਥ ਸਾਹਿਬ ਦੁਬਾਰਾ ਲਿਖਵਾਇਆ। ਗੁਰੂ ਸਾਹਿਬ ਬਾਣੀ ਉਚਾਰਦੇ ਰਹੇ ਤੇ ਭਾਈ ਮਨੀ ਸਿੰਘ ਜੀ ਉਸ ਨੂੰ ਕਲਮ-ਬੰਦ ਕਰਦੇ ਰਹੇ। ਸਾਰੇ ਸ੍ਰੀ ਗ੍ਰੰਥ ਸਾਹਿਬ ਦਾ ਰੂਪ ਸਰੂਪ ਪਹਿਲੇ ਸ੍ਰੀ ਗ੍ਰੰਥ ਸਾਹਿਬ ਵਰਗਾ ਹੀ ਰਿਹਾ ਕੇਵਲ ਨੌਂਵੇਂ ਪਾਤਸ਼ਾਹ ਦੀ ਬਾਣੀ ਉਸ ਵਿਚ ਹੋਰ ਅੰਕਿਤ ਕੀਤੀ ਗਈ। ਪਹਿਲੇ ਸ੍ਰੀ ਗ੍ਰੰਥ ਸਾਹਿਬ ਵਿਚ ਪੰਜ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਲ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਪਾਦਿਤ ਕਰਵਾਏ ਸ੍ਰੀ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਹੋ ਜਾਣ ਕਾਰਨ ਕੁਲ 6 ਗੁਰੂ ਸਾਹਿਬਾਨ ਦੀ ਬਾਣੀ ਹੋ ਗਈ। ਪਹਿਲੇ ਗ੍ਰੰਥ ਵਿਚ 30 ਰਾਗਾਂ ਵਿਚ ਬਾਣੀ ਸੀ ਪਰ ਇਸ ਨਵੇਂ ਸਿਰਜੇ ਸਰੂਪ ਵਿਚ ਸ੍ਰੀ ਗੁਰੂ ਤੇਗ ਬਹਾਦਰ ਦੀ ਜੈ ਜੈਵੰਤੀ ਰਾਗ ਵਿਚ ਉਚਾਰੀ ਬਾਣੀ ਸ਼ਾਮਲ ਕਰਨ ਨਾਲ ਗ੍ਰੰਥ ਸਾਹਿਬ ਦੇ ਰਾਗਾਂ ਦੀ ਗਿਣਤੀ 31 ਹੋ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਾਂਦੇੜ ਵਿਖੇ 7 ਅਕਤੂਬਰ 1708 ਨੂੰ ਇਸ ਸ੍ਰੀ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਇਸ ਨੂੰ ਆਪਣੀ ਗੱਦੀ ਤੇ ਸ਼ਸ਼ੋਭਿਤ ਕਰਕੇ ਇਸ ਨੂੰ ਗੁਰਗੱਦੀ ਪ੍ਰਦਾਨ ਕੀਤੀ। ਆਪਣੀ ਪਵਿੱਤਰ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੋਅ ਦਿਤੀ ਅਤੇ ਸਰੀਰ ਪੰਥ ਵਿਚ ਵਿਲੀਨ ਕਰ ਦਿਤਾ। ਇਸ ਤਰ੍ਹਾਂ ਇਲਾਹੀ ਸ਼ਬਦ ਨੂੰ ਜੁਗੋ ਜੁਗ ਅਟੱਲ ਰੂਪ ਦੇਣ ਦਾ ਅਮਲ ਜੋ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਪ੍ਰਾਰੰਭ ਕੀਤਾ ਸੀ, ਉਹ ਦਸਵੇਂ ਜਾਮੇ ਵਿਚ ਪਹੁੰਚ ਕੇ ਉਨ੍ਹਾਂ ਨੇ ਸੰਪੰਨ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਭਾ, ਸ਼ੋਭਾ ਤੇ ਕੀਰਤੀ ਵਿਸ਼ਵ ਭਰ ਵਿਚ ਰੂਪਮਾਨ ਹੋ ਗਈ। ਇਵੇਂ ਅਕਾਲ ਪੁਰਖ ਦਾ ਇਕ ਅਦੁੱਤੀ ਸੁਪਨਾ ਸਾਕਾਰਤਾ ਦਾ ਰੂਪ ਧਾਰਨ ਕਰ ਸਕਿਆ ਜਿਸ ਨਾਲ ਸੰਸਾਰ ਭਰ ਦਾ ਧਾਰਮਿਕ ਮੰਡਲ ਰੁਸ਼ਨਾਅ ਹੋ ਗਿਆ ਤੇ ਹਰ ਪਾਸੇ ਇਸ ਇਲਾਹੀ ਸ਼ਬਦ ਗੁਰੂ ਦਾ ਪ੍ਰਕਾਸ ਮਨੁੱਖੀ ਮਨਾਂ ਨੂੰ ਪ੍ਰਕਾਸ਼ਮਾਨ ਕਰਨ ਦੀ ਕਲਾ ਵਰਤਾਣ ਲਗ ਪਿਆ। ਭਾਰਤੀ ਵਿਦਵਾਨ ਸਾਧੂ ਵਿਸਵਾਨੀ ਨੇ ਇਸ ਇਲਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਕੇ ਹੋਰ ਗੱਲਾਂ ਦੇ ਨਾਲ-ਨਾਲ ਇਹ ਕਹਿਣ ਵਿਚ ਪ੍ਰਸੰਨਤਾ ਪ੍ਰਗਟਾਈ ਕਿ ਇਹ ਪਵਿੱਤਰ ਗ੍ਰੰਥ ਵਿਸ਼ਵ ਦਾ ਧਰਮ ਗ੍ਰੰਥ ਹੈ ਅਤੇ ਵਿਸ਼ਵ ਮਾਨਵ ਦੀ ਆਤਮਾ ਵਿਚੋਂ ਉਗਮੀ ਬਾਣੀ ਦਾ ਭੰਡਾਰ ਹੈ, ਸੰਗ੍ਰਹਿ ਹੈ **(out of world soul it rolled out.)**ਅਮਰੀਕਾ ਦੇ ਪ੍ਰਸਿੱਧ ਪ੍ਰੋਫੈਸਰ ਡਾ. ਜੇ ਸੀ. ਆਰਚਰ ਨੇ ਪਿਛਲੀ ਸਦੀ ਦੇ ਮੱਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਧਾਰਮਿਕ ਫਿਲਾਸ਼ਫੀ ਦਾ ਜ਼ਿਕਰ ਹੈ, ਉਹ ਸਰਬ ਵਿਆਪੀ ਪ੍ਰਭਾਵਸ਼ਾਲੀ ਹੈ ਅਤੇ ਅਮਲੀ ਤੌਰ ਤੇ ਸੰਪੂਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੀ ਦੁਨੀਆਂ ਨੂੰ ਸੁਖ ਸ਼ਾਂਤੀ ਅਤੇ ਪ੍ਰੇਮ ਭਾਵ ਤੇ ਅਧਾਰਤ ਸੰਦੇਸ਼ ਮੌਜੂਦ ਹੈ ਜਿਸ ਦੀ ਅੱਜ ਸਭ ਤੋਂ ਵੱਧ ਅਵਸ਼ਕਤਾ ਹੈ। ਤਿਆਨਬੀ ਅਤੇ ਡੋਰਥੀ ਫੀਲਡ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਲਾਜਵਾਬ ਸ਼ਬਦਾਂ ਰਾਹੀਂ ਅਦੁੱਤੀ ਸਤਿਕਾਰ ਦਾ ਪ੍ਰਗਟਾਵਾ ਕੀਤਾ। ਇਥੇ ਤਕ ਕਿ ਅਮਰੀਕਾ ਦੀ ਨੋਬੈੱਲ ਇਨਾਮ ਜੇਤੂ ਲੇਖਕਾ ਪਰਲ ਐਸ ਬੱਕ ਨੇ ਵੀ ਇਹ ਕਹਿੰਦਿਆਂ ਖੁਸ਼ੀ ਪ੍ਰਗਟਾਈ ਕਿ 'ਹਿਰਦੇ ਅਤੇ ਮਨ ਨੂੰ ਜੋ ਠਹਿਰਾਓ ਅਤੇ ਖੁਸ਼ੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਦਿਆਂ ਅਨੁਭਵ ਹੋਈ ਹੈ ਉਹੋ ਜਿਹਾ ਆਨੰਦ ਮੈਨੂੰ ਹੋਰ ਕਿਸੇ ਧਰਮ ਦੇ ਗ੍ਰੰਥ ਨੂੰ ਵਾਚਣ ਤੇ ਮਹਿਸੂਸ ਨਹੀਂ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਉਪਦੇਸ਼ ਹਰ ਧਰਮ ਦੇ ਸ਼ਰਧਾਲੂਆਂ ਦੇ ਭਲੇ ਲਈ ਹਰ ਸਮੇਂ ਉਪਲੱਬਧ ਹਨ ਜੋ ਮਾਨਵੀ ਹਿਰਦੇ ਅਤੇ ਖੋਜੀ ਅਭਿਲਾਸ਼ੀ ਮਨ ਦੀ ਤ੍ਰਿਪਤੀ ਤੇ ਤਰਜਮਾਨੀ ਕਰਦੇ ਹਨ।

ਇਸ ਮਹਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦੀ ਚੌਥੀ ਸ਼ਤਾਬਦੀ 1 ਸਤੰਬਰ 2004 ਈ. ਤੋਂ ਲਗਾਤਾਰ ਮਨਾਈ ਜਾ ਰਹੀ ਹੈ ਅਤੇ ਗੁਰਗੱਦੀ ਨਸ਼ੀਨੀ ਦੀ ਤੀਜੀ ਪਵਿੱਤਰ ਸ਼ਤਾਬਦੀ ਅਕਤੂਬਰ 2008 ਵਿਚ ਮਨਾਈ ਗਈ ਹੈ। ਵੇਲਾ ਹੈ ਕਿ ਅਸੀਂ ਪੂਰੇ ਜੋਸ਼, ਉਤਸ਼ਾਹ, ਲਗਨ ਤੇ ਸ਼ਰਧਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ ਪੱਖੀ ਮਹਾਨਤਾ ਦੀ ਸੋਝੀ ਵਿਸ਼ਵ ਦੇ ਘਰ-ਘਰ ਤਕ ਪਹੁੰਚਾਈਏ ਤਾਂਕਿ ਨਫਰਤ ਵਿਚ ਗ੍ਰਸਤ ਮਨੁੱਖਾ ਲੁਕਾਈ ਨੂੰ ਆਤਮਿਕ ਸ਼ਾਂਤੀ ਤੇ ਮਾਨਸਿਕ ਆਨੰਦ ਪ੍ਰਾਪਤ ਹੋ ਸਕੇ ਤੇ ਉਸ ਦੇ ਜੀਵਨ ਵਿਚ ਇਕ ਨਵਾਂ ਨਿਖਾਰ ਅਤੇ ਉਸਾਰੂ ਪ੍ਰਭਾਵ ਪ੍ਰਫੁੱਲਤ ਹੋ ਸਕੇ।

# ਕੋਹਲੂ ਦਾ ਬੈਲ

*ਪ੍ਰਵਚਨ: ਸੰਤ ਵਰਿਆਮ ਸਿੰਘ ਜੀ*
*ਸੰਪਾਦਕ: ਪ੍ਰੋ. ਗੁਰਦੇਵ ਸਿੰਘ*

ਕੋਹਲੂ ਦਾ ਬੈਲ ਸਮਝਦਾ ਹੈ ਕਿ ਮੈਂ ਸਵੇਰ ਤੋਂ ਚਲ ਕੇ ਸ਼ਾਮ ਤੱਕ ਕਾਫੀ ਸਫਰ ਤਹਿ ਕਰ ਲਿਆ ਹੋਵੇਗਾ ਤਕਰੀਬਨ ਗਿਆਰਾਂ ਬਾਰਾਂ ਮੀਲ ਦਾ ਸਫਰ ਹੋ ਜਾਂਦਾ ਹੈ ਪਰ ਜਦ ਅੱਖਾਂ ਤੋਂ ਖੋਪੇ ਖੁਲ੍ਹਦੇ ਹਨ ਤਾਂ ਵੇਖਦਾ ਹੈ ਕਿ ਮੈਨੂੰ ਤਾਂ ਉਥੇ ਹੀ ਪੈੜ ਵਿਚ ਘੁੰਮਦਿਆਂ ਸਵੇਰ ਤੋਂ ਸ਼ਾਮ ਪੈ ਗਈ ਤੇ ਹਰ ਰੋਜ਼ ਇਸੇ ਤਰ੍ਹਾਂ ਹੁੰਦਾ ਹੈ –

*ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ*
*ਗਤਿ ਬਿਨੁ ਰੈਨਿ ਬਿਹਈ ਹੈ॥*
*ਕਹਤ ਕਬੀਰ ਰਾਮ ਨਾਮ ਬਿਨ*
*ਮੂੰਡ ਧੁਨੇ ਪਛੁਤਾਈ ਹੈ॥* *(ਅੰਗ-੫੨੪)*

*ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲ੍ਯੋ*
*ਨੈਨ ਉਘਰਤ ਵਾਹੀ ਠਾਉ ਹੀ ਠਿਕਾਨੋ ਹੈ।*
*ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿੰਤ*
*ਖਾਤ ਜਾਤ ਬਛੁਰੋ ਟਟੇਰੋ ਪਛੁਤਾਨੋ ਹੈ।*
*ਜੈਸੇ ਮ੍ਰਿਗ ਤ੍ਰਿਸਨਾ ਲੌ ਧਾਵੈ ਮ੍ਰਿਗ ਤ੍ਰਿਖਾਵੰਤ*
*ਆਵਤ ਨ ਸ਼ਾਂਤਿ ਭ੍ਰਮ ਭ੍ਰਮਤ ਹੈਰਾਨੋ ਹੈ।*
*ਤੈਸੇ ਸਵਪਨੰਤਰੁ ਦਿਸੰਤਰ ਬਿਹਾਯ ਗਈ*
*ਪਹੁੰਚ ਨ ਸਕ੍ਯੋ ਤਹਾਂ ਜਹਾਂ ਮੋਹਿ ਜਾਨੋ ਹੈ।*
*(ਕਬਿਤ ਭਾਈ ਗੁਰਦਾਸ ਜੀ)*

ਕਹਿੰਦੇ ਜਿਸ ਤਰ੍ਹਾਂ ਨਾਲ ਕੋਈ ਅੰਧਾ ਮਨੁੱਖ ਘਾਹ ਦੀ ਰੱਸੀ ਵੱਟ ਰਿਹਾ ਹੋਵੇ ਤੇ ਪਿਛਲੇ ਪਾਸੇ ਬਛਰੂ ਨਾਲ ਦੀ ਨਾਲ ਖਾਈ ਜਾਂਦਾ ਹੈ, ਫੇਰ ਹੱਥਾਂ ਨਾਲ ਟੋਹ ਕੇ ਰਸੀ ਲਭਦੀ ਨਹੀਂ, ਪਛਤਾਵਾ ਕਰਦਾ ਹੈ। ਇਸੇ ਤਰ੍ਹਾਂ ਜਲ ਦਾ ਪਿਆਸਾ ਮਿਰਗ ਮਾਰੂਥਲ ਦੇ ਭੁਲੇਖੇ ਪਾਣੀ ਲੱਭਦਾ ਹੈ, ਦੌੜ-ਦੌੜ ਕੇ ਪ੍ਰੇਸ਼ਾਨ ਹੁੰਦਾ ਹੈ ਪਰ ਉਸ ਨੂੰ ਸ਼ਾਂਤੀ ਨਹੀਂ ਆਉਂਦੀ। ਜਿਵੇਂ ਸੁਪਨੇ ਵਿਚ ਕੋਈ ਦੇਸਾਂ-ਵਿਦੇਸਾਂ ਵਿਚ ਘੁੰਮ ਕੇ ਆਪਣੇ ਟਿਕਾਣੇ ਤੇ ਪਹੁੰਚਣ ਦਾ ਯਤਨ ਕਰੇ, ਉਹ ਪਹੁੰਚ ਨਹੀਂ ਸਕਦਾ, ਜਦੋਂ ਅੱਖ ਖੁਲ੍ਹਦੀ ਹੈ, ਉਥੇ ਹੀ ਮੰਜੇ ਤੇ ਪਿਆ ਹੁੰਦਾ ਹੈ। ਠੀਕ ਇਸੇ ਤਰ੍ਹਾਂ ਕਰਮਕਾਂਡ (ritual) ਵਿਚ ਪਏ ਹੋਏ ਮਨੁੱਖ ਦੀ ਹੈ।

ਗੁਰੂ ਦੇ ਸਿੱਖ ਵਾਸਤੇ ਭੀ ਹੁਕਮ ਹੈ ਕਿ ਗੁਰ ਮਰਯਾਦਾ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਬਾਹਰਲੀਆਂ ਅਤੇ ਅੰਦਰਲੀਆਂ ਰਹਿਤਾਂ ਦਾ ਧਾਰਨੀ ਬਣੇ। ਫੇਰ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਨਾਮ ਜਪੇ ਤੇ ਅੰਦਰਲੀ ਖੋਜ ਕਰੇ ਕਿਉਂਕਿ ਇਹ ਸਤਿਗੁਰੂ ਜੀ ਦਾ ਹੁਕਮ ਹੈ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*(ਅੰਗ-੩੦੫)*

ਇਹ ਬਹੁਤ ਜ਼ਰੂਰੀ ਹੈ, ਗੁਰਦੁਆਰੇ ਸਾਹਿਬ ਵੀ ਜਾਣਾ ਹੈ, ਪਾਠ ਵੀ ਕਰਨਾ ਹੈ, ਕੀਰਤਨ ਵੀ ਸੁਣਨਾ ਹੈ। ਗੁਰਦੁਆਰੇ ਜਾਣਾ, ਬਾਣੀ ਪੜ੍ਹਨਾ ਕੀਰਤਨ ਸੁਣਨਾ ਅਤੇ ਸਤਿਸੰਗ ਕਰਨਾ ਬਹੁਤ ਸ਼ੁਭ ਕਰਮ ਹੈ। ਇਸ ਦਾ ਲਾਭ ਹੀ ਲਾਭ ਹੈ ਜਿਸ ਨਾਲ ਦੁਖਾਂ ਕਲੇਸ਼ਾਂ ਦਾ ਨਾਸ ਹੁੰਦਾ ਹੈ ਅਤੇ ਆਤਮਿਕ ਸੋਝੀ ਪ੍ਰਾਪਤ ਹੁੰਦੀ ਹੈ। ਪਰ ਅਗਲਾ ਕਦਮ ਵੀ ਪੁੱਟਣਾ ਵੀ ਜ਼ਰੂਰੀ ਹੈ ਜਿਸ ਨਾਲ ਜਨਮ ਮਰਨ ਤੋਂ ਛੁਟਕਾਰਾ ਮਿਲਣਾ ਹੈ।

ਹਿੰਦੂ ਵੀਰ ਮੰਦਰ ਵੀ ਜਾਂਦਾ ਹੈ, ਪੂਜਾ ਅਰਚਨ ਵੀ ਕਰਦਾ ਹੈ। ਮੁਸਲਮਾਨ ਵੀਰ ਪੰਜ ਨਿਮਾਜ਼ਾਂ ਵੀ ਪੜ੍ਹਦਾ ਹੈ, ਰੋਜੇ ਵੀ ਰੱਖਦਾ ਹੈ ਪਰ ਅੰਦਰਲੀ ਰੂਹਾਨੀ ਤਰੱਕੀ ਆਤਮਿਕ ਉਚਤਾਈ ਵੀ ਜ਼ਰੂਰੀ ਹੈ। ਆਤਮਿਕ ਤਰੱਕੀ ਨਾ ਕਰਨ ਦਾ ਕਾਰਨ ਕੀ ਹੈ? ਇਸ ਨੂੰ ਪਤਾ ਨਹੀਂ ਲਗ ਸਕਿਆ ਕਿ ਮੈਂ ਕੌਣ ਹਾਂ ਤੇ ਮੇਰੇ ਮਨੁੱਖਾ ਜੀਵਨ ਦਾ ਮਨੋਰਥ ਕੀ ਹੈ? ਕਰਮ ਕਾਂਡਾਂ ਵਿਚ ਪੈਣ ਕਰਕੇ ਇਹ ਗੱਲ ਇਸ ਦੀ ਸਮਝ ਤੋਂ ਪਰੇ ਗੱਲ ਹੋ ਗਈ ਜਿਸ ਕਰਕੇ ਇਸ ਨੇ ਆਪਣੇ ਆਪ ਨੂੰ ਬਹੁਤ ਛੋਟਾ ਕਰ ਲਿਆ। ਕਿਉਂਕਿ ਵੱਖਰੇ ਵੱਖਰੇ ਧਰਮਾਂ (ਮਜ਼੍ਹਬਾਂ) ਦੇ ਆਪਣੇ ਫਿਰਕੇ ਹਨ ਤੇ ਵਿਚਾਰਧਾਰਾ ਹੈ। ਪਹਿਲਾ ਵੈਦਿਕ ਧਰਮ ਹੈ ਜਿਸ ਨੂੰ ਵੇਦ ਸ਼ਾਸ਼ਤਰ, ਸਿਮ੍ਰਿਤੀਆਂ, ਉਪਨਿਸ਼ਦ, ਪੁਰਾਣਾਂ ਆਦਿ ਦਾ ਧਰਮ ਕਹਿੰਦੇ ਹਨ। ਸਾਰਾ ਏਸ਼ੀਆ ਵੈਦਿਕ ਧਰਮ ਨੂੰ ਮੰਨਦਾ ਹੈ। ਸਾਂਖ

ਸ਼ਾਂਸ਼ਤਰ ਜਗਤ ਦੀ ਉਤਪਤੀ ਪ੍ਰਕਿਰਤੀ ਤੋਂ ਮੰਨਦਾ ਹੈ ਅਤੇ ਗਿਆਨ ਨੂੰ ਮੁਕਤੀ ਦਾ ਸਾਧਨ ਮੰਨਦਾ ਹੈ। ਦੂਜਾ ਵੱਡਾ ਕਤੇਬੀ ਧਰਮ ਹੈ ਜੋ ਕਿ ਕੁਰਾਨ ਸ਼ਰੀਫ, ਤੌਰੇਤ, ਜੰਬੂਰ, ਅੰਜੀਲ, ਬਾਈਬਲ ਆਦਿਕ ਧਰਮ ਗ੍ਰੰਥਾਂ ਦਾ ਹਾਮੀ ਹੈ। ਅਰਬ ਦੇਸ਼, ਅਫਰੀਕਾ, ਯੂਰਪ ਆਦਿ ਇਸ ਧਰਮ ਦੇ ਕਾਇਲ ਹਨ। ਇਹ ਲੋਕ ਇਹ ਵੀ ਮੰਨਦੇ ਹਨ ਕਿ ਕਿਆਮਤ ਦੇ ਰੋਜ਼ ਰੂਹ ਦਾ ਖੁਦਾ ਨਾਲ ਮੇਲ ਹੋਵੇਗਾ। ਤੀਜਾ ਜੋ ਨਵਾਂ ਧਰਮ ਹੈ ਜਿਸ ਨੂੰ ਸਾਇੰਸ ਕਹਿੰਦੇ ਹਨ। ਇਹ ਵੀ ਮੰਨਦਾ ਹੈ ਕਿ ਸੰਸਾਰ ਦੀ ਉਤਪਤੀ ਐਟਮਸ (atoms) ਤੋਂ ਹੋਈ ਤੇ ਇਲੈਕਟਰੌਨ (electron), ਨਿਊਟਰੌਨ (neotron), ਪਰੋਟੌਨ (proton) ਮਿਲ ਕੇ ਠੋਸ (masses) ਬਣ ਗਏ ਫੇਰ ਸਤਾ (energy) ਪੈਦਾ ਹੋਈ। ਕਹਿਣ ਤੋਂ ਭਾਵ ਹੈ ਕਿ ਇਹ ਜੀਵ ਪੰਜ ਤੱਤਾਂ ਤੇ ਪੱਚੀ ਪ੍ਰਕ੍ਰਿਤੀਆਂ ਦਾ ਬਣਿਆ ਹੋਇਆ ਹੈ ਸੋ ਇਹ ਵੀ ਠੋਸ (masses) ਹੈ। ਇਸ ਲਈ ਮਨੁ‘ਖ ਆਪਣੇ ਆਪ ਨੂੰ ਇਹ (matter structure) ਸਾਢੇ ਤਿੰਨ ਹੱਥ ਦੀ ਦੇਹ ਦਸਦਾ ਹੈ।

ਜੇ ਕਿਸੇ ਨੂੰ ਪੁੱਛੀਏ ਕਿ ਤੂੰ ਕੌਣ ਹੈਂ? ਕਹੇਗਾ ਮੈਂ ਉਹ ਹਾਂ ਜੋ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ। ਜੇ ਕਹੀਏ ਕਿ ਤੂੰ ਸਰੀਰ ਹੈਂ ਤਾਂ ਲੱਤਾਂ ਹੋਇਆ, ਬਾਹਾਂ ਹੋਇਆ, ਧੜ ਹੋਇਆ, ਸਿਰ ਹੋਇਆ। ਫੇਰ ਕਹੇਗਾ ਨਹੀਂ ਜੀ! ਇਹ ਮੇਰੀਆਂ ਲੱਤਾਂ ਹਨ, ਇਹ ਮੇਰੀਆਂ ਬਾਹਾਂ ਹਨ, ਇਹ ਮੇਰਾ ਸਿਰ ਹੈ, ਇਹ ਮੇਰਾ ਧੜ ਹੈ। ਫੇਰ ਕਹੇਗਾ ਜੀ! ਮੈਂ ਮਨ ਹਾਂ: ਮਨ ਕਿਸ ਤਰ੍ਹਾਂ ਹੋਇਆ, ਮਨ ਤਾਂ ਫੁਰਨਾ ਬਣਾ ਕੇ ਸਰੀਰ ਨੂੰ ਹਰਕਤ ਦਿੰਦਾ ਹੈ ਕਿ ਫਲਾਣਾ ਕੰਮ ਕਰ, ਫਲਾਣੀ ਜਗ੍ਹਾ ਜਾਹ ਆਦਿ। ਫੇਰ ਤੂੰ ਮਨ ਵੀ ਨਹੀਂ ਹੈਂ। ਫੇਰ ਕਹੇਗਾ ਜੀ! ਮੈਂ ਬੁੱਧ ਹਾਂ ਪਰ ਬੁੱਧੀ ਤਾਂ ਨਿਰਨਾ ਸ਼ਕਤੀ ਹੈ ਜਿਸ ਨਾਲ ਗਲਤ/ਠੀਕ ਦਾ ਪਤਾ ਲਗਦਾ ਹੈ। ਜੇਕਰ ਕਿਸੇ ਗੱਲ ਦੀ ਸਮਝ ਨਾ ਆਵੇ ਤਾਂ ਕਹੇਗਾ ਮੇਰੀ ਬੁੱਧੀ ਐਨੀ ਤੇਜ ਨਹੀਂ, ਇਹ ਗੱਲ ਮੇਰੀ ਅਕਲ ਤੋਂ ਬਾਹਰ ਹੈ। ਫੇਰ ਕਹੇਗਾ ਜੀ! ਮੈਂ ਚਿੱਤ ਹਾਂ ਪਰ ਚਿੱਤ ਤਾਂ ਦੁੱਖ-ਸੁੱਖ ਮਹਿਸੂਸ ਕਰਦਾ ਹੈ, ਕਿ ਅੱਜ ਮੇਰਾ ਚਿੱਤ ਖੁਸ਼ ਹੈ, ਅੱਜ ਮੇਰਾ ਚਿੱਤ ਉਦਾਸ ਹੈ, ਫੇਰ ਤੂੰ ਚਿੱਤ ਵੀ ਨਹੀਂ। ਅੱਗੇ ਅਹੰਭਾਵ ਹੈ ਕਹੇਗਾ ਕਿ ਮੈਂ ਹਾਂ, ਇਸ ਮੈਂ ਦਾ ਪਤਾ ਨਹੀਂ ਲਗਦਾ। ਜੇ ਸਰੀਰ ਕਹਿੰਦਾ ਹੈ, ਪਰ ਸਰੀਰ ਤਾਂ ਇਕ ਬੜੀ ਨਾਜ਼ੁਕ ਮਸ਼ੀਨ ਦੀ ਤਰ੍ਹਾਂ ਹੈ ਇਸ ਨੂੰ ਸਥੂਲ ਸਰੀਰ ਕਹਿੰਦੇ ਹਨ ਜੋ ਪੰਜ ਤੱਤਾਂ ਦਾ ਹੈ। ਇਸ ਦੇ ਅੰਦਰ ਸੂਖਸ਼ਮ ਸਰੀਰ ਵੀ ਹੈ ਜੋ 19 ਤੱਤਾਂ ਦਾ ਹੈ ਤੇ ਇਕ ਕਾਰਨ ਸਰੀਰ ਵੀ ਹੈ। ਸਥੂਲ ਸਰੀਰ ਜੋ ਮਸ਼ੀਨ ਹੈ ਉਹ ਪੰਜ ਪ੍ਰਾਣਾਂ ਨਾਲ ਚਲਦੀ ਹੈ ਜਿਸ ਵਿਚ ਪ੍ਰਾਨ, ਅਪਾਨ, ਸਮਾਨ, ਵਿਆਨ ਤੇ ਉਦਾਨ ਹਨ। ਇਕ ਸਰੀਰ ਨੂੰ ਗਰਮੀ ਦਿੰਦਾ ਹੈ, ਇਕ ਸਰੀਰ ਵਿਚ ਖੂਨ ਨੂੰ ਚਲਾਉਂਦਾ ਹੈ, ਇਕ ਸਰੀਰ ਦੀ ਮੈਲ ਹਰ ਵੇਲੇ ਕੱਢਦਾ ਹੈ, ਇਕ ਪ੍ਰਾਣ ਸਰੀਰ ਵਿਚ ਗੰਢ ਦੀ ਤਰ੍ਹਾਂ ਹੈ ਤੇ ਇਕ ਵਿਚ ਇਲੈਕਟ੍ਰਾਨ ਹੈ। ਫੇਰ ਤੂੰ ਕੀ ਹੋਇਆ? ਇਹ ਸਮਝਦਾ ਹੈ ਕਿ ‘ਮੈਂ’ ਅਹੰਭਾਵ ਹਾਂ।

ਕਹਿੰਦੇ ਹਨ ਕਿ ਖੁਦਾ ਨੇ ਜਦੋਂ ਮਨੁੱਖ ਦਾ ਸਰੀਰ ਬਣਾਇਆ ਇਸ ਵਿਚ ਰੂਹ ਦਾ ਪ੍ਰਵੇਸ਼ ਕਰਾਇਆ ਤਾਂ ਉਹ ਰੂਹ ਵਾਪਸ ਆ ਗਈ ਕਿ ਇਸ ਪਿੰਜਰ ਵਿਚ ਤਾਂ ਬਹੁਤ ਹਨ੍ਹੇਰਾ ਹੈ। ਅੱਲਾ ਨੇ ਇਸ ਵਿਚ ਰੋਸ਼ਨੀ ਪਾਈ, ਰੂਹ ਫੇਰ ਨਾ ਟਿਕੀ ਤਾਂ ਫੇਰ ਖੁਦਾ ਨੇ ਇਸ ਵਿਚ ਆਪਣੀ ਦਰਗਾਹ ਦਾ ਨਾਦ, ਸੰਗੀਤ ਪਾਇਆ ਤਾਂ ਇਹ ਰੂਹ ਪਿੰਜਰ ਵਿਚ ਟਿਕ ਗਈ। ਜਦੋਂ ਇਹ ਬਾਹਰ ਪ੍ਰਕ੍ਰਿਤਕ ਮੰਡਲ ਵਿਚ ਆਈ ਤਾਂ ਇਥੇ ਆ ਕੇ ਆਪਣੇ ਆਪ ਨੂੰ ਭੁੱਲ ਬੈਠੀ। ਤਿੰਨਾਂ ਗੁਣਾਂ, ਪੰਜਾਂ ਤੱਤਾਂ, ਪੱਚੀ ਪ੍ਰਕ੍ਰਿਤੀਆਂ ਵਿਚ ਰਲ ਕੇ ਆਪਣੇ ਆਪ ਨੂੰ ਦੇਹ ਮੰਨ ਬੈਠੀ। ਇਸ ਵਿਚ ਜੋ ਅਹੰਭਾਵ ਸੀ ਉਸ ਕਰਕੇ ਹਉਮੈ ਵਿਆਪ ਗਈ ਕਿ ਮੈ ਸਰੀਰ ਹਾਂ ਕਿਉਂਕਿ ਹਉਮੈ ਵੀ ਵਾਹਿਗੁਰੂ ਜੀ ਨੇ ਪਾਈ ਹੈ।

*ਜਿਨਿ ਰਚ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ॥* *(ਅੰਗ-੯੯੯)*

ਜਿਸ ਤਰ੍ਹਾਂ ਨਾਲ ਜੇ ਕੋਈ ਬੰਦਾ ਪਾਣੀ ਦਾ ਪਿਆਸਾ ਹੋਵੇ ਤੇ ਉਸ ਨੇ ਸਿਧਾਂਤ (Theory) ਪੜ੍ਹੀ ਹੋਵੇ ਕਿ ਹਾਈਡਰੋਜਨ ਤੇ ਆਕਸੀਜਨ ਗੈਸਾਂ ਵਿਚ ਬਿਜਲੀ ਦਾ ਕਰੰਟ ਪਾਸ ਕੀਤਾ ਜਾਵੇ ਤਾਂ ਪਾਣੀ ਬਣਦਾ ਹੈ ਪਰ ਇਸ ਗਿਆਨ ਨਾਲ ਉਹ ਆਪਣੀ ਪਿਆਸ ਤਾਂ ਨਹੀਂ ਬੁਝਾ ਸਕਦਾ, ਉਹ ਤਾਂ ਪਾਣੀ ਦਾ ਪਿਆਸਾ ਮਰ ਜਾਵੇਗਾ। ਠੀਕ ਇਸੇ ਤਰ੍ਹਾਂ ਕਤੇਬੀ ਤੇ ਵੇਦੀ ਗਿਆਨ ਕੇਵਲ ਪੜ੍ਹ ਕੇ ਮੁਕਤ ਤਾਂ ਨਹੀਂ ਹੋ ਸਕਦਾ, ਇਹ ਤਾਂ ਸਿਰਫ ਬੁੱਧੀਜੀਵੀ (intellectual) ਗਿਆਨ ਰਹਿ ਜਾਵੇਗਾ। ਜਿਸ ਤਰ੍ਹਾਂ ਸਾਇੰਸਦਾਨ ਨੇ ਪਾਣੀ ਬਣਾਉਣਾ ਤਾਂ ਦਸ ਦਿਤਾ ਪਰ ਜਦ ਤੱਕ ਕੋਈ ਵਿਹਾਰਕ (practical) ਤਰੀਕੇ ਨਾਲ ਬਣਾਏਗਾ ਨਹੀਂ ਉਦੋਂ ਤ‘ਕ ਪਾਣੀ ਨਹੀਂ ਪੀ ਸਕੇਗਾ।

ਇਸ ਤਰ੍ਹਾਂ ਨਾਲ ਹੀ ਸਕੂਲ ਦੀ ਪੜ੍ਹਾਈ ਹੈ,

ਅਗਰ ਕੋਈ ਬੱਚਾ ਸਕੂਲ ਵਿਚ ਪਹਿਲੀ ਕਲਾਸ ਵਿਚ ਦਾਖਲ ਹੋ ਕੇ ਸਿਰਫ ਕੈਦੇ (ਕਿਤਾਬ) ਹੀ ਫਾੜਦਾ ਰਹੇਗਾ, ਅਗੇ ਵਲ ਕਦਮ ਨਹੀਂ ਪੁਟੇਗਾ, ਨਵੀਂ ਕਲਾਸ ਵਿਚ ਦਾਖਲ ਨਹੀਂ ਹੋਵੇਗਾ ਤਾਂ ਉਹ ਬੱਚਾ, ਪੀਐਚ.ਡੀ. ਦੀ ਡਿਗਰੀ ਕਿਵੇਂ ਕਰ ਸਕੇਗਾ? ਜਿਹੜਾ ਇਹ ਡਿਗਰੀ ਕਰਦਾ ਹੈ ਤਾਂ ਫਿਰ ਓਹੀ ਆਪਣੇ ਨਿਜੀ ਅਨੁਭਵ ਦੁਆਰਾ ਰਿਸਰਚ ਕਰਕੇ, ਨਵੇਂ ਤਜਰਬੇ ਦੁਨੀਆਂ ਅੱਗੇ ਰੱਖ ਸਕੇਗਾ। ਇਸੇ ਤਰ੍ਹਾਂ ਨਾਲ ਕੇਵਲ ਕਰਮਕਾਂਡ (ritual) ਦੁਆਰਾ ਧਰਮ ਦੇ ਸਕੂਲ ਵਿਚ ਦਾਖਲ ਹੋ ਕੇ ਅਗਲੀ ਤਰੱਕੀ ਭਾਵ ਪ੍ਰਮੇਸ਼ਰ ਦੀ ਅਭੇਦਤਾ ਤੋਂ ਵਾਝਾਂ ਰਹਿ ਜਾਵੇਗਾ ਜਦੋਂ ਤੱਕ ਉਹ ਆਪਣੀ ਅੰਦਰਲੀ ਖੋਜ ਨਹੀਂ ਕਰਦਾ ਕਿ ਮੈਂ ਕੌਣ ਹਾਂ ਤੇ ਕਿਸ ਮੰਤਵ ਦੀ ਪੂਰਤੀ ਵਾਸਤੇ ਮੈਨੂੰ ਮਨੁੱਖਾ ਜਨਮ ਮਿਲਿਆ ਹੈ, ਕਿਥੋਂ ਆਇਆ ਤੇ ਕਿਥੇ ਜਾਣਾ ਹੈ। ਇਸ ਤਰ੍ਹਾਂ ਕਰਨ ਨਾਲ ਓਹ ਮਨੁੱਖਾ ਜਨਮ ਦਾ ਆਪਣਾ ਕੀਮਤੀ ਅਤੇ ਅਮੋਲਕ ਸਮਾਂ ਅਜਾਂਈ ਗਵਾ ਲਵੇਗਾ ਤੇ ਖਾਲੀ ਹੱਥ ਚਲਾ ਜਾਵੇਗਾ। ਦਿਖ ਵਿਚ ਭਾਵੇਂ ਉਹ ਅਮੀਰ ਹੋਵੇ, ਸੁਹਣਾ ਹੋਵੇ, ਪੜ੍ਹਿਆ-ਲਿਖਿਆ ਹੋਵੇ ਪਰ ਖੜ੍ਹਾ ਹਾਲੇ ਉਥੇ ਦਾ ਉਥੇ ਹੀ ਹੈ, ਕਿਉਂਕਿ ਉਸ ਨੇ ਬੁਝਿਆ ਨਹੀਂ ਮੈਂ ਕੌਣ ਹਾਂ? ਇਸ ਪ੍ਰਥਾਇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਦੇਖਣ ਨੂੰ ਤਾਂ ਉਹ ਮਨੁੱਖ ਹੈ ਪਰ ਹਾਲੇ ਪਸ਼ੂ ਬਿਰਤੀ ਵਿਚ ਹੈ।

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ - ੨੫੧*

ਸੁਣ ਪਿਆਰਿਆ! ਹੁਣ ਤੂੰ ਪ੍ਰਕਿਰਤੀ ਦੇ ਆਖਰੀ ਡੰਡੇ ਉਤੇ ਖੜ੍ਹਾ ਹੈ, ਪ੍ਰਕਿਰਤੀ ਦਾ ਜੋ ਬੇਹਤਰੀਨ ਫਲ ਹੈ, ਉਹ ਹੈ ਮਾਨਸ ਦੇਹੀ।

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ (ਅੰਗ-੧੨)*

ਸੇਵਾ ਸਿਮਰਨ ਤੋਂ ਬਿਨਾਂ ਹੋਰ ਸਾਰੇ ਕੰਮ ਬੇਕਾਰ ਹਨ, ਤੂੰ ਸਿਰਫ ਗੁਰਮੁਖ ਪਿਆਰੇ ਸੰਤਾਂ ਮਹਾਪੁਰਖਾਂ ਦੀ ਸੰਗਤ ਕਰਕੇ ਨਾਮ ਦੀ ਜੁਗਤੀ ਸਿੱਖ ਕਿਉਂਕਿ ਇਹ ਸਰੀਰ ਫੇਰ ਨਹੀਂ ਮਿਲਣਾ।

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥ (ਅੰਗ-੧੧੫੯)*

*ਕਬੀਰ ਸੇਵਾ ਕਉ ਦੁਇ ਭਲੇ*
*ਏਕ ਸੰਤ ਇਕ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ॥ (ਅੰਗ-੧੩੭੩)*

ਸ੍ਰੀ ਗੁਰੂ ਨਾਨਕ ਦੇਵ ਜੀ, ਆਪ ਨਰਾਇਣ ਸਰਗੁਣ ਸਰੂਪ ਹੋ ਕੇ ਸਿਰਫ 557 ਸਾਲ ਪਹਿਲਾਂ ਸੰਸਾਰ ਵਿਚ ਨਵੀਨਤਮ (latest) ਉਪਦੇਸ਼ ਲੈ ਕੇ ਆਏ ਹਨ। ਇਥੇ ਆ ਕੇ ਮਹਾਰਾਜ ਜੀ ਨੇ ਚਾਰ ਉਦਾਸੀਆਂ ਧਾਰਨ ਕਰਕੇ ਸਾਰੇ ਸੰਸਾਰ ਦਾ ਭ੍ਰਮਣ ਕੀਤਾ, ਵੱਡੇ-ਵੱਡੇ ਧਰਮਿਕ ਅਸਥਾਨਾਂ ਤੇ ਗਏ, ਉਥੋਂ ਦੇ ਧਰਮ ਦੇ ਅਚਾਰੀਆਂ ਨੂੰ ਮਿਲੇ, ਉਨ੍ਹਾਂ ਨੂੰ ਵਹਿਮਾਂ ਭਰਮਾਂ ਵਿਚੋਂ ਕ'ਢ ਕੇ ਇਕ ਅਕਾਲ ਪੁਰਖ ਵਾਹਿਗੁਰੂ ਜੀ ਦੇ ਨਾਮ ਦਾ ਉਪਦੇਸ਼ ਦੇ ਕੇ ਸਿੱਧੇ ਰਸਤੇ ਤੋਰਿਆ। ਉਸ ਵੇਲੇ ਭਾਰਤ ਵਿਚ ਯੋਗ ਮੱਤ ਦਾ ਬੋਲ ਬਾਲਾ ਸੀ ਅਤੇ ਇਸ ਦੇ ਆਚਾਰੀਆ ਗੋਰਖ ਨਾਥ ਦੀ ਬਹੁਤ ਯੋਗ ਸਾਧਨਾ ਸੀ। ਜੋਗੀਆਂ ਨੇ ਮਹਾਰਾਜ ਜੀ ਤੇ ਬਹੁਤ ਸਵਾਲ ਕੀਤੇ ਤੇ ਸਤਿਗੁਰ ਜੀ ਨੇ ਜਵਾਬ ਦੇ ਕੇ ਸਭ ਨੂੰ ਨਿਰਉਤਰ ਕਰ ਦਿਤਾ। ਉਨ੍ਹਾਂ ਦੇ ਗੁਰੂ ਗੋਰਖ ਨਾਥ ਜੀ ਨੇ ਮਹਾਰਾਜ ਨੂੰ ਪ੍ਰਸ਼ਨ ਕੀਤਾ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
ਕਿਤੁ ਕਿਤੁ ਬਿਧਿ ਦੁਖਿ ਬਿਨਸਿ ਜਾਈ॥ (ਅੰਗ-੯੪੬)

ਇਹ ਸੰਸਾਰ ਕਿਥੋਂ ਪੈਦਾ ਹੋਇਆ? ਤੇ ਇਹ ਦੁ'ਖਾਂ ਦਾ ਘਰ ਕਿਵੇਂ ਬਣ ਗਿਆ ਹੈ?

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਜਵਾਬ ਦਿਤਾ ਕਿ ਸਾਰਾ ਹਉਮੈ (ego) ਦਾ ਪਸਾਰਾ ਹੈ।

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥ (ਅੰਗ-੯੪੬)*

ਜਿਸ ਨਾਮ ਤੋਂ ਜਗਤ ਦੀ ਉਤਪਤੀ ਹੋਈ ਉਸ ਤੋਂ ਵਿਛੜ ਕੇ ਜੀਵ ਦੁੱਖੀ ਹੋ ਰਿਹਾ ਹੈ। ਇਸ ਬਾਰੇ ਪਵਿਤ੍ਰ ਫੁਰਮਾਨ ਹੈ ਕਿ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥ (ਅੰਗ-੩)*
*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਖੰਡ ਬ੍ਰਹਮੰਡ॥ (ਅੰਗ-੨੮੪)*
*ਪ੍ਰਿਥਮੈ ਓਅੰਕਾਰ ਤਿਨਿ ਕਹਾ॥*
*ਸੋ ਧੁਨਿ ਪੂਰ ਜਗਤ ਮੋ ਰਹਾ॥ (ਸ੍ਰੀ ਦਸਮ ਗ੍ਰੰਥ)*

ਫੇਰ ਸਵਾਲ ਹੈ ਕਿ ਇਥੇ ਕੋਈ ਸੁਖੀ ਭੀ ਹੈ? ਜਿਨ੍ਹਾਂ ਵਿਚ ਧਰਮ ਦੇ ਗੁਣ ਹੁੰਦੇ ਹਨ ਕਿ ਸੁਖ ਵਿਚ ਉਲਾਰ ਨਹੀਂ ਹੁੰਦੇ ਤੇ ਦੁੱਖ ਆ ਜਾਵੇ ਤਾਂ

ਦੁਖੀ ਨਹੀਂ ਹੁੰਦੇ, ਸਮਬਿਰਤੀ ਵਿਚ ਵਿਚਰਦੇ ਹਨ।

*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥* (ਅੰਗ-੨੭੫)

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ॥* (ਅੰਗ-੬੩੩)

ਐਸੇ ਕੇਵਲ ਬ੍ਰਹਮ ਬੇਤਾ ਪੁਰਸ਼ ਹੁੰਦੇ ਹਨ ਜਿਹੜੇ ਇਸ ਅਵਸਥਾ ਵਿਚ ਵਿਚਰਦੇ ਹਨ। ਉਨ੍ਹਾਂ ਨੂੰ ਬ੍ਰਹਮ ਗਿਆਨੀ ਆਖਦੇ ਹਨ, ਉਹ ਤਿੰਨਾਂ ਗੁਣਾਂ ਤੋਂ ਉਪਰ ਹੁੰਦੇ ਹਨ ਜਦ ਕਿ ਸੰਸਾਰ ਤਿੰਨਾਂ ਗੁਣਾਂ ਦੀ ਘੁੰਮਣਘੇਰੀ ਵਿਚ ਗੋਤੇ ਖਾ ਰਿਹਾ ਹੈ।

*ਤੀਨਿ ਬਿਆਪਹਿ ਜਗਤ ਕਉ*
*ਤੁਰੀਆ ਪਾਵੈ ਕੋਇ॥* (ਅੰਗ-੨੯੭)

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥* (ਅੰਗ-੨੭੩)

ਐਸੇ ਜੋ ਪੁਰਸ਼ ਹਨ ਉਹ ਜੀਵਨ ਮੁਕਤ ਹੋਇਆ ਕਰਦੇ ਹਨ। ਇਹ ਵਾਹਿਗੁਰੂ ਦੀ ਮਰਜ਼ੀ ਹੈ ਕਿ ਉਨ੍ਹਾਂ ਨੂੰ ਭਾਵੇਂ ਸਰਗੁਣ ਸਰੂਪ ਵਿਚ ਰੱਖੇ ਜਾਂ ਆਪਣਾ ਨਿਰਗੁਣ ਸਰੂਪ ਦੇਵੇ। ਹੈ ਚੀਜ਼ ਇਕੋ ਹੀ, ਜਿਵੇਂ ਸੂਰਜ ਦੀ ਰੋਸ਼ਨੀ ਇਕ ਹੈ ਪਰ ਉਸ ਵਿਚ ਚੰਦ ਅਤੇ ਤਾਰਿਆਂ ਦੀ ਲਾਈਟ ਸਮਾਈ ਹੁੰਦੀ ਹੈ। ਜਿਵੇਂ ਸਮੁੰਦਰ ਵਿਚ ਕੁਇੰਟਲ ਲੂਣ ਸੁੱਟ ਦੇਈਏ ਕਿ ਇਹ ਸਮੁੰਦਰ ਦਾ ਅੰਤ ਲੈ ਲਵੇਗਾ ਪਰ ਜਦੋਂ ਜਾ ਕੇ ਦੇਖੀਏ ਤਾਂ ਉਹ ਲੂਣ ਖਤਮ ਹੋ ਗਿਆ ਤੇ ਉਹ ਸਮੁੰਦਰ ਵਿਚ ਸਮਾ ਕੇ ਸਮੁੰਦਰ ਦਾ ਹੀ ਰੂਪ ਹੋ ਗਿਆ। ਫੇਰ ਉਸ ਨੂੰ ਪਤਾ ਨਹੀਂ ਲਗਦਾ ਕਿ ਮੈਂ ਕੌਣ ਹਾਂ ਤੇ ਸਾਰਾ ਸਮੁੰਦਰ ਦਾ ਰੂਪ ਹੀ ਨਜ਼ਰ ਆਉਂਦਾ ਹੈ ਕਿਉਂਕਿ ਉਸ ਵਿਚ ਅਭੇਦ ਹੋ ਜਾਂਦਾ ਹੈ।

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ॥* (ਅੰਗ-੧੩੭੫)

ਇਸ ਕਰਕੇ ਸਾਧ ਸੰਗਤ ਜੀ! ਆਪਣੇ ਆਪ ਨੂੰ ਪਛਾਨਣ ਦਾ ਯਤਨ ਕਰੋ ਤੇ ਇਕ ਨਿਸ਼ਾਨਾ (target) ਰੱਖ ਕੇ ਅੱਗੇ ਨੂੰ ਵਧਦੇ ਚੱਲੋ ਤਾ ਕਿ ਜਿਸ ਕੰਮ ਵਾਸਤੇ ਅਸੀਂ ਆਏ ਹਾਂ ਉਹ ਪੂਰਾ ਕਰ ਸਕੀਏ ਅਤੇ ਸੁਚੇਤ ਹੋ ਕੇ ਇਸ ਨੂੰ ਕਰੀਏ।

*ਅਗਾਹਾ ਕੂ ਤ੍ਰਾਘਿ*
*ਪਿਛਾ ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ*
*ਬਹੁੜਿ ਨ ਹੋਵੀ ਜਨਮੜਾ॥* (ਅੰਗ-੧੦੯੬)

ਸਾਡੇ ਵਾਸਤੇ ਇਹੋ ਸ੍ਰੇਸ਼ਟ ਉਪਾਅ ਹੈ ਜਿਸ ਨਾਲ ਅਸੀਂ ਵਾਰ-ਵਾਰ ਜਨਮ ਮਰਨ ਦੇ ਚ'ਕਰ ਵਿਚੋਂ ਨਿਕਲ ਕੇ ਵਾਹਿਗੁਰੂ ਜੀ ਵਿਚ ਅਭੇਦ ਹੋ ਸਕਦੇ ਹਾਂ। ਜਿੰਨਾ ਚਿਰ ਤੱਕ ਅਸੀਂ ਆਤਮਿਕ ਤਰ'ਕੀ ਨਹੀਂ ਕਰਾਂਗੇ ਤਾਂ ਕੋਹਲੂ ਦੇ ਬੈਲ ਵਾਂਗ ਉਥੇ ਹੀ ਚਕਰ ਲਾ-ਲਾ ਕੇ ਮਨੁੱਖ ਜਨਮ ਦਾ ਆਪਣਾ ਅਮੋਲਕ ਤੇ ਕੀਮਤੀ ਸਮਾਂ ਅਜਾਈਂ ਗਵਾ ਲਵਾਂਗੇ ਜਿਵੇਂ ਕਿ ਪਵਿੱਤਰ ਗੁਰਬਾਣੀ ਦਾ ਫੁਰਮਾਨ ਹੈ।

*ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ*
*ਗਤਿ ਬਿਨੁ ਰੈਨਿ ਬਿਹਾਈ ਹੈ॥*
*ਕਹਿਤ ਕਬੀਰ ਰਾਮ ਨਾਮ ਬਿਨੁ*
*ਮੂੰਡੇ ਧੁਨੇ ਪਛੁਤਾਈ ਹੈ॥* (ਅੰਗ-੫੨੪)

ਜਿਸ ਕੰਮ ਜਿਸ ਵਾਸਤੇ ਆਏ ਹਾਂ, ਜੇਕਰ ਨਾ ਕੀਤਾ ਤਾਂ ਸਾਡੀ ਜ਼ਿੰਦਗੀ ਰੂਪੀ ਸਾਰੀ ਰਾਤ ਤੇਲੀ ਦੇ ਬਲਦ ਵਾਂਗ ਭਟਕਦਿਆਂ, ਵਿਕਾਰਾਂ ਦੀ ਖਲਾਸੀ ਬਿਨਾਂ, ਬਗੈਰ ਕਿਸੇ ਆਤਮਿਕ ਤਰੱਕੀ ਤੋਂ ਹੀ ਲੰਘ ਜਾਵੇਗੀ ਅਤੇ ਆਖਰੀ ਸਮੇਂ ਇਸ ਦਾ ਪਛਤਾਵਾ ਕਰਨਾ ਪਵੇਗਾ ਜਦੋਂ ਜਮਾਂ ਦੀ ਮਾਰ ਸਿਰ ਤੇ ਪਵੇਗੀ। ਸਾਧ ਸੰਗਤ ਜੀ! ਇਸ ਕਰਕੇ ਤੇਲੀ ਦੇ ਬਲਦ ਵਾਂਗ ਸਵੇਰ ਤੋਂ ਸ਼ਾਮ ਤੱਕ ਚੱਕਰ ਕੱਟਦੇ ਉਥੇ ਹੀ ਨਾ ਖੜ੍ਹੇ ਰਹੀਏ, ਅੱਗੇ ਵਲ ਵਧੀਏ, ਸਤਸੰਗ ਕਰੀਏ, ਤੱਤ ਬੇਤੇ ਗੁਰਮੁਖਾਂ ਦੀ ਸੰਗਤ ਕਰਕੇ ਨਾਮ ਅਭਿਆਸ ਸੇਵਾ-ਸਿਮਰਨ ਕਰਦੇ ਹੋਏ ਲੋਕ-ਪ੍ਰਲੋਕ ਦੇ ਜੀਵਨ ਨੂੰ ਸਫਲ ਕਰੀਏ।

**ਨੋਟ:-**

ਪਿਆਰੀ ਸਾਧ ਸੰਗਤ ਜੀ! ਇਹ ਕੀਮਤੀ ਪ੍ਰਵਚਨ ਸੰਨ 1989 ਦੇ ਹਨ ਜੋ ਦਾਸ ਨੂੰ ਆਪਣੀ ਪੁਰਾਣੀ ਡਾਇਰੀ ਵਿਚੋਂ ਲੱਭੇ ਹਨ ਤੇ ਇਹ ਸਾਡੀ ਆਤਮਿਕ ਤਰੱਕੀ ਲਈ ਸਹਾਈ ਹੋਣਗੇ। ਤਾਤਪਰਜ ਇਹ ਹੈ ਕਿ ਪਿਆਰੇ ਬ੍ਰਹਮ ਗਿਆਨੀ ਮਹਾਂਪੁਰਸ਼, ਸਾਨੂੰ ਸਾਰਿਆਂ ਨੂੰ ਉਥੇ ਪਹੁੰਚਾਉਣਾ ਚਾਹੁੰਦੇ ਹਨ ਜਿਸ ਅਵਸਥਾ ਦੇ ਉਹ ਆਪ ਧਾਰਨੀ ਹਨ। ਅਦਾਰਾ 'ਆਤਮ ਮਾਰਗ' ਭਵਿੱਖ ਵਿਚ ਵੀ ਇਹੋ ਜਿਹੇ ਰੂਹਾਨੀ ਪ੍ਰਵਚਨ ਆਪ ਜੀ ਲਈ ਹਾਜ਼ਰ ਕਰਦਾ ਰਹੇਗਾ।

# ਈਸ਼੍ਵਰ ਅਮੋਲਕ ਲਾਲ
# (ਭਾਗ ਦੂਜਾ)
# ਈਸ਼ਵਰ ਹਰੀ ਅਤੇ ਹਰੀ ਈਸ਼ਵਰ

## ਵਾਹਿਗੁਰੂ

ਹਰੀ ਨਾਮ ਸਿਮਰਨ ਕੀ ਤਾਕੀਦ ਔਰ ਉਸ ਕਾ ਫਲ ਗੁਰੂ ਦੇਵ ਜੀ ਮਹਾਰਾਜ ਐਸੇ ਫੁਰਮਾਤੇ ਹੈਂ -

*ਹਰਿ ਜਨ ਸਿਮਰਹੁ ਹਿਰਦੈ ਰਾਮ ॥*
*ਹਰਿ ਜਨ ਕਉ ਅਪਦਾ ਨਿਕਟਿ ਨ ਆਵੈ*
*ਪੂਰਨ ਦਾਸ ਕੇ ਕਾਮ ॥ ੧ ॥ ਰਹਾਉ ॥*
*ਕੋਟਿ ਬਿਘਨ ਬਿਨਸਹਿ ਹਰਿ ਸੇਵਾ*
*ਨਿਹਚਲੁ ਗੋਵਿਦ ਧਾਮ ॥*
*ਭਗਵੰਤ ਭਗਤ ਕਉ ਭਉ ਕਿਛੁ ਨਾਹੀ*
*ਆਦਰੁ ਦੇਵਤ ਜਾਮ ॥ ੧ ॥*
*ਤਜਿ ਗੋਪਾਲ ਆਨ ਕੋ ਕਰਣੀ*
*ਸੋਈ ਸੋਈ ਬਿਨਸਤ ਖਾਮ ॥*
*ਚਰਨ ਕਮਲ ਹਿਰਦੈ ਗਹੁ ਨਾਨਕ*
*ਸੁਖ ਸਮੂਹ ਬਿਸਰਾਮ ॥* *ਅੰਗ - ੨੦੨*

### ਸਤਿਨਾਮ ਸ੍ਰੀ ਵਾਹਿਗੁਰੂ
### ਅਕਾਲ ਪੁਰਖ ਤੂੰ ਹੀ ਹੈਂ

ਧਿਆਨ ਸ਼ਕਤੀ ਕੇ ਬਗ਼ੈਰ ਮਨ ਕੀ ਪੂਰੀ ਇਕਾਗਰਤਾ ਨਹੀਂ ਹੋਤੀ। ਇਸ ਵਾਸਤੇ ਧਿਆਨ ਕੀ ਅਜ਼ਹਦ ਜ਼ਰੂਰਤ ਹੈ। ਧਿਆਨ ਸਿਮਰਨ ਇਕੱਠੇ ਕੀਏ ਜਾਤੇ ਹੈਂ। ਧਿਆਨ ਹਮੇਸ਼ਾ ਗੁਰੂ ਮੂਰਤਿ ਕਾ ਕਰਨਾ ਬਿਲਕੁਲ ਦੁਰੱਸਤ ਹੈ।

*ਗੋਂਡ ਮਹਲਾ ੫ ॥*
*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*
*ਗੁਰ ਕੇ ਚਰਨ ਰਿਦੈ ਲੈ ਧਾਰਉ ॥*
*ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥ ੧ ॥*
*ਮਤ ਕੋ ਭਰਮਿ ਭੁਲੈ ਸੰਸਾਰਿ ॥*
*ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥ ੧ ॥ ਰਹਾਉ ॥*
*ਭੂਲੇ ਕਉ ਗੁਰਿ ਮਾਰਗਿ ਪਾਇਆ ॥*
*ਅਵਰ ਤਿਆਗਿ ਹਰਿ ਭਗਤੀ ਲਾਇਆ ॥*
*ਜਨਮ ਮਰਨ ਕੀ ਤ੍ਰਾਸ ਮਿਟਾਈ ॥*
*ਗੁਰ ਪੂਰੇ ਕੀ ਬੇਅੰਤ ਵਡਾਈ ॥ ੨ ॥*
*ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥*
*ਅੰਧਕਾਰ ਮਹਿ ਭਇਆ ਪ੍ਰਗਾਸ ॥*
*ਜਿਨਿ ਕੀਆ ਸੋ ਗੁਰ ਤੇ ਜਾਨਿਆ ॥*
*ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥ ੩ ॥*
*ਗੁਰੁ ਕਰਤਾ ਗੁਰੁ ਕਰਣੈ ਜੋਗੁ ॥*
*ਗੁਰੁ ਪਰਮੇਸਰੁ ਹੈ ਭੀ ਹੋਗੁ ॥*
*ਕਹੁ ਨਾਨਕ ਪ੍ਰਭਿ ਇਹੈ ਜਨਾਈ ॥*
*ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥ ੪ ॥ਅੰਗ - ੮੬੪*

ਗੁਰੂ ਔਰ ਪ੍ਰਮੇਸ਼੍ਵਰ ਏਕ ਹੀ ਹੈਂ।

*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*
*ਅੰਗ- ੪੪੨*

*ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥*
*ਅੰਗ - ੮੬੪*

ਪਰਮੇਸ਼ਰ ਨਿਰਾਕਾਰ ਹੋਨੇ ਸੇ ਧਿਆਨ ਮੇਂ ਨਹੀਂ ਆ ਸਕਤਾ। ਧਿਆਨ ਹਮੇਸ਼ਾ ਸਾਕਾਰ ਕਾ ਹੋਤਾ ਹੈ। ਨਿਰਾਕਾਰ ਕਾ ਤੋ ਗਿਆਨ ਹੋਤਾ ਹੈ। ਸਿਮਰਨ ਔਰ ਧਿਆਨ ਕਰਤੇ-ਕਰਤੇ ਨਿਰਾਕਾਰ ਵਾਹਿਗੁਰੂ ਪ੍ਰਗਟ ਹੋਤਾ ਹੈ। ਪਹਿਲੇ ਪਹਿਲ ਗੁਰੂ ਕੇ ਅਸਥੂਲ ਸਰੂਪ ਸੇ ਇਸ਼ਕ ਪੈਦਾ ਕਰਨਾ ਹੈ। ਬਾਦ ਮੇਂ ਗੁਰੂ ਕਾ ਨਿਰਗੁਣ ਸਰੂਪ, ਜੋ ਕਿ ਸ਼ਬਦ ਹੈ, ਉਸ ਕਾ ਹਰ ਵਕਤ ਅਭਿਆਸ ਕਰਨਾ ਹੈ। ਸ਼ਬਦ ਸੇ ਸਭ ਕੁਛ ਪੈਦਾ ਹੂਆ ਔਰ ਸਭ ਕੁਛ ਸ਼ਬਦ ਹੀ ਹੈ ਔਰ ਸਭ ਕੁਛ ਸ਼ਬਦ ਮੇਂ ਲੀਨ ਹੋ ਜਾਤਾ ਹੈ। ਸਭ ਕੁਛ ਸ਼ਬਦ ਰੂਪ ਜਾਨ ਕਰ ਬਿਰਤੀ ਕੋ ਸ਼ਬਦ ਮੇਂ ਲੀਨ ਕਰੋ।

### ਜੋਗ (ਪ੍ਰਮੇਸ਼ਰ ਨਾਲ ਜੁੜਨ ਨੂੰ ਕਹਿੰਦੇ ਹਨ)

ਜੋਗ ਚਾਰ ਕਿਸਮ ਕਾ ਹੋਤਾ ਹੈ। ਅਧਿਕਾਰ ਕੇ ਮੁਤਾਬਿਕ ਉਸ ਕੇ ਨਾਮ ਮੁੰਦਰਜਾ ਜ਼ੈਲ (ਹੇਠ ਲਿਖੇ) ਹੈਂ।

1. ਭਗਤ ਜੋਗ 2. ਸੁਰਤਿ ਸ਼ਬਦ ਜੋਗ 3. ਹਠ ਜੋਗ (ਅਸ਼ਟਾਂਗ ਜੋਗ) 4. ਗਿਆਨ ਜੋਗ, ਇਸ ਕੋ ਰਾਜ ਜੋਗ ਭੀ ਕਹਿਤੇ ਹੈਂ।

**ਵਿਸ਼ੇਸ਼ ਨਿਰਨੇ -**

1. **ਭਗਤ ਜੋਗ** - ਵਾਹਿਗੁਰੂ ਸੇ ਭਗਤੀ ਮਾਰਗ ਦੁਆਰਾ ਜੁੜਨਾ, ਜੋ ਕਿ ਨੌਂ ਕਿਸਮ ਕੀ ਹੈ।

**1. ਸਰਵਣ 2. ਕੀਰਤਨ 3. ਸਿਮਰਨ 4. ਬੰਦਨ 5. ਅਰਚਨ 6. ਪ੍ਰਾਰਥਨਾ 7. ਦਾਸਾ ਭਾਵ 8. ਸਖਾ ਯਾ ਸਖੀ ਭਾਵ 9. ਆਤਮ**

ਨਿਵੇਦਨ।

ਦੋ ਸੇ ਸ਼ੁਰੂ ਹੋ ਕਰ ਏਕ ਮੇਂ ਖਤਮ ਹੈ।

2. **ਸੁਰਤ ਸ਼ਬਦ ਜੋਗ** – ਅਪਨੀ ਸੁਰਤ ਕੋ ਸ਼ਬਦ ਮੇਂ ਜੋੜ ਕਰ ਪ੍ਰਭੂ ਕੋ ਮਿਲਨਾ। ਬੈਖਰੀ, ਮਧਮਾ, ਪਸੰਤੀ ਔਰ ਪਰਾ ਬਾਣੀ ਸੇ ਉਠ ਕਰ ਮਸਤਕ ਮੇਂ ਤ੍ਰਿਕੁਟੀ ਔਰ ਦਸਵਾਂ ਦੁਆਰ ਮੇਂ ਅਨਹਦ ਸ਼ਬਦ ਸੁਣਨਾ ਹੈ।

3. **ਪ੍ਰਾਣਾਯਾਮ (ਅਸ਼ਟਾਂਗ ਜੋਗ)** – ਪੂਰਕ, ਕੁੰਭਕ ਔਰ ਰੇਚਕ ਦੁਆਰ ਪ੍ਰਾਣ ਦਸਮ ਦੁਆਰ ਮੇਂ ਇਸਥਿਤ ਕਰਨੇ।

4. **ਗਿਆਨ ਜੋਗ** – ਸਭ ਕੁਛ ਗੋਬਿੰਦ ਜਾਨ ਕਰ ਅਪਨੀ ਬੁੱਧ ਕੋ ਬ੍ਰਹਮ ਮੇਂ ਲੀਨ ਕਰਨਾ।

ਗੁਰੂ ਔਰ ਸ਼ਬਦ ਸੇ ਬਗ਼ੈਰ ਤਮਾਮ ਦੁਸ਼ਮਨ ਹੈਂ। ਲੋਕ ਔਰ ਪ੍ਰਲੋਕ ਕਾ ਸੁਖ ਦੇਨੇ ਵਾਲਾ ਗੁਰੂ ਹੀ ਹੈ। ਇਸ ਵਾਸਤੇ ਗੁਰੂ ਔਰ ਸ਼ਬਦ ਸੇ ਆਸ਼ਕੀ ਲਗਾਓ। ਐ ਮਨ ਗੁਰੂ ਕੋ ਮਾਨੁਖ ਮਤ ਮਾਨ। ਵੋਹ ਸਤਪੁਰਸ਼ ਕਾ ਰੂਪ (ਅਰੂਪ) ਹੈ। ਸਿਰਫ ਮਾਨੁਖ ਦੇਹ ਧਾਰੀ ਹੈ ਔਰ ਸਭ ਕੁਛ ਗੁਰੂ ਹੀ ਹੈ। ਤੁਮਾਰਾ ਮੋਖਸ਼ ਰੂਪੀ ਕਾਰਜ ਗੁਰੂ ਸੇ ਹੀ ਸਿੱਧ ਹੋਗਾ। ਇਸ ਮੇਂ ਰੰਚਕ ਸ਼ੰਸੇ ਨਹੀਂ ਹੈ। ਜਿਸ ਵਕਤ ਅਭਿਆਸ ਕਰਤੇ-ਕਰਤੇ ਚਿੱਤ ਕੀ ਸ਼ੁੱਧੀ ਔਰ ਇਕਾਗਰਤਾ ਹੋ ਜਾਵੇਗੀ, ਉਸ ਕੇ ਬਾਦ ਆਤਮ ਖੋਜ ਸ਼ੁਰੂ ਹੋਗੀ। ਮੈਲਾ ਔਰ ਵਿਖਸ਼ੇਪ ਮਨ ਨਹੈਤ ਦੁਖੀ ਹੋਤਾ ਹੈ। ਇਕਾਗਰ ਮਨ ਸ਼ਾਂਤ ਹੋਤਾ ਹੈ, ਨਿਰੋਧ ਮਨ ਉਸ ਸੇ ਭੀ ਜ਼ਿਆਦਾ ਸ਼ਾਂਤ ਹੋਤਾ ਹੈ ਔਰ ਅਮਨ ਹੂਆ ਮਨ ਤੋ ਮੋਕਸ਼ ਕਾ ਦਾਤਾ ਹੋਤਾ ਹੈ। ਮਨ ਕੀ ਇਕਾਗਰਤਾ ਔਰ ਅੰਤਰਮੁਖਤਾ ਮੇਂ ਮੁੰਦਰਜਾ ਜ਼ੈਲ ਸਾਧਨ ਭੀ ਮਦੱਦਗਾਰ ਹੈਂ –

1. ਵਿਵੇਕ 2. ਵੈਰਾਗ 3. ਸਮ 4. ਦਮ 5. ਉਪਰਾਮਤਾ 6. ਤਤਿਖਸ਼ਾ 7. ਸ਼ਰਧਾ 8. ਸਮਾਧਾਨ

ਇਨ ਸਾਧਨੋਂ ਦੁਆਰਾ ਕੀਆ ਹੂਆ ਅਭਿਆਸ ਔਰ ਧਿਆਨ ਮਨ ਕੋ ਬਹੁਤ ਜਲਦੀ ਇਕਾਗਰ ਕਰਤਾ ਹੈ। ਇਨ ਚਾਰ ਕਿਸਮ ਕੇ ਜੋਗ ਮੇਂ ਤੀਨ ਪਹਿਲੇ ਤੋ ਮਨ ਕੀ ਸ਼ੁੱਧੀ ਔਰ ਇਕਾਗਰਤਾ ਕਾ ਸਾਧਨ ਹੈਂ ਔਰ ਗਿਆਨ ਜੋਗ ਗਿਆਨ ਕੇ ਬਾਦ ਕੀ ਅਵਸਥਾ ਹੈ ਜੋ ਕਿ ਹਰ ਵਕਤ ਹੀ ਬਨਾ ਰਹਿਤਾ ਹੈ। ਜਿਸ ਕੋ ਗਿਆਨ ਜੋਗ ਕਾ ਅਭਿਆਸ ਪਰਪੱਕ ਹੋ ਜਾਵੇ ਉਸ ਕੋ ਪ੍ਰਮੇਸ਼ਰ ਸੇ ਕਭੀ ਭੀ ਵਿਯੋਗ ਨਹੀਂ ਹੋਤਾ ਔਰ ਯੇਹ ਜੋਗ ਹਰ ਵਕਤ ਹੀ ਬਨਾ ਰਹਿਤਾ ਹੈ। ਇਸੀ ਵਾਸਤੇ ਤੋ ਕਹਾ ਹੈ ਕਿ (ਗੁਰਮੁਖ ਸਦਾ ਨਿਰੋਧ) ਗਿਆਨੀ ਜੋਗੀ ਕੀ ਹਮੇਸ਼ਾ ਹੀ ਸਮਾਧੀ ਹੈ। ਵੋਹ ਕਭੀ ਭੀ ਟੂਟਤੀ ਨਹੀਂ ਔਰ ਆਠ ਪਹਿਰ, ਚੌਂਸਟ ਘੜੀ ਔਰ ਚੌਬੀਸ ਘੰਟੇ ਉਸ ਕੋ ਅਨੰਦ ਯਾਨਿ ਪਰਮਾਨੰਦ ਬਨਾ ਰਹਿਤਾ ਹੈ। ਉਸ ਗਿਆਨ ਜੋਗੀ ਕੋ ਤੇਤੀਸ ਕਰੋੜ ਦੇਵਤਾ ਔਰ ਮੁਖ ਦੇਵਤਾ ਸ਼ਿਵ, ਬ੍ਰਹਮਾ ਔਰ ਵਿਸ਼ਨੂੰ ਭੀ ਨਮਸ਼ਕਾਰ ਕਰਤੇ ਹੈਂ ਔਰ ਤੀਨ ਲੋਕ ਚੌਦਾਂ ਭਵਨ ਮੇਂ ਵੋਹ ਸਭ ਲੋਗੋਂ ਕੇ ਪੂਜਨੇ ਯੋਗ ਹੈ ਔਰ ਧੰਨ ਹੈ।

ਜ਼ੁਬਾਨ ਸੇ ਸਿਮਰਨ ਕਰਨਾ ਬੈਖਰੀ ਬਾਣੀ ਕਹਿਲਾਤਾ ਹੈ ਔਰ ਕੰਠ ਮੇਂ ਸਿਮਰਨ ਕਰਨਾ ਮਧਮਾ ਬਾਣੀ ਹੈ। ਹਿਰਦੇ ਅਵਸਥਾ ਮੇਂ ਪਸੰਤੀ ਬਾਣੀ ਕਹਿਲਾਤੀ ਹੈ ਔਰ ਨਾਭੀ ਮੇਂ ਸਿਮਰਨ ਕਰਨਾ ਪਰਾ ਬਾਣੀ ਕਹਿਲਾਤੀ ਹੈ ਸ੍ਵਾਸ-ਸ੍ਵਾਸ ਨਾਮ ਸਿਮਰਨ ਕਰਨਾ ਕੰਠ ਔਰ ਨਾਭੀ ਕੇ ਦਰਮਿਆਨ ਹੋਤਾ ਹੈ ਔਰ ਸਿਰਫ ਨਾਭੀ ਅਸਥਾਨ ਮੇਂ ਸਵਾਸੋਂ ਕੋ ਛੋੜ ਕਰ ਅਭਿਆਸ ਕਰਨਾ ***'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ'*** ਹੈ। ਯਹਾਂ ਤਕ ਚਾਰ ਬਾਣੀਆਂ ਖਤਮ ਹੋ ਜਾਤੀ ਹੈਂ ਔਰ ਇਨ ਕਾ ਫਲ ਬੈਖਰੀ ਸੇ ਸ਼ੁਰੂ ਹੋ ਕਰ ਪਰਾ ਤਕ ਦਸ-ਦਸ ਗੁਨਾ ਹੋਤਾ ਜਾਤਾ ਹੈ। ਇਸ ਸੇ ਉਪਰ ਮਸਤਕ ਮੇਂ ਤ੍ਰਿਕੁਟੀ ਅਸਥਾਨ ਮੇਂ ਬਿਰਤੀ ਕਾ ਟਿਕਾਉ ਹੈ ਔਰ ਉਸਸੇ ਊਪਰ ਦਸਵਾਂ ਦੁਆਰ ਹੈ। ਇਨ ਅਸਥਾਨੋਂ ਮੇਂ ਅਨਹਦ ਸ਼ਬਦ ਸੁਨਾਈ ਦੇਤੇ ਹੈਂ ਔਰ ਰੌਸ਼ਨੀਆਂ ਭੀ ਦਿਖਾਈ ਦੇਤੀ ਹੈਂ ਇਨ ਤਮਾਮ ਸੇ ਊਪਰ ਨਿਰਾਕਾਰ ਦੇਸ਼ ਹੈ ਜਹਾਂ ਸ਼ਬਦ ਔਰ ਰੌਸ਼ਨੀ ਵਗੈਰਾ ਕੁਛ ਨਹੀਂ, ਸਿਰਫ ਨਿਰਾਕਾਰ ਔਰ ਨਿਰਵਿਕਲਪ ਅਵਸਥਾ ਹੈ। ਯਹਾਂ ਮਨ ਮੇਂ ਨਿਰਵਕਲਪ ਵਸਤੂ ਕਾ ਪੂਰਾ ਅਕਸ ਪੜਤਾ ਹੈ। ਮੋਖਸ਼ ਯਾ ਪਰਮ ਪਦਵੀ ਯਾ ਪਰਮਾਨੰਦ ਪ੍ਰਾਪਤੀ ਕੇ ਚਾਰ ਦੁਆਰਪਾਲ ਹੈਂ। ਵੋਹ ਮੁੰਦਰਜਾ ਜ਼ੈਲ ਹੈਂ।

1. ਸਮ 2. ਸੰਤੋਖ 3. ਵੀਚਾਰ 4. ਸਤਿਸੰਗ

1. **ਸਮ** – ਮਨ ਕੀ ਇਕਾਗਰਤਾ ਯਾ ਅੰਤਰਪੁਖਤਾ ਕਾ ਨਾਮ ਹੈ। ਜਿਤਨੇ ਦੁਖ ਹੈਂ ਮਨ ਕੇ ਵਿਖਸ਼ੇਪ ਮੇਂ ਹੈਂ ਔਰ ਸੁਖ ਤਮਾਮ ਮਨ ਕੀ ਇਕਾਗਰਤਾ ਮੇਂ।

2. **ਸੰਤੋਖ** – ਕਹਿਤੇ ਹੈਂ ਜੋ ਕੁਛ ਭੀ ਪ੍ਰਾਰਬਧ ਅਨੁਸਾਰ ਪ੍ਰਾਪਤ ਹੈ, ਉਸ ਮੇਂ ਹੀ ਖੁਸ਼ ਰਹਿਨਾ ਔਰ ਜ਼ਿਆਦਾ ਕੀ ਖਾਹਿਸ਼ ਬਿਲਕੁਲ ਮਨ ਮੇਂ ਨਾ ਹੋਨੀ। ਸੰਤੋਖੀ ਪੁਰਸ਼ ਕਾ ਚਿੱਤ ਪਰਮ ਸ਼ਾਂਤ ਹੋਤਾ ਹੈ ਔਰ ਸੁਖੀ ਹੋਤਾ ਹੈ।

3. **ਵੀਚਾਰ** – ਕਹਿਤੇ ਹੈਂ ਗਿਆਨ ਕੋ। ਇਨਸਾਨ ਦੋ ਚੀਜ਼ੋਂ ਕਾ ਬਨਾ ਹੈ। ਯਾਨਿ ਜਿਸਮ ਔਰ ਰੂਹ ਯਾਨਿ ਸਰੀਰ ਔਰ ਜੀਵ-ਆਤਮਾ। ਇਸ

ਮੇਂ ਜੀਵ ਆਤਮਾ ਕਾ ਸਰੂਪ ਹੈ, ਸਤਿ-ਚਿੱਤ-ਆਨੰਦ ਔਰ ਜਿਸਮ ਕਾ ਸਰੂਪ ਅਸਤਿ-ਜੜ੍ਹ-ਦੁੱਖ ਰੂਪ। ਅਪਨਾ ਆਪ ਹੈ ਸਤਿ-ਚਿੱਤ-ਅਨੰਦ ਔਰ ਸਰੀਰ ਸੇ ਅਲੈਹਿਦਾ ਹੈ। ਇਸੀ ਤਰਹ ਤਮਾਮ ਸੰਸਾਰ ਕੋ ਵਿਚਾਰਨਾ ਕਿ ਇਸ ਮੇਂ ਸਤਿ-ਚਿੱਤ-ਅਨੰਦ ਪਰੀਪੂਰਨ ਪ੍ਰਮਾਤਮਾ ਹੈ ਜੋ ਕਿ ਮੇਰਾ ਅਪਨਾ ਸਰੂਪ ਹੈ।

**4. ਸਤਿਸੰਗ** – ਕਹਿਤੇ ਹੈਂ ਬ੍ਰਹਮ ਗਿਆਨੀ ਮਹਾਂਪੁਰਸ਼ ਕੀ ਸਤਿਸੰਗਤ ਕੋ ਯਾ ਉਨ ਕੇ ਬਚਨ ਪੜ੍ਹਨੇ ਸੁਨਨੇ ਕੋ। ਸਤਿ ਆਤਮਾ ਮੇਂ ਬਿਰਤੀ ਲੀਨ ਕਰਨਾ ਹੈ।

ਅਬ ਆਤਮ ਵਿਚਾਰ ਸ਼ੁਰੂ ਹੋਤੀ ਹੈ ਕਿਉਂਕਿ ਮਨ ਕੀ ਸ਼ੁੱਧੀ ਔਰ ਇਕਾਗਰਤਾ ਪੂਰੀ-ਪੂਰੀ ਹੋ ਚੁੱਕੀ ਹੈ। ਤੀਨ ਸਰੀਰ ਅਸਥੂਲ, ਸੂਖਸ਼ਮ, ਕਾਰਨ ਔਰ ਪਾਂਚ ਕੋਸ਼ ਅੰਨਮਯ ਕੋਸ਼, ਪ੍ਰਾਣਮਯ ਕੋਜ, ਮਨੋਮਯ ਕੋਸ਼, ਵਿਗਿਆਨਮਯ ਕੋਸ਼ ਔਰ ਅਨੰਦਮਯ ਕੋਸ਼ ਸੇ ਪਰੇ ਆਤਮ ਵਸਤੂ ਹੈ ਜੋ ਕਿ ਸਭ ਕਾ ਅਪਨਾ ਆਪ ਔਰ ਸਤਿ-ਚਿਤ-ਅਨੰਦ-ਪਰੀਪੂਰਨ ਹੈ। ਜੈਸੇ ਪਾਂਚ ਪਰਦੋਂ ਮੇਂ ਛੁਪੀ ਹੂਈ ਚੀਜ਼ ਦੇਖਨੇ ਕੇ ਲੀਏ ਉਨ ਪਰਦੋਂ ਕੋ ਹਟਾਨਾ ਪੜਤਾ ਹੈ ਵੈਸੇ ਆਤਮ ਦੇਵ ਕੇ ਦਰਸ਼ਨੋਂ ਕੇ ਲੀਏ ਉਪਰ ਕੇ ਪਾਂਚ-ਕੋਸ਼ ਰੂਪੀ ਪਰਦੇ ਵਿਚਾਰ ਸੇ ਦੂਰ ਕਰ ਕੇ ਆਤਮ ਦਰਸ਼ਨ ਹੂਆ ਕਰਤੇ ਹੈਂ ਯਾ ਜੈਸੇ ਪਾਨੀ ਕੇ ਊਪਰ ਜਾਲਾ ਹੋਤਾ ਹੈ, ਉਸ ਜਾਲੇ ਕੋ ਹਟਾ ਕਰ ਪਾਨੀ ਕਾ ਦਰਸ਼ਨ ਕੀਆ ਜਾਤਾ ਹੈ। ਇਸੀ ਤਰਹਿ ਆਤਮਾ ਕੇ ਊਪਰ ਪਾਂਚ-ਕੋਸ਼ ਰੂਪੀ ਪਰਦੇ ਤਥਾ ਸਰੀਰ ਰੂਪੀ ਜਾਲਾ ਹੈ। ਇਸ ਕੋ ਆਤਮ ਵਿਚਾਰ ਕੇ ਬਲ ਸੇ ਦੂਰ ਕਰ ਕੇ ਅੰਦਰ ਆਤਮਾ ਕੇ ਦਰਸ਼ਨ ਹੋਤੇ ਹੈਂ। ਜੋ ਆਤਮ ਵਸਤੂ ਹਮੇਸ਼ਾ ਹੀ ਏਕ ਰਸ ਔਰ ਆਪਨੇ ਆਪ ਮੇਂ ਸਥਿਤ ਹੈ।

ਤੱਤਵੇਤੇ ਯਾ ਬ੍ਰਹਮ ਗਿਆਨੀ ਲੋਗ ਮਨ ਕੋ ਨੀਚੇ ਛੋੜ ਕਰ ਆਤਮਕ ਤਬਕੇ ਮੇਂ ਇਸਥਿਤੀ ਰਖਤੇ ਹੈਂ। ਜੈਸੇ ਏਕ ਕਾਗਜ਼ ਕੇ ਊਪਰ ਦੋ ਤਸਵੀਰੇਂ, ਏਕ ਖੜ੍ਹੇ ਘੋੜੇ ਕੀ ਔਰ ਦੂਸਰੀ ਦੌੜ੍ਹੇ ਜਾਤੇ ਕੀ। ਕਾਗਜ਼ ਕੋ ਇਸ ਸੇ ਕਿਆ। ਆਤਮਾ ਤੋ ਹਰ ਵਕਤ ਹੀ ਨਿਰਾਕਾਰ ਨਿਰਵਿਕਲਪ ਪਰਮਾਨੰਦ ਔਰ ਪਰੀਪੂਰਨ ਹੈ ਔਰ ਅਪਨੀ ਆਤਮਕ ਅਵਸਥਾ ਮੇਂ ਹਮੇਸ਼ਾ ਹੀ ਇਸਥਿਤ ਹੈ ਔਰ ਉਸ ਸੇ ਕਭੀ ਭੀ ਗਿਰਤਾ ਨਹੀਂ। ਜੈਸੇ ਪੱਥਰ ਅਪਨੀ ਕਠੋਰਤਾ ਮੇਂ ਹਮੇਸ਼ਾ ਹੀ ਇਸਥਿਤ ਹੈ। ਪਾਨੀ ਅਪਨੀ ਦ੍ਰਵਤਾ ਮੇਂ ਹਮੇਸ਼ਾ ਹੀ ਇਸਥਿਤ ਹੈ। ਅਕਾਸ਼ ਅਪਨੀ ਸ਼ੂਨਤਾ ਮੇਂ ਹਮੇਸ਼ਾ ਹੀ ਇਸਥਿਤ ਹੈ। ਇਸੀ ਤਰਹ ਆਤਮਾ ਅਪਨੀ ਆਤਮਤਾ ਮੇਂ ਹਮੇਸ਼ਾ ਵਾਸਤੇ ਹੀ ਇਸਥਿਤ ਹੈ ਔਰ ਕਭੀ ਭੀ ਅਪਨੇ ਨਿਰਵਿਕਲਪ ਸਰੂਪ ਸੇ ਨਹੀਂ ਗਿਰਤਾ, ਤਭੀ ਤੋ ਉਸ ਕੋ ਅਚੁੱਤ ਕਹਾ ਹੈ ਔਰ ਮਨ ਕਾ ਸਰੂਪ ਸੰਕਲਪ ਔਰ ਵਿਕਲਪ ਹੈ। ਆਤਮਾ ਹਮੇਸ਼ਾ ਹੀ ਸਮਾਧ ਰੂਪ ਹੈ। ਆਤਮ ਨੇਸ਼ਠੀ ਪੁਰਸ਼ ਹਮੇਸ਼ਾ ਹੀ ਅਪਨੇ ਆਪ ਕੋ ਨਿਰਵਿਕਲਪ ਜਾਨਤੇ ਹੈਂ ਔਰ ਇਸੀ ਨੇਸ਼ਟਾ ਮੇਂ ਇਸਥਿਤ ਰਹਤੇ ਹੈਂ। ਮਨ ਇਕਾਗਰ ਸੇ ਉਸ ਕਾ ਕੁਛ ਬੜ੍ਹਤਾ ਨਹੀਂ ਔਰ ਮਨ ਕੇ ਦੌੜਨੇ ਸੇ ਉਸ ਕਾ ਕੁਛ ਘਟਤਾ ਨਹੀਂ, ਵੋਹ ਤੋ ਨਿਰਵਿਕਲਪ ਸਮਾਧ ਖੁਦ ਹੈ।

ਆਤਮਦੇਵ ਜੋ ਕਿ ਪਰਮਾਤਮ ਦੇਵ ਸੇ ਅਲਹਿਦਾ ਹਰਗਿਜ਼-ਹਰਗਿਜ਼ ਨਹੀਂ, ਉਸ ਕੋ ਅੰਦਰ ਹੀ ਖੋਜਨਾ ਯਾ ਢੂੰਡਨਾ ਪੜਤਾ ਹੈ। ਆਤਮ ਢੂੰਡ ਯਾ ਆਤਮ ਖੋਜ ਮਨ ਕੀ ਸ਼ੁੱਧੀ ਔਰ ਇਕਾਗਰਤਾ ਕੇ ਬਗ਼ੈਰ ਹੋ ਨਹੀਂ ਸਕਤੀ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*

*ਅੰਗ – ੧੩੭੮*

*ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ ॥*
*ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥*

*ਅੰਗ – ੨੫੬*

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥*

*ਅੰਗ – ੬੮੪*

ਇਨ ਊਪਰ ਕੇ ਗੁਰੂ ਬਚਨੋਂ ਸੇ ਸਿੱਧ ਹੋਤਾ ਹੈ ਕਿ ਵਾਹਿਗੁਰੂ ਹਮੇਸ਼ਾ ਅੰਦਰ ਹੀ ਹੈ ਲੇਕਿਨ ਉਸ ਕੋ ਢੂੰਡਨੇ ਕੇ ਲੀਏ ਅੰਦਰ ਹੀ ਖੋਜਨਾ ਪੜੇਗਾ। ਖੋਜਨਾ ਆਤਮ ਵਿਚਾਰ ਸੇ ਹੋਤਾ ਹੈ ਕਿਉਂਕਿ ਉਸ ਸੂਖਸ਼ਮ ਕੋ ਦੇਖਨੇ ਕੇ ਲੀਏ ਸੂਖਸ਼ਮ ਔਰ ਵੀਚਾਰ ਰੂਪੀ ਆਂਖ ਹੀ ਹੈ।

ਵਾਹਿਗੁਰੂ ਔਰ ਸੰਤ ਏਕ ਰੂਪ ਹੈਂ।

*ਸੰਤਨ ਕੀ ਸੇਵਾ ਤੇ ਪ੍ਰਸੰਨ ਹੋਤ ਸ੍ਰੀ ਕੰਤ,*
*ਸ੍ਰੀ ਕੰਤ ਸੇਵਾ ਤੇ ਪ੍ਰਸੰਨ ਹੋਤ ਸੰਤ ਹੈਂ।*
*ਸੰਤਨ ਕੇ ਦੇਖਨੇ ਦਰਸ ਸ੍ਰੀ ਕੰਤ ਹੋਤ,*
*ਸ੍ਰੀ ਕੰਤ ਦੇਖਨੇ ਤੇ ਦੀਖ ਜਾਤ ਸੰਤ ਹੈਂ।*
*ਸ੍ਰੀ ਕੰਤ ਕੋਪੈ ਜਾ ਪੈ ਤਾਂ ਪੈ ਸ੍ਰੀ ਕੰਤ ਕੋਪੈ,*
*ਜਾ ਪੈ ਸ੍ਰੀ ਕੰਤ ਢਰੈ ਤਾ ਪੈ ਧਰੈ ਸੰਤ ਹੈਂ।*
*ਨੰਦ ਪਰਮਾਤਮ ਅਚੰਭ ਹ੍ਵੈ ਵਿਚਾਰ ਕਰੈ,*
*ਸੰਤ ਸ੍ਰੀ ਕੰਤ ਹੈਂ ਕਿ ਕੰਤ ਸ੍ਰੀ ਕੰਤ ਹੈਂ।*
*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥*

*ਅੰਗ– ੭੯੩*

*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥* *ਅੰਗ – ੨੭੨*

ਦੁਨੀਆਂ ਮੇਂ ਸਿਰਫ਼ ਦੋ ਚੀਜ਼ੇਂ ਪਾਈ ਜਾਤੀ

